SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ
ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਵਿਨੀਪੈਗ ਦੇ ਕਿਸੇ ਵੀ ਏਰੀਆ ਵਿੱਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਕਾਲ ਕਰੋ
AMRITPAL DHILLON
BROKER: MAXIMUM REALTY
MAXIMUM REALTY
Call: 204-979-7200
Office: 204-777-9999
Email: amritrealtorwinnipeg@gmail.com

Vol: 9 No: 202 Website : www.punjabiakhbaar.ca Emaiĺ: editor@punjabiakhbaar.ca Friday, 19 August 2022

# ਅਮਰੀਕਾ ਤੋਂ ਕੈਨੇਡਾ ਵਿਚ ਡਰੱਗਜ਼ ਅਤੇ ਹਥਿਆਰਾਂ ਦੀ ਤਸਕਰੀ ਦੇ ਵੱਡੇ ਗਿਰੋਹ ਦਾ ਪਰਦਾਫਾਸ਼

## 22 ਜਣੇ ਗ੍ਰਿਫ਼ਤਾਰ, ਲੱਖਾਂ ਡਾਲਰਾਂ ਦੀਆਂ ਨਸ਼ੀਲੀਆਂ ਦਵਾਈਆਂ ਅਤੇ 27 ਪਿਸਤੌਲਾਂ ਬਰਾਮਦ ਕੀਤੀਆਂ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਓਂਟਾਰੀਓ ਦੀ ਯਾਰਕ ਰੀਜਨਲ ਪੁਲਸ ਨੇ ਅਮਰੀਕਾ ਤੋਂ ਕੈਨੇਡਾ ਵਿੱਚ ਹਥਿਆਰਾਂ ਅਤੇ ਨਸ਼ੇ ਦੀ ਤਸਕਰੀ ਦੇ ਇੱਕ ਵੱਡੇ ਗਿਰੋਹ ਦਾ ਪਰਦਾਫਾਸ਼ ਕੀਤਾ ਹੈ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੁਲੀਸ ਨੇ ਦੱਸਿਆ ਕਿ ਲਗਪਗ ਦਸ ਮਹੀਨੇ ਤਕ ਚੱਲੇ ਸਾਂਝੇ ਆਪ੍ਰੇਸ਼ਨ ਜਿਸ ਨੂੰ ਪ੍ਰੋਜੈਕਟ ਮੋਨਾਰਕ ਨਾਮ ਦਿੱਤਾ ਗਿਆ ਸੀ। ਜਿਸ ਵਿੱਚ 22 ਜਣਿਆਂ ਨੂੰ ਚਾਰ ਸੌ ਦੋਸ਼ਾਂ ਅਧੀਨ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲੀਸ ਅਨੁਸਾਰ ਇਹ ਜਾਂਚ ਪਿਛਲੇ ਸਾਲ ਅਕਤੂਬਰ ਮਹੀਨੇ ਵਿੱਚ ਸ਼ੁਰੂ ਹੋਈ ਸੀ। ਜਿਸ ਤੋਂ ਬਾਅਦ ਬਰੈਂਪਟਨ ਅਤੇ ਲੰਡਨ ਵਿੱਚ ਕਈ ਸ਼ੱਕੀ ਵਿਅਕਤੀਆਂ ਦੀ ਪਹਿਚਾਣ ਕੀਤੀ ਗਈ। ਇਹ ਸਾਰੇ ਕੋਕੀਨ ਫੈਂਟਾਨਿਲ ਅਤੇ ਹਥਿਆਰਾਂ ਦੀ ਸਮੱਗਲਿੰਗ ਵਿਚ ਸ਼ਾਮਲ ਸਨ। ਜਾਂਚ ਉਪਰੰਤ ਅਠਾਈ ਜੁਲਾਈ ਨੂੰ ਪੁਲੀਸ ਨੇ ਬਰੈਂਪਟਨ ਟੋਰਾਂਟੋ ਅਤੇ ਲੰਡਨ ਵਿਚ 22 ਘਰਾਂ, ਦੋ ਵਪਾਰਕ ਅਦਾਰਿਆਂ ਅਤੇ 19 ਵਾਹਨਾਂ ਦੀ ਤਲਾਸ਼ੀ ਲਈ। ਇਸ ਅਪਰੇਸ਼ਨ ਵਿੱਚ ਪੁਲੀਸ ਨੇ 13 ਲੱਖ ਡਾਲਰ ਦੀਆਂ ਡਰੱਗਜ਼, 27 ਪਿਸਤੌਲਾਂ ਅਤੇ ਸੈਂਕੜੇ ਕਾਰਤੂਸ ਬਰਾਮਦ ਕੀਤੇ। ਇਸ ਤੋਂ ਇਲਾਵਾ ਪੁਲੀਸ ਨੇ 1,55000 ਡਾਲਰ ਤੋਂ ਜ਼ਿਆਦਾ ਕੈਨੇਡੀਅਨ ਕਰੰਸੀ ਅਤੇ 9000 ਡਾਲਰ ਦੀ ਅਮਰੀਕੀ ਕਰੰਸੀ ਵੀ ਬਰਾਮਦ ਕੀਤੀ ਹੈ ਜਦੋਂ ਕਿ 5 ਵਾਹਨ ਕਬਜ਼ੇ ਵਿੱਚ ਲੈ ਗਏ ਹਨ।

# ਬਰੈਂਪਟਨ ਵਿਖੇ ਫਤਿਹ ਮੀਡੀਆ ਦੇ ਰੇਡੀਓ ਹੋਸਟ ਜੋਤੀ ਮਾਨ ਉੱਪਰ ਤੇਜ਼ਧਾਰ ਹਥਿਆਰਾਂ ਨਾਲ ਹੋਏ ਹਮਲੇ ਸਬੰਧੀ ਪੁਲਿਸ ਹੱਥ ਹਾਲੇ ਤੱਕ ਕੁੱਝ ਵੀ ਨਹੀਂ ਲੱਗਾ



ਬਰੈਂਪਟਨ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਦਿਨੀਂ ਬਰੈਂਪਟਨ ਵਿੱਚ ਆਪਣੇ ਘਰ ਦੇ ਡਰਾਈਵ-ਵੇਅ ਵਿੱਚ ਤਿੰਨ ਅਣਪਛਾਤੇ ਵਿਅਕਤੀਆਂ ਵੱਲੋਂ ਦਿਨ ਦਿਹਾੜੇ ਕੁਹਾੜੀਆਂ ਤੇ ਤੇਜ਼ ਧਾਰ ਹਥਿਆਰਾਂ ਨਾਲ ਪੰਜਾਬੀ ਰੇਡੀਓ ਸ਼ੋਅ ਹੋਸਟ ਜੋਤੀ ਸਿੰਘ ਮਾਨ ਉੱਪਰ ਹਮਲਾ ਕਰਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਗਿਆ ਸੀ। ਜਿਸ ਦੀ ਸੀਸੀਟੀਵੀ ਫੁਟੇਜ ਸੋਸ਼ਲ ਮੀਡੀਆ ਉੱਪਰ ਕਾਫ਼ੀ ਵਾਇਰਲ ਹੋ ਰਹੀ ਹੈ। ਇਸ ਮਾਮਲੇ ਦੀ ਜਾਂਚ ਕਰ ਰਹੀ ਪੀਲ ਰੀਜਨਲ ਪੁਲੀਸ ਵੱਲੋਂ ਇਕ ਪ੍ਰੈਸ ਕਾਨਫਰੰਸ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਉਨ੍ਹਾਂ ਨੂੰ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਫਤਹਿ ਰੇਡੀਓ ਦੇ ਲੋਕਲ ਪੰਜਾਬੀ ਹੋਸਟ ਜੋਤੀ ਸਿੰਘ ਮਾਨ ਨੂੰ ਇਸ ਤਰ੍ਹਾਂ ਨਿਸ਼ਾਨਾ ਕਿਉਂ ਬਣਾਇਆ ਗਿਆ। ਪੀਲ ਰੀਜਨਲ ਪੁਲੀਸ ਦੀ ਬਾਈ ਡਿਵੀਜ਼ਨ ਦੇ ਸੁਪਰਡੈਂਟ ਸੀਨ ਗੋਰਮਲਏ ਨੇ ਦੱਸਿਆ ਕਿ 4 ਅਗਸਤ ਨੂੰ ਹੁਰੋਂਨਤਾਰੀਓ ਸਟਰੀਟ ਤੇ ਮੇਅਫੀਲਡ ਰੋਡ ਉੱਤੇ ਉਨ੍ਹਾਂ ਨੂੰ ਸੱਦਿਆ ਗਿਆ।ਪੁਲਿਸ ਨੇ ਦੱਸਿਆ ਕਿ ਉੱਥੇ ਉਨ੍ਹਾਂ ਨੂੰ ਜੋਤੀ ਸਿੰਘ ਮਾਨ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲਿਆ ਸੀ। ਸੀਸੀਟੀਵੀ ਕੈਮਰੇ ਵਿੱਚ ਰਿਕਾਰਡ ਹੋਈ ਵੀਡੀਓ ਵਿੱਚ ਨਜ਼ਰ ਆਉਂਦਾ ਹੈ ਕਿ ਜਦੋਂ ਮਾਨ ਨੇ ਚਿੱਟੇ ਰੰਗ ਦੀ ਜੀਪ ਵਿੱਚ ਚੜ੍ਹ ਕੇ ਦਰਵਾਜ਼ਾ ਬੰਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇੱਕ ਵਿਅਕਤੀ, ਜਿਸਨੇ ਕਾਲੇ ਰੰਗ ਦੇ ਕੱਪੜੇ ਪਾਏ ਹੋਏ ਸਨ, ਆਇਆ ਤੇ ਉਸ ਨੇ ਕੁਹਾੜੀ ਨਾਲ ਡਰਾਈਵਰ ਸੀਟ ਵਾਲੇ ਪਾਸੇ ਦੀ ਖਿੜਕੀ ਦਾ ਸ਼ੀਸ਼ਾ ਤੋੜ ਦਿੱਤਾ। ਮਾਨ ਨੇ ਉਸ ਵਿਅਕਤੀ ਨੂੰ ਹਟਾਉਣ ਲਈ ਦਰਵਾਜ਼ਾ ਖੋਲ੍ਹਿਆ ਤੇ ਮਸ਼ਕੂਕ ਨੂੰ ਠੁੱਡੇ ਮਾਰ ਕੇ ਪਰ੍ਹਾਂ ਕਰਨ ਦੀ ਕੋਸ਼ਿਸ਼ ਕੀਤੀ। ਪਰ ਐਨੇ ਨੂੰ ਕਾਲੇ ਕੱਪੜਿਆਂ ਵਾਲੇ ਦੋ ਹੋਰ ਹਮਲਾਵਰ ਉੱਥੇ ਆ ਗਏ, ਇਨ੍ਹਾਂ ਸਭਨਾਂ ਦੇ ਚਿਹਰੇ ਢਕੇ ਹੋਏ ਸਨ ਤੇ ਉਨ੍ਹਾਂ ਨੇ ਵੀ ਮਾਨ ਉੱਤੇ ਧਾਵਾ ਬੋਲ ਦਿੱਤਾ। ਉਨ੍ਹਾਂ ਉਸ ਨੂੰ ਲੱਤਾਂ ਤੋਂ ਫੜ੍ਹ ਕੇ ਬਾਹਰ ਘੜੀਸ ਲਿਆ ਤੇ ਉਸ ਉੱਤੇ ਕੁਹਾੜੀਆਂ ਤੇ ਤੇਜ਼ ਧਾਰ ਹਥਿਆਰਾਂ ਨਾਲ ਵਾਰ ਕਰਨ ਲੱਗੇ।ਇਹ ਹਮਲਾ ਉਸ ਸਮੇਂ ਰੁਕਿਆ ਜਦੋਂ ਇੱਕ ਗੁਆਂਢਣ ਭੱਜਦੀ ਹੋਈ ਬਾਹਰ ਆਈ ਤੇ ਉਸ ਨੇ ਰੌਲਾ ਪਾਇਆ ਤਾਂ ਹਮਲਾਵਰ ਦੌੜ ਗਏ।

# ਜਗਮੀਤ ਸਿੰਘ ਵੱਲੋਂ ਤੇਵਰ ਵਿਖਾਏ ਜਾਣ ਉਪਰੰਤ ਕ੍ਰਿਸਟੀਆ ਫਰੀਲੈਂਡ ਦਾ ਬਿਆਨ - ਡੈਂਟਲ ਕੇਅਰ ਨੂੰ ਲਾਗੂ ਕਰਨ ਲਈ ਸਰਕਾਰ ਪੂਰੀ ਤਰਾਂ ਦ੍ਰਿੜ

ਵਿਨੀਪੈਗ(ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਐਨਡੀਪੀ ਵੱਲੋਂ ਮਾਰਚ ਮਹੀਨੇ ਦੌਰਾਨ ਸਮਰਥਨ ਦੇਣ ਦਾ ਐਲਾਨ ਕੀਤਾ ਗਿਆ ਸੀ ਅਤੇ ਇਹ ਸਮਰਥਨ ਕਾਨਫੀਡੈਂਸ ਐਂਡ ਸਪਲਾਈ ਐਗਰੀਮੈਂਟ ਤਹਿਤ ਦਿੱਤਾ ਗਿਆ ਸੀ। ਜਿਸ ਦੀ ਵਿਚ ਐਨਡੀਪੀ ਵੱਲੋਂ ਕੁੱਝ ਸ਼ਰਤਾਂ ਸਰਕਾਰ ਦੇ ਸਾਹਮਣੇ ਰੱਖੀਆਂ ਗਈਆਂ ਸਨ। ਜਿਨ੍ਹਾਂ ਵਿਚ ਡੈਂਟਲ ਕੇਅਰ ਅਤੇ ਫਾਰਮਾਕੇਅਰ ਮੁੱਖ ਤੌਰ ਤੇ ਸ਼ਾਮਲ ਸਨ। ਬੀਤੇ ਦਿਨ ਜਗਮੀਤ ਸਿੰਘ ਨੇ ਇੱਕ ਇੰਟਰਵਿਊ ਦੌਰਾਨ ਆਖਿਆ ਕਿ ਮੈਂ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ



ਕਿ ਸਮਝੌਤਾ ਸਿਰਫ ਇਨ੍ਹਾਂ ਮੁੱਦਿਆਂ ਦੇ ਉੱਪਰ ਹੀ ਟਿਕਿਆ ਹੋਇਆ ਹੈ ਤੇ ਇਹ ਹੋਣਾ ਹੀ ਚਾਹੀਦਾ ਹੈ ਅਤੇ ਲਿਬਰਲਾਂ ਕੋਲ ਇਸ ਦਾ ਕੋਈ ਵੀ ਹੋਰ ਵਿਕਲਪ ਮੌਜੂਦ ਨਹੀਂ ਹੈ। ਇਸ ਸਬੰਧੀ ਜਦੋਂ ਉਪ ਪ੍ਰਧਾਨਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਆਖਿਆ ਕਿ ਸਰਕਾਰ ਵੱਲੋਂ ਡੈਂਟਲ ਕੇਅਰ ਲਈ ਬਜਟ ਵਿੱਚ ਵੱਖਰੇ ਤੌਰ ਤੇ ਪੈਸਾ ਰੱਖਿਆ ਗਿਆ ਹੈ ਤੇ ਸਰਕਾਰ ਨੱਬੇ ਹਜ਼ਾਰ ਡਾਲਰ ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਦੇ ਬਾਰਾਂ ਸਾਲ ਤੱਕ ਦੇ ਬੱਚਿਆਂ ਨੂੰ ਇਸ ਸਾਲ ਡੈਂਟਲ ਕੇਅਰ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਹੈ।

SIDHU PAINTING & DECORATING LTD.
ਸਿੱਧੂ ਪੇਂਟਿੰਗ ਕੰਪਨੀ ਨੂੰ ਵਿਨੀਪੈਗ ਵਿਖੇ ਵਰਕਰਾਂ ਦੀ ਲੋੜ ਹੈ।
ਵਧੀਆ ਤਨਖਾਹ ਅਤੇ ਹੋਰ ਸਹੂਲਤਾ ਦਿੱਤੀਆਂ ਜਾਣਗੀਆਂ।
ਸੰਪਰਕ : 403 520 0000

Barinder Ubhi
Realtor
C (204)807-5013
E babbu_ubhi@yahoo.com
MAXPRO REAL ESTATE
1739 Pembina Hwy, Winnipeg, MB, R3T 2G6
P:(204) 218-2222
F:(204) 261-1488
www.maxprorealestate.ca

ਵਿਨੀਪੈਗ ਅਤੇ ਆਸ ਪਾਸ ਦੇ ਏਰੀਆ ਵਿੱਚ ਡਰਾਈਵਿੰਗ ਸਿਖਾਉਂਦੇ ਹਾਂ
PRIME DRIVING SCHOOL
ਕਲਾਸ 5 ਲਾਇਸੈਂਸ ਲੈਣ ਲਈ ਪਰਮਿੰਦਰ ਸਿੰਘ ਨੂੰ ਸੰਪਰਕ ਕਰੋ
Class 5 Training • Knowledge Test Preparation
PARMINDER SINGH
Class 5 Driving Instructor
ਪੰਜਾਬੀ ਵਿੱਚ ਟਰੇਨਿੰਗ ਤੁਹਾਨੂੰ ਜਲਦੀ ਡਰਾਈਵਰ ਬਣਾ ਦਿੰਦੀ ਹੈ
(204)930-3030
primedrivingschool@hotmail.com
Training available in Winnipeg & Surrounding areas

PARDEEP REHSI
REALTOR
ਘਰ ਵੇਚਣ ਅਤੇ ਖਰੀਦਣ ਵਾਲਿਆਂ ਲਈ ਸਪੈਸ਼ਲ ਪੈਕੇਜ ਮੁਫਤ !
ਆਪਣੇ ਘਰ ਦੀ ਕੀਮਤ ਬਾਰੇ ਜਾਣਕਾਰੀ ਲਈ ਕਾਲ ਕਰੋ
ROYAL CAVES
Thinking of Buying, Selling or Investing? Call Today?
431 777 8590
E-mail: prehsi@yahoo.com
11, St. Anne's Road
Winnipeg MB R2M 2Y1

ਪੰਜਾਬੀ ਅਖ਼ਬਾਰ Punjabi Akhbaar
PunjabiAkhbaar.ca
ਆਪਣੇ ਫੋਨ ਵਿੱਚ ਪੰਜਾਬੀ ਅਖਬਾਰ ਦੀ ਐਪ ਆਹ ਲਿੰਕ ਕਲਿੱਕ ਕਰਕੇ ਫਰੀ ਡਾਊਨਲੋਡ ਕਰੋ
Android app
https://play.google.com/store/apps/details?id=com.mehramedia.punjabiakhbaar
ਐਪਲ ਦੇ ਫੋਨ ਲਈ ਇਹ ਲਿੰਕ ਕਲਿੱਕ ਕਰਿਓ
iPhone App
https://apps.apple.com/in/app/punjabi-akhbaar/id1559030797

iccrc crcic
Raman D. Sood
Regulated Immigration Consultant (RCIC)
Commissioner of Oaths, Manitoba
Rainbow Immigration Ltd.
Fulfilling Dreams!
Ph: 204-202-7900
1403 Jefferson Ave., Winnipeg. MB, Canada R2P 0R6
Web: www.rainbowimmigration.ca
Email: rainbowimmigrationwinnipeg@gmail.com

IATA
ONKAR TRAVELS
Call:- 204-202-7900 for BEST WHOLESALE AIRFARES
Sood Brothers Travels & Tours
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ
1403 Jefferson Ave. Winnipeg, MB Canada
Ph: 204-202-7900, www.onkartravels.com
email: ywg@onkartravels.com

Need a Mortgage?......
MORTGAGE ARCHITECTS
Thinking of buying a Real Estate? Call today to discuss your mortgage options. We guarantee the lowest rates.
ਘਰ ਲੈਣ ਬਾਰੇ ਸੋਚਦੇ ਹੋ? ਘੱਟ ਰੇਟ ਤੇ ਮੋਰਗੇਜ ਲੈਣ ਲਈ ਅੱਜ ਹੀ ਕਮਲਜੀਤ ਸੰਧੂ ਨੂੰ ਫੋਨ ਕਰੋ।
SUPER VISA INSURANCE
SAHARA INSURANCE GROUP
Giving you the protection you need.
We offer best solution for you.
Super Visa Insurance
Mortgage Insurance
Critical Illness Insurance
Life Insurance
Disability Insurance
Visitor Insurance
Dental & Health Insurance
KAMALJEET SANDHU
Mortgage and Insurance Expert
Cell: 1(204) 751-0124
360 Keewatin St., Unit # 5, Winnipeg, MB

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

Gagan Bagri
Mortgage Advisor & Truck Loan Expert
EWL EAST TO WEST LEASING
TRUCK/TRAILER & EQUIPMENT FINANCING
C 204-688-6486
100 MANDALAY DRIVE, WINNIPEG, MB
All Kind of Mortgages Saving You Both Time & Money
Lowest Rates Guaranteed
THE MORTGAGE WORLD

SUPER VISA INSURANCE
BEST RATE
SAHARA INSURANCE GROUP
DEEP GREWAL
Cell: 204-996-2571
deepgrewal12@gmail.com
Unit F10, 1833 Inkster Blvd. Winnipeg, MB. R2X 1R3

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
we are
Cell:204.880.6600
Office:204.987.9800
RE/MAX executives realty
Each office independently owned & operated
butadhillon@remax.net www.remax.ca

RAJ SANDHU
REALTOR®
Excellent Service...
Guaranteed Results!
ROYAL LEPAGE
Call: 204.227.5758
Email: rajsandhu1@royallepage.ca
Thank you for your trust and support !

Ready to make a move?
TD Ready for you
Rajandeep Mudhar, MBA
Manager, Mobile Mortgage Specialist
C: 204-963-9481
rajandeep.mudhar@td.com

Way to Success
PERFECT ONE DRIVING SCHOOL LTD.
Class 1 & 3 Driving Training Center
PVI and MELT Approved School
NARINDER SAINI
ROBIN SANDHU
204 930 5822
204 899 5823
2040, Logan Avenue
Manitoba, R2H 0H9
Email: info@perfectonedrivingschool.com
www.perfectonedrivingschool.com
Like us on

BEST DEAL DRIVING SCHOOL
204-583-4500
Jaspreet Kaur Thind
Class 5 Instructor
Class 5 • Brush up Courses • Pickup and Drop
Special Discount for New Comers and Students

CUSHMAN & WAKEFIELD Winnipeg | Stevenson
WE ARE YOUR FULL SERVICE COMMERCIAL REAL ESTATE PARTNER
KHUSH GREWAL
Senior Associate
T 204 934 6210
khush.grewal@cwstevenson.ca
17 NIHAL BAY
(+/-) 1,100 - 4,400 SF Units For Lease

Dawat
Take Out Catering
ਖਾਣਾ ਤਿਆਰ ਹੈ ਬੱਸ ਆਕੇ ਲੈ ਜਾਓ
ਸੁਆਦਲੇ ਖਾਣਿਆਂ ਦਾ ਆਨੰਦ ਲੈਣ ਲਈ ਫੋਨ ਮਿਲਾਓ।
14 Keewatin ST
Winnipeg (MB)
204 582 6666
204 880 8770

# ਕਾਪਰਸਟੋਨ ਵਿੱਚ ਆਪਣਾ ਸਹੀ ਘਰ ਲੱਭੋ










COPPERSTONE AT COPPERFIELD

**ਸਾਊਥ ਈਸਟ ਕੈਲਗਰੀ**

ਕਾਪਰਸਟੋਨ ਵਿਖੇ ਆਪਣੇ ਸੁਪਨਿਆਂ ਦਾ ਘਰ ਲੱਭੋ! ਦੱਖਣੀ ਪੂਰਬੀ ਕੈਲਗਰੀ ਦੇ ਕਾਪਰਫੀਲਡ ਇਲਾਕੇ ਵਿੱਚ ਇੱਕ ਮਾਸਟਰ-ਯੋਜਨਾਬੱਧ ਭਾਈਚਾਰਾ। **6 ਲੱਖ ਡਾਲਰ** ਤੋਂ ਸ਼ੁਰੂ ਹੋਣ ਵਾਲੇ ਸਿੰਗਲ-ਪਰਿਵਾਰ ਵਾਲੇ ਘਰਾਂ ਦੀ ਵਿਸ਼ੇਸ਼ਤਾ। ਕਾਨੂੰਨੀ ਬੇਸਮੈਂਟ ਸੂਟ ਵਿਕਲਪ ਉਪਲਬਧ ਹਨ ਅਤੇ ਘੱਟ ਤੋਂ ਘੱਟ **4 ਲੱਖ ਡਾਲਰ** ਤੋਂ ਸੁਰੂ ਹੋਣ ਵਾਲੇ ਪੁਰਸਕਾਰ ਜੇਤੂ ਟਾਓਨੂ ਹੋਮਜ਼

**COPPERSTONELIVING.COM**
**587.352.4266**

SHOWHOMES & SALES CENTRE
1233 Copperfield Blvd SE,
Calgary, AB T2Z 5G1

# ਹੁਣ ਸਾਊਥ ਪੋਆਇੰਟ ਉੱਪਰ ਗਰਮੀਆਂ ਦੀ ਬੱਚਤ ਵਾਲਾ ਇਵੈਂਟ ਚੱਲ ਰਿਹਾ ਹੈ

SOUTHPOINT
A MASTER PLANNED COMMUNITY

**ਸਾਊਥਵੈਸਟ ਏਅਰਡਰੀ**

ਸਾਊਥ ਪੁਆਇੰਟ 'ਤੇ ਸਮਰ ਸੇਵਿੰਗਜ਼ ਇਵੈਂਟ ਹੁਣ ਚਾਲੂ ਹੈ! ਜਦੋਂ ਤੁਸੀਂ ਸਿੰਗਲ-ਫੈਮਿਲੀ ਲੇਨ ਹੋਮ ਖਰੀਦਦੇ ਹੋ ਤਾਂ ਸੀਮਤ ਸਮੇਂ ਲਈ $25 ਹਜਾਰ ਤੱਕ ਦਾ ਹੋਮ ਅੱਪਗ੍ਰੇਡ ਪੈਕੇਜ ਪ੍ਰਾਪਤ ਕਰੋਜਾਂ ਦੱਖਣ-ਪੱਛਮੀ ਏਅਰਡ੍ਰੀ ਵਿੱਚ ਸਾਊਥ ਪੁਆਇੰਟ ਦੇ ਸਾਡੇ 70 ਏਕੜ ਦੇ ਮਾਸਟਰ-ਯੋਜਨਾਬੱਧ ਭਾਈਚਾਰੇ ਵਿੱਚ ਲਾਈਨ ਵੱਧ ਘਰ, ਜਿਸ ਵਿੱਚ ਬਾਸਕਟਬਾਲ ਅਤੇ ਟੈਨਿਸ ਕੋਰਟ, ਬੱਚਿਆਂ ਲਈ ਖੇਡ ਦਾ ਮੈਦਾਨ, ਅਤੇ ਇੱਕ ਐਲੀਮੈਂਟਰੀ ਸਕੂਲ ਕੁੱਝ ਕਦਮ ਦੂਰ ਹੈ!

**ਸਾਡੇ ਸ਼ੋਅ ਹੋਮ 'ਤੇ ਜਾਓ ਅਤੇ ਹੋਰ ਵੇਰਵੇ ਲੱਭੋ।**

**VESTASOUTHPOINT.COM 403.980.1979**

SHOWHOMES & SALES CENTRE
600 South Point Heath SW,
Airdrie AB









Proudly built by VESTA PROPERTIES

# ਅੰਬਰ ਦਾ ਮੈਂ ਬੂਹਾ ਖੋਲ੍ਹ ਕੇ ਵੇਖਾਂਗਾ , ਰੱਬ ਦੇ ਨਾਲ ਪੰਜਾਬੀ ਬੋਲ ਕੇ ਵੇਖਾਂਗਾ

## ਬਾਬਾ ਨਜਮੀ ਦੀ ਬੁਲੰਦ ਸ਼ਾਇਰੀ ਨੇ ਐਡਮਿੰਟਨ ਦੇ ਪੰਜਾਬੀ ਕੀਲੇ

ਐਡਮਿੰਟਨ (ਪੰਜਾਬੀ ਅਖ਼ਬਾਰ) ਪੰਜਾਬੀ ਕਲਚਰਲ ਐਸੋਸੀਏਸ਼ਨ ਆਫ ਅਲਬਰਟਾ ਦੇ ਸੱਦੇ ਤੇ ਰਿਚਵੁਡ ਕਮਿਊਨਿਟੀ ਹਾਲ ਐਡਮਿੰਟਨ ਵਿਖੇ ਲਹਿੰਦੇ ਪੰਜਾਬ ਦੇ ਤਰੱਕੀ ਪਸੰਦ ਪ੍ਰਸਿੱਧ ਸ਼ਾਇਰ, ਪੰਜਾਬੀ ਦੇ ਬੋਲੀ ਦੇ ਝੰਡਾ ਬਰਦਾਰ ਬਾਬਾ ਨਜਮੀ ਲਗਭਗ 250 ਸਰੋਤਿਆਂ-ਪਾਠਕਾਂ ਦੇ ਰੁਬਰੂ ਹੋਏ। ਬਾਬਾ ਨਜਮੀ ਅਤੇ ਡਾ. ਅਨੂਪ ਸਿੰਘ ਪ੍ਰਸਿੱਧ ਆਲੋਚਕ ਚਿੰਤਕ ਨੇ ਇਸ ਪ੍ਰੋਗਰਾਮ ਦੀ ਪ੍ਰਧਾਨਗੀ ਕੀਤੀ। ਸਟੇਜ ਦਾ ਸੰਚਾਲਨ ਗੁਰਸੇਵਕ ਸਿੰਘ ਨੇ ਬਾਖੂਬੀ ਕੀਤਾ।

ਸਮਾਗਮ ਦੀ ਸ਼ੁਰੂਆਤ ਸੇਵਕ ਸਿੰਘ ਨੇ ਆਪਣੀ ਕਵਿਤਾ ਨਾਲ ਕੀਤੀ। ਗੁਰਤੇਜ ਬਰਾੜ ਨੇ ਵੱਖਰੇ ਅੰਦਾਜ਼ ਵਿਚ ਸ਼ਾਇਰੀ ਸੁਣਾਈ ਅਤੇ ਵਰਿੰਦਰ ਕੌਰ ਨੇ 'ਕਠਪੁਤਲੀ' ਨਜ਼ਮ ਸੁਣਾ ਕੇ ਵਾਹ ਵਾਹ ਖੱਟੀ। ਸਤੀਸ਼ ਗੁਲਾਟੀ ਨੇ ਬਾਬਾ ਨਜ਼ਮੀ ਬਾਰੇ ਫਿਰਾਕਗੋਰਖਪੁਰੀ ਦੇ ਸ਼ਿਅਰ- 'ਆਨੇ ਵਾਲੀ ਨਸਲੇਂਤੁਮ ਪਰ ਰਕਸ ਕਰੇਂਗੀ ਐ ਹਮਸਫਰੋ। ਜਬ ਉਨ ਕੋ ਯਹ ਧਿਆਨ ਆਏਗਾ ਹਮ ਨੇ ਫਿਰਾਕ ਕੋ ਦੇਖਾ ਹੈ।' ਨਾਲ ਕਿਹਾ ਕਿ ਸਾਡੀ ਪੀੜ੍ਹੀ ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਗੁਰਸ਼ਰਨ ਭਾਅ ਜੀ, ਡਾ ਜਗਤਾਰ, ਸੰਤ ਰਾਮ ਉਦਾਸੀ, ਅਜਮੇਰ ਔਲਖ . ਸੁਰਜੀਤ ਪਾਤਰ ਅਤੇ ਬਾਬਾ ਨਜਮੀ ਨੂੰ ਦੇਖਿਆ ਹੀ ਨਹੀਂ ਸੁਣਿਆ ਵੀ ਹੈ। ਬਾਬਾ ਨਜਮੀ ਲਹਿੰਦੇ ਪੰਜਾਬ ਵਿਚ ਪੰਜਾਬੀ ਦਾ ਝੰਡਾ ਬਰਦਾਰ ਹੀ ਨਹੀਂ ਸਗੋਂ ਚੜ੍ਹਦੇ ਪੰਜਾਬ ਦੇ ਬਹੁਤ ਸਾਰੇ ਸਕੂਲਾਂ ਵਿੱਚ ਬਾਬਾ ਨਜਮੀ ਦੇ ਸ਼ਿਅਰ ਅਧਿਆਪਕਾਂ ਅਤੇ ਵਿਦਿਆਰਥੀਆਂ



ਲਈ ਮਾਰਗ ਦਰਸ਼ਨ ਦਾ ਕੰਮ ਕਰ ਰਹੇ ਹਨ। ਕਿਸਾਨ ਅੰਦੋਲਨ ਵਿਚ ਬਹੁਤ ਸਾਰੇ ਚਿੰਤਕਾਂ ਨੇ ਅਤੇ ਗਾਇਕਾਂ ਨੇ ਬਾਬਾ ਜੀ ਦੇ ਸ਼ਿਅਰਾਂ ਨਾਲ ਪੰਡਾਲ ਅਤੇ ਬਹੁਤ ਸਾਰੇ ਟੈਂਟ, ਟਰਾਲੀਆਂ ਦੇ ਬਾਹਰ ਬਾਬਾ ਨਜਮੀ ਦੇ ਸ਼ਿਅਰਾਂ ਦੇ ਪੋਸਟਰਾਂ ਨਾਲ ਹਰ ਸ਼ਿਅਰ ਨੇ ਸੁਚੇਤ ਮਨਾਂ ਲਈ ਖਾਦ ਦਾ ਕੰਮ ਕੀਤਾ।

ਬਾਬਾ ਨਜਮੀ ਨੇ ਆਪਣੀ ਬੁਲੰਦ ਅਤੇ ਨਿਵੇਕਲੀ ਅੰਦਾਜ਼ ਵਿਚ ਸ਼ਾਇਰੀ ਦਾ ਆਗਾਜ਼ ਇਨ੍ਹਾਂ ਸ਼ਿਅਰਾਂ ਨਾਲ ਕੀਤਾ-

ਅੰਬਰ ਦਾ ਮੈਂ ਬੂਹਾ ਖੋਲ੍ਹ ਕੇ ਵੇਖਾਂਗਾ।
ਰੱਬ ਦੇ ਨਾਲ ਪੰਜਾਬੀ ਬੋਲ ਕੇ ਵੇਖਾਂਗਾ।
ਬੇਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰ ਨ ਮੁਕੱਦਰਾਂ ਦਾ
ਉੱਗਣ ਵਾਲੇ ਉੱਗ ਪੈਂਦੇ ਨੇ ਸੀਨਾ ਪਾੜ ਕੇ ਪੱਥਰਾਂ ਦਾ।
ਆਪਣੇ ਮੂੰਹ ਨੂੰ ਡੱਕਾ ਲਾ ਉਏ ਸ਼ੀਦੇ ਸ਼ਾਹ।
ਇੰਝ ਨਾ ਆਪਣਾ ਕੱਦ ਵਧਾ ਉਏ ਸ਼ੀਦੇ ਸ਼ਾਹ।

ਉਨ੍ਹਾਂ ਆਪਣੀ ਨਜ਼ਮ ਹੂਰ, ਗੋਲੀ, ਜਨਰਲ, ਮਜ਼ਦੂਰ ਤੋਂ ਇਲਾਵਾ ਸਰੋਤਿਆਂ ਦੀ ਮੰਗ 'ਤੇ ਅਨੇਕਾਂ ਸ਼ਿਅਰ ਸੁਣਾ ਕੇ ਸਭਨਾਂ ਨੂੰ ਗਦ ਗਦ ਕੀਤਾ। ਜਸਵੀਰ ਸਿੰਘ ਦਿਓਲਐਮ.ਐਲ.ਏ. ਨੇ ਸਨਮਾਨ ਨਿਸ਼ਾਨੀ ਦੇ ਕੇ ਅਤੇ ਐਡਮਿੰਟਨ ਆਉਣ 'ਤੇ ਬਾਬਾ ਨਜਮੀ ਦਾ ਧੰਨਵਾਦ ਕੀਤਾ। ਇਹ ਸ਼ਾਮ ਲੰਬੇ ਅਰਸੇ ਤੱਕ ਲੋਕ ਮਨਾਂ 'ਤੇ ਆਪਣੀ ਛਾਪ ਛੱਡ ਗਈ।

# ਪੰਜਾਬ ਤੋਂ ਆਏ ਆਪ ਐਮ ਐਲ ਏ ਦੇਵ ਮਾਨ ਨੇ ਕੈਲਗਰੀ ਵਾਸੀਆਂ ਨਾਲ ਵੀਚਾਰਾਂ ਦੀ ਸਾਂਝ ਪਾਈ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਸਾਲ 2022 ਦੌਰਾਨ ਹੋਈਆਂ ਚੋਣਾਂ ਦੌਰਾਨ ਹਲਕਾ ਨਾਭਾ ਤੋਂ ਕਾਂਗਰਸੀ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਹਰਾਕੇ ਐਮ ਐਲ ਏ ਬਣੇ ਦੇਵ ਮਾਨ ਨੇ ਪਿਛਲੇ ਦਿਨੀ ਆਪਣੀ ਕਨੇਡਾ ਫੇਰੀ ਦੌਰਾਨ ਐਡਮੰਟਨ ਅਤੇ ਕੈਲਗਰੀ ਵਾਸੀਆਂ ਨਾਲ ਬਹੁਤ ਸਾਰੇ ਪ੍ਰੋਗਰਾਮਾਂ ਦੌਰਾਨ ਆਪਣੇ ਵੀਚਾਰਾਂ ਦੀ ਸਾਂਝ ਪਾਈ। ਕੈਲਗਰੀ ਵਿਖੇ ਬੀਕਾਨੇਰ ਸਵੀਟਸ ਉੱਪਰ ਸਿੱਧੂ ਪੇਂਟਿੰਗ ਵਾਲੇ ਦਰਸਨ ਸਿੱਧੂ ਵੱਲੋਂ ਰੱਖੇ ਗਏ ਪ੍ਰੋਗਰਾਮ ਦੌਰਾਨ ਕੈਲਗਰੀ ਵਾਸੀਆਂ ਦੇ ਭਰਵੇਂ ਇਕੱਠ ਦੌਰਾਨ ਸਿੱਧੂ ਪਰਿਵਾਰ ਵੱਲੋਂ ਲੋਈ ਦੇਕੇ ਦੇਵ ਮਾਨ ਦਾ ਸਨਮਾਨ ਕੀਤਾ ਗਿਆ । ਇਸ ਮੌਕੇ ਬੋਲਦਿਆਂ ਦੇਵ ਮਾਨ ਨੇ ਆਪਣੇ ਚੈਲਿੰਜ ਰੂਪੀ ਭਾਸਣ ਦੌਰਾਨ ਕਿਹਾ ਕਿ ਹੁਣ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ,ਜਿੱਥੇ ਰਿਸ਼ਵਤਖੋਰੀ ਲਈ ਕੋਈ ਥਾਂ ਨਹੀਂ। ਵਿਕਾਸ ਦੇ ਕੰਮਾਂ ਲਈ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਬਹੁਤ ਵੱਡੇ ਪੱਧਰ ਉੱਪਰ ਪਰੋਗਰਾਮ ਉਲੀਕੇ ਜਾ ਰਹੇ ਹਨ। ਦੇਵ ਮਾਨ ਵੱਲੋਂ ਸਰਕਾਰੀ ਗੱਡੀ, ਸਰਕਾਰੀ ਖਜਾਨੇ ਵਿੱਚੋਂ ਤਨਖਾਹ ਨਾ ਲੈਣ ਸਬੰਧੀ ਉਹਨਾਂ ਦੇ ਫੈਸਲੇ ਬਾਰੇ ਉਹਨਾਂ ਦੱਸਿਆ ਕਿ ਭਾਵੇਂ ਇਸ ਤਰਾਂ ਖਰਚੇ ਪਾਣੀ ਦਾ ਔਖਾ ਹੈ ਪਰ ਉਹਨਾਂ ਦੇ ਹਲਕੇ ਦੇ ਲੋਕ ਹੀ ਉਹਨਾਂ ਦੇ ਦਫਤਰ ਦਾ ਸਾਰਾ ਖਰਚਾ ਪਾਣੀ ਆਪਣੇ ਆਪ ਹੀ ਸੰਗਤ ਰੂਪੀ ਢੰਗ ਨਾਲ ਚਲਾ ਰਹੇ ਹਨ। ਇਸ ਮੌਕੇ ਗੁਰਲਾਲ ਮਾਣੂਕੇ, ਮੀਡੀਆ ਹਸਤੀ ਰਿਸ਼ੀ ਨਾਗਰ,ਦਲਬੀਰ ਜੱਲੋਵਾਲੀਆ,ਦੀਪ ਸਿਖਾ ਬਰਾੜ, ਸੁਰਿੰਦਰ ਗੀਤ,ਐਮ ਪੀ ਜਸਰਾਜ ਹੱਲਣ,ਕੌਂਸਲਰ ਰਾਜ ਧਾਲੀਵਾਲ,ਜਤਿੰਦਰ ਸਹੋੜੀ,ਹੈਪੀ ਮਾਨ, ਸੁੰਦਰ ਬਿਲਡਿੰਗ ਸਪਲਾਈ ਵਾਲੇ ਨਿਰਵੈਰ ਸਿੰਘ ਅਤੇ ਭਜਨ ਸਿੰਘ ਤੋਂ ਇਲਾਵਾ ਕੈਲਗਰੀ ਦੀਆਂ ਨਾਮਵਰ ਸਖ਼ਸੀਅਤਾਂ ਹਾਜਿਰ ਸਨ। ਮੈਂਬਰ ਪਾਰਲੀਮੈਂਟ ਜਸਰਾਜ ਹੱਲਣ ਵੱਲੋਂ ਉਹਨਾਂ ਨੂੰ ਵਿਸੇਸ ਮਾਣ ਪੱਤਰ ਦਿੱਤਾ ਗਿਆ। ਪਰੋਗਰਾਮ ਦੇ ਆਖੀਰ ਵਿੱਚ ਦਰਸਨ ਸਿੱਧੂ ਨੇ ਮੰਚ ਉਪਰੋਂ ਸਾਰਿਆਂ ਦਾ ਧੰਨਵਾਦ ਕੀਤਾ

SUPERVISA
Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
Pii Punjab Insurance Inc
Harpinder Sidhu
REGIONAL MANAGER
403 404 3500
sidhu.harpinder@gmail.com
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
SERVICES
- Life Insurance
- Mortgage Insurance
- Critical Illness Insurance
- Disability Insurance
Gurinder Chahal
MANAGER
587 707 7000
cgyquotes@gmail.com

AP LUS
- ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
- ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
- ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
- ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।
A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜੇ ਵਿਚ)
Calgary (AB) T3J 5H2
Kewal Sangha
587 582 6666
- ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
- ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
- ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
- ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸਬੰਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।
A Plus
Immigration & NRI Solutions
nriservicecalgary@gmail.com

A-Class Auto Body Ltd. Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobady.ca

COLD IRON TRUCK CENTER
SALE LEASING WARRANTY
WE BUY, WE SELL TRUCKS & TRAILERS
212 - 6958 76 Ave NW, Edmonton
+1-416-560-2250, +1-780-904-0005
www.coldirontrucks.com

# ਪੰਜਾਬੀਆਂ ਦੇਖਿਆ ਮੇਲਾ, ਲੱਗਿਆ ਨਹੀਂ ਇੱਕ ਧੇਲਾ

## ਗਾਉਣ ਵਾਲਿਆਂ ਦਾ ਮੇਲੇ ਦੌਰਾਨ ਐਡਮਿੰਟਨ ਵਾਸੀਆਂ ਨੇ ਖੂਬ ਆਨੰਦ ਮਾਣਿਆ

ਐਡਮਿੰਟਨ (ਰਾਜ ਸ਼ਰਮਾ) ਤੇਰਾਂ ਅਗਸਤ ਦੋ ਹਜਾਰ ਬਾਈ ਨੂੰ ਹਰ ਸਾਲ ਦੀ ਤਰ੍ਹਾਂ ਕੈਨੇਡੀਅਨ ਮੇਜ਼ਿਕ ਆਰਟਿਸਟ ਐਸੋਸੀਏਸ਼ਨ, ਪੰਜਾਬ ਯੂਨਾਈਟਡ ਸਪੋਰਟਸ ਅਤੇ ਹੈਰੀਟੇਜ ਐਸੋਸੀਏਸ਼ਨ ਵੱਲੋਂ 10 ਵਾਂ ਮੇਲਾ ਪੰਜਾਬੀਆਂ ਦਾ ਐਡਮਿੰਟਨ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੇਲੇ ਚ ਪੰਜਾਬ ਦੇ ਚੋਟੀ ਦੇ ਕਲਾਕਾਰ ਅੰਮ੍ਰਿਤਾ ਵਿਰਕ, ਜਸਨੂਰ, ਨਛੱਤਰ ਗਿੱਲ, ਪ੍ਰੀਤ ਹਰਪਾਲ ਅਤੇ ਇਸ ਤੋਂ ਇਲਾਵਾ ਐਡਮਿੰਟਨ ਸ਼ਹਿਰ ਦੇ ਕਲਾਕਾਰ ਉਪਿੰਦਰ ਮਠਾੜੂ,ਰੂਬੀ ਮਧੋਕ, ਸੁੱਖ ਘੁੰਮਣਾ, ਭੁਪਿੰਦਰਪਾਲ ਰੰਧਾਵਾ, ਲਾਡੀ ਪੱਡਾ,ਲਾਡੀ ਸੂਸਾਂਵਾਲਾ,ਮੇਵਾ ਬਰਾੜ, ਮਨਵੀਰ ਗਿੱਲ ਅਤੇ ਸਾਹਿਲ ਸੂਚ ਨੇ ਵੀ ਆਪਣੇ ਗੀਤਾਂ ਰਾਹੀਂ ਖੂਬ ਰੌਣਕਾਂ ਲਾਈਆਂ। ਪ੍ਰੋਗਰਾਮ ਦੇ ਸ਼ੁਰੂ ਚ ਅੰਤਾਂ ਦੀ ਗਰਮੀ ਹੋਣ ਦੇ ਬਾਵਜੂਦ ਸਰੋਤੇ ਜੰਮ ਕੇ ਆਨੰਦ ਮਾਣਦੇ ਨਜ਼ਰ ਆ ਰਹੇ ਸਨ। ਅੰਮ੍ਰਿਤਾ ਵਿਰਕ ਦੇ ਗੀਤਾਂ ਤੇ ਮੁੰਡੇ ਕੁੜੀਆਂ ਭੰਗੜੇ ਪਾਉਂਦੇ ਦੇਖੇ ਗਏ। ਉਪਿੰਦਰ ਮਠਾੜੂ ਦੇ ਗੀਤਾਂ ਦੀ ਸਰੋਤੇ ਬੇਸਬਰੀ ਨਾਲ ਉਡੀਕ ਕਰਦੇ ਦੇਖੇ ਗਏ ਕਿਉਂਕਿ ਉਪਿੰਦਰ ਮਠਾੜੂ ਇੱਕ ਐਸਾ ਕਲਾਕਾਰ ਹੈ, ਜਿਸ ਨੂੰ ਐਡਮਿੰਟਨ ਵਾਸੀ ਜਾਤੀ ਤੌਰ ਤੇ ਜਾਣਦੇ ਹਨ। ਸਟੇਜ ਉੱਪਰ ਹਰ ਗੀਤ ਅਤੇ ਹਰ ਕਲਾਕਾਰ ਨੂੰ ਇੱਕ ਯੋਜਨਾਬੱਧ ਤਰੀਕੇ ਨਾਲ ਸਰੋਤਿਆਂ ਅੱਗੇ ਪੇਸ਼ ਕਰਨ ਵਾਲੇ ਸਟੇਜ ਸਕੱਤਰ ਲਾਡੀ ਸੂਸਾਂਵਾਲੇ ਦੀ ਭੂਮਿਕਾ ਕਾਬਲੇ ਤਾਰੀਫ਼ ਸੀ। ਹਰ ਗੀਤ ਤੋਂ ਬਾਅਦ ਤੇ ਹਰ ਕਲਾਕਾਰ ਦੀ ਪੇਸ਼ਕਾਰੀ ਤੋਂ ਬਾਅਦ ਲਾਡੀ ਸੂਸਾਂਵਾਲੇ ਦੇ ਬੋਲਾਂ ਦੀ ਸਰੋਤੇ ਤਾਰੀਫ਼ ਕਰਦੇ ਦੇਖੇ ਗਏ। ਮੇਲੇ ਚ ਪੰਜਾਬ ਦੇ ਜੱਟ, ਚਿੱਟੇ ਚਾਦਰੇ,ਨੋਕਾਂ ਵਾਲੀ ਜੁੱਤੀ ,ਕਾਲੇ ਰੰਗ ਦੀ ਟੌਰੇ ਵਾਲੀ ਪੱਗ ਬੰਨ੍ਹ ਕੇ ਘੁੰਮਦੇ ਦੇਖੇ ਗਏ। ਅੱਸੀ ਸਾਲ ਦੀਆਂ ਬੁੜ੍ਹੀਆਂ ਫੋਨ ਤੇ ਵੀਡੀਓ ਬਣਾ ਕੇ ਅਨੰਦ ਮਾਣਦੀਆਂ ਦੇਖੀਆਂ ਗਈਆਂ। ਮੇਲੇ ਦੇ ਪ੍ਰਬੰਧਕਾਂ ਨੇ ਐਡਮਿੰਟਨ ਸ਼ਹਿਰ ਦੇ ਨਵੇਂ ਉੱਭਰ ਰਹੇ ਕਲਾਕਾਰਾਂ ਨੂੰ ਸਟੇਜ ਤੇ ਆਉਣ ਦਾ ਮੌਕਾ ਦਿੱਤਾ। ਇਸ ਦੀ ਪ੍ਰਸੰਸਾ ਕਰਨੀ ਬਣਦੀ ਹੈ। ਕੈਨੇਡਾ ਦੇ ਹਰ ਸ਼ਹਿਰ ਵਿੱਚ ਟਿਕਟਾਂ ਉੱਪਰ ਹੀ ਗਾਉਣ ਵਾਲਿਆਂ ਦੇ ਪਰੋਗਰਾਮ ਹੁੰਦੇ ਹਨ ਇਸ ਸਬੰਧੀ ਐਡਮਿੰਟਨ ਤੋਂ ਐਮ ਐਲ ਏ ਜਸਵੀਰ ਦਿਓਲ ਨੇ ਫ੍ਰੀ ਮੇਲਾ ਲਾਉਣ ਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਐਡਮਿੰਟਨ ਸ਼ਹਿਰ ਦੇ ਉੱਭਰ ਰਹੇ ਕਲਾਕਾਰ ਮੁੱਛ ਫੁੱਟ ਗੱਭਰੂ ਸਾਹਿਲ ਸੂਚ ਦੇ ਗੀਤ 'ਮੂੰਹ ਤੇ ਮਿੱਠੀਆਂ ਨੂੰ ਕੀ ਕਰੀਏ,ਦਿਲ ਕੌੜੇ ਤੁੰਮੇ ਵਰਗੇ ਨੇ- ਸਟੇਜ ਤੇ ਖੂਬ ਰੰਗ ਬੰਨ੍ਹਿਆ। ਕਰੋਨਾ ਦੀ ਬਿਮਾਰੀ ਤੋਂ ਬਾਅਦ ਇਹ ਪਹਿਲਾ ਮੇਲਾ ਸੀ ਜਿਸ ਦਾ ਸ਼ਹਿਰ ਵਾਸੀਆਂ ਨੇ ਖੂਬ ਆਨੰਦ ਮਾਣਿਆ। ਮੇਲੇ ਨੇ ਲੋਕਾਂ ਦੇ ਚਿਹਰੇ ਤੇ ਰੌਣਕਾਂ ਲੈ ਆਂਦੀਆਂ। ਮੇਲੇ ਵਿੱਚ ਖਾਣ ਪੀਣ ਦੀਆਂ ਫ੍ਰੀ ਸਟਾਲਾਂ ਸਨ ਅਤੇ ਮੇਲੇ ਚ ਚੱਪੇ ਚੱਪੇ ਤੇ ਸਕਿਉਰਿਟੀ ਵਾਲੇ ਤੈਨਾਤ ਸਨ। ਕਾਰ ਪਾਰਕਿੰਗ ਦੇ ਪੁਖਤਾ ਪ੍ਰਬੰਧ ਕੀਤੇ ਹੋਏ ਸਨ। ਇਹ ਬਿਨਾ ਕਿਸੇ ਟਿਕਟ ਵਾਲਾ ਮੇਲਾ ਪੰਜਾਬ ਪੰਜਾਬੀ ਅਤੇ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਸੀ। ਮੇਲੇ ਦੇ ਪ੍ਰਬੰਧਕ ਸਾਡੀ ਛੋਟੀ ਪਨੀਰੀ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਵਿੱਚ ਪੂਰੇ ਕਾਮਯਾਬ ਰਹੇ। ਅਖੀਰ ਚ ਉਪਿੰਦਰ ਮਠਾਰੂ ਅਤੇ ਸਟੇਜ ਸਕੱਤਰ ਲਾਡੀ ਸੂਸਾਂਵਾਲੇ ਨੇ ਪੰਜਾਬੀਆਂ ਦਾ ਧੰਨਵਾਦ ਕੀਤਾ ਜਿਹਨਾਂ ਨੇ ਵੱਡੀ ਗਿਣਤੀ ਵਿੱਚ ਹਾਜਰੀ ਭਰਕੇ ਮੇਲੇ ਦੀਆਂ ਰੌਣਕਾਂ ਨੂੰ ਪਿਛਲੇ ਸਾਲਾਂ ਦੀ ਤਰਾਂ ਬਰਕਰਾਰ ਰੱਖਿਆ।



# ਲੁਧਿਆਣਾ ਜਿਲੇ ਦੇ ਪਿੰਡ ਭੈਣੀ ਬੜਿੰਗਾ ਵਿਖੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰੋਗਰਾਮ ਕਰਵਾਏ ਜਾਣਗੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਾਸੀ ਉੱਘੇ ਸਮਾਜ ਸੇਵਕ ਸ: ਪ੍ਰਿਤਪਾਲ ਸਿੰਘ ਸੇਖੋਂ ਜੋ ਕਿ ਹਰ ਸਾਲ ਆਪਣੇ ਪਿੰਡ ਭੈਣੀ ਬੜਿੰਗਾ ਜਿਲਾ ਲੁਧਿਆਣਾ ਵਿਖੇ ਸਮਾਜ ਸੇਵਾ ਦੇ ਕੰਮਾਂ ਵਿੱਚ ਵਧ ਚੜਕੇ ਹਿੱਸਾ ਲੈਂਦੇ ਹਨ,ਨੇ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਇਸ ਸਾਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰੋਗਰਾਮ ਸਤੰਬਰ ਮਹੀਨੇ ਕਰਵਾਏ ਜਾ ਰਹੇ ਹਨ। ਇਹਨਾਂ ਪ੍ਰੋਗਰਾਮਾਂ ਦੌਰਾਨ ਦਸਤਾਰ ਮੁਕਾਬਲੇ ਮਿਤੀ 18 ਸਤੰਬਰ 2022 ਦਿਨ ਐਤਵਾਰ ਸਮਾਂ ਸਵੇਰ 9 ਵਜੇ ਕਰਵਾਏ ਜਾਣਗੇ। ਦਸਤਾਰ ਮੁਕਾਬਲੇ ਵਿਚ ਦੋ ਗਰੁੱਪ ਬਣਾਏ ਜਾਣਗੇ । ਪਹਿਲਾ ਗਰੁੱਪ ਉਮਰ 10 ਤੋਂ 14 ਸਾਲ ਦੂਜਾ ਗਰੁੱਪ ਉਮਰ 15 ਤੋਂ 18 ਸਾਲ ਹੋਵੇਗੀ। ਗੁਰਬਾਣੀ ਕੰਠ ਮੁਕਾਬਲੇ ਵਿੱਚ ਵਿਦਿਆਰਥੀਆਂ ਦੇ ਤਿੰਨ ਗਰੁੱਪ ਬਣਾਏ ਜਾਣਗੇ। ਤੀਸਰੀ ਜਮਾਤ ਤੋਂ ਬਾਰ੍ਹਵੀਂ ਜਮਾਤ ਤੱਕ -ਪ੍ਰਾਇਮਰੀ ,ਮਿਡਲ ਤੇ ਸੈਕੰਡਰੀ ਸਕੂਲ ਦੇ ਬੱਚੇ ਬੱਚੀਆਂ ਭਾਗ ਲੈ ਸਕਣਗੇ। ਗੁਰਬਾਣੀ ਕੰਠ ਮੁਕਾਬਲੇ ਲਈ ਪਹਿਲਾ ਇਨਾਮ 1500 + ਟਰਾਫੀ,ਦੂਜਾ ਇਨਾਮ 1100+ ਟਰਾਫੀ, ਤੀਜਾ ਇਨਾਮ 900+ ਟਰਾਫੀ ਹੋਵੇਗਾ ਜਦੋਂ ਕਿ ਦਸਤਾਰ ਮੁਕਾਬਲੇ ਲਈ ਪਹਿਲਾ ਇਨਾਮ 1300+ ਟਰਾਫੀ, ਦੂਜਾ ਇਨਾਮ 900+ ਟਰਾਫੀ,ਤੀਜਾ ਇਨਾਮ 700 +ਟਰਾਫੀ ਹੋਵੇਗਾ। ਸਮਾਗਮਾਂ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਇਹਨਾਂ ਸਮਾਗਮਾਂ ਹਿੱਸਾ ਲੈਣ ਲਈ ਸ੍ਰ ਪ੍ਰਿਤਪਾਲ ਸਿੰਘ ਪਾਲ ਸੇਖੋਂ ਕੈਲਗਰੀ , ਸਮੂਹ ਐਨ ਆਰ ਆਈ ਵੀਰ ,ਗੁ : ਪ੍ਰਬੰਧਕ ਕਮੇਟੀ , ਨਗਰ ਪੰਚਾਇਤ, ਸ਼ਹੀਦ ਭਗਤ ਸਿੰਘ ਵੈੱਲਫੇਅਰ ਕਲੱਬ ਅਤੇ ਸਮੂਹ ਨਗਰ ਨਿਵਾਸੀ ਪਿੰਡ ਭੈਣੀ ਬੜਿੰਗਾ (ਲੁਧਿਆਣਾ) ਵੱਲੋਂ ਸਾਰਿਆਂ ਲਈ ਖੁੱਲਾ ਸੱਦਾ ਹੈ। ਹੋਰ ਜਾਣਕਾਰੀ ਲਈ 98556-27927,98886-75210,99153-47216 ਫੋਨ ਨੰਬਰਾਂ ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬੀ ਸਾਹਿਤ ਸਭਾ ਨੇ ਡਾਕਟਰ ਰਾਜਵੰਤ ਮਾਨ ਦੀਆਂ ਦੋ ਪੁਸਤਕਾਂ ਲੋਕ-ਅਰਪਣ ਕੀਤੀਆਂ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 14 ਅਗਸਤ ਨੂੰ ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਕ ਮਿਲਣੀ ਦਾ ਮੁੱਖ ਏਜੰਡਾ ਲੋਕ ਲਹਿਰਾਂ ਦੀ ਵੀਰਾਂਗਣਾਂ ਡਾ: ਰਾਜਵੰਤ ਕੌਰ ਪ੍ਰੀਤ ਮਾਨ ਦੀਆਂ ਦੋ ਪੁਸਤਕਾਂ ਨੂੰ ਲੋਕ-ਅਰਪਣ ਕਰਨਾ ਰਿਹਾ। ਮੀਟਿੰਗ ਦੀ ਪ੍ਰਧਾਨਗੀ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ, ਡਾ: ਰਾਜਵੰਤ ਕੌਰ ਪ੍ਰੀਤ ਮਾਨ ਅਤੇ ਰਿਸ਼ੀ ਨਾਗਰ ਨੇ ਕੀਤੀ। ਸਕੱਤਰ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਜਗਦੇਵ ਸਿੱਧੂ ਨੇ ਪੁਸਤਕਾਂ ਦੀ ਘੁੰਡ-ਚੁਕਾਈ ਦੀ ਰਸਮ ਨੂੰ ਵਿਆਹ ਦੀ ਰਸਮ ਨਾਲ ਜੋੜ ਕੇ ਸਭ ਨੂੰ ਇਉਂ ਜੀ-ਆਇਆਂ ਕਿਹਾ – ਸੁੱਖਾਂ ਸੁਖਦੀ ਨੂੰ ਇਹ ਦਿਨ ਆਏ। ਉਸ ਨੇ ਸੰਬੰਧਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੋਰੋਨਾ-ਕਾਲ਼ ਦੇ ਅੰਨ੍ਹੇ ਸਮੇਂ ਅੰਦਰ ਸੁਰਿੰਦਰ ਗੀਤ ਦੀਆਂ ਚਾਰ ਪੁਸਤਕਾਂ ਨੂੰ ਭਾਰਤ ਵਿੱਚ ਕਈ ਸਾਹਿਤ ਸਭਾਵਾਂ, ਯੂਨੀਵਰਸਿਟੀਆਂ, ਕਲਾ ਪ੍ਰੀਸ਼ਦ ਅਤੇ ਪ੍ਰੈਸ ਕਲੱਬਾਂ ਦੁਆਰਾ ਲੋਕ-ਅਰਪਣ ਕੀਤਾ ਗਿਆ ਜੋ ਇਸ ਸਭਾ ਲਈ ਜ਼ਿਕਰਯੋਗ ਮਾਣ ਦਾ ਸਬੱਬ ਹੈ। ਰਾਜਵੰਤ ਮਾਨ ਦੀਆਂ ਦੋ ਪੁਸਤਕਾਂ ਨੂੰ ਸਮੂਹ ਹਾਜ਼ਰੀਨ ਨੇ ਖੜ੍ਹੇ ਹੋ ਕੇ ਤਾੜੀਆਂ ਦੀ ਗੂੰਜਾਰ ਵਿੱਚ ਲੋਕ-ਅਰਪਣ ਕਰਨ ਦੀ ਰਸਮ ਵਿਧੀਵਤ ਅਦਾ ਕੀਤੀ। ਇੱਕ ਪੁਸਤਕ ਵਾਰਤਕ ਦੀ – ਜੀਵਨ ਦੇ ਝਰੋਖੇ ਚੋਂ – ਅਤੇ ਦੂਜੀ ਕਾਵਿ-ਸੰਗ੍ਰਹਿ – ਅੰਗੜਾਈ। ਦੋਵਾਂ ਪੁਸਤਕਾਂ ਬਾਰੇ ਜਗਦੇਵ ਸਿੱਧੂ ਨੇ ਪਰਚਾ ਪੜ੍ਹਿਆ ਜੋ ਇਨ੍ਹਾਂ ਲਿਖਤਾਂ ਦੇ ਸਾਹਿਤ, ਇਤਿਹਾਸ, ਕਲਾ ਅਤੇ ਸਮਾਜ ਦੇ ਪਹਿਲੂਆਂ ਨੂੰ ਮੁੱਖ ਰੱਖ ਕੇ ਲੇਖਾ-ਜੋਖਾ ਕਰਦਾ ਸੀ। ਉਸ ਨੇ ਇਨ੍ਹਾਂ ਲਿਖਤਾਂ ਨੂੰ ਰਾਜਵੰਤ ਮਾਨ ਦੀ ਇਪਟਾ ਅਤੇ ਪ੍ਰੀਤਲੜੀ ਦੀ ਗਹਿਰੀ ਇਤਿਹਾਸਕ ਸਾਂਝ ਤੋਂ ਪ੍ਰੇਰਿਤ ਕਰਾਰ ਦਿੱਤਾ ਜਿਸ ਤੱਥ ਨੂੰ ਰਾਜਵੰਤ ਮਾਨ ਨੇ ਖ਼ੁਦ ਕਬੂਲ ਕੀਤਾ। ਰਿਸ਼ੀ ਨਾਗਰ ਨੇ ਰਾਜਵੰਤ ਮਾਨ ਦੁਆਰਾ ਇਪਟਾ ਨਾਲ ਜੁੜ ਕੇ ਨਿਭਾਈ ਸਰਗਰਮ ਭੂਮਿਕਾ ਦਾ ਜ਼ਿਕਰ ਕਰਦਿਆਂ ਇਪਟਾ ਦੇ ਇਤਿਹਾਸ, ਸਮਾਜ, ਰਾਜਨੀਤੀ ਅਤੇ ਕਲਾ ਦੇ ਖੇਤਰਾਂ ਵਿਚ ਪਾਏ ਪ੍ਰਭਾਵ ਅਤੇ ਯੋਗਦਾਨ ਬਾਰੇ ਨਿੱਗਰ ਵਿਚਾਰ ਪੇਸ਼ ਕੀਤੇ। ਉਸ ਨੇ ਗੰਭੀਰ ਹੋ ਕੇ ਕਿਹਾ ਕਿ ਇਪਟਾ ਦਾ ਦੀਵਾ ਮੱਧਮ ਨਹੀਂ ਹੋਣ ਦੇਣਾ, ਇਸ ਨੂੰ ਲਟ-ਲਟ ਜਗਦਾ ਰੱਖਣਾ ਸਮੇਂ ਦੀ ਅਣਸਰਦੀ ਲੋੜ ਹੈ। ਰਾਜਵੰਤ ਮਾਨ ਨੇ ਆਪਣੀ ਇਪਟਾ ਤੇ ਪ੍ਰੀਤਲੜੀ ਨਾਲ ਰਹੀ ਅਟੁੱਟ ਸਾਂਝ ਨੂੰ ਭਾਵੁਕ ਹੋ ਕੇ ਯਾਦ ਕੀਤਾ। ਉਸ ਨੇ ਆਪਣੀ ਸਿਰਜਣ-ਪ੍ਰਕਿਰਿਆ ਅਤੇ ਆਪਣੇ ਜੀਵਨ-ਸਾਥੀ ਮਰਹੂਮ ਪ੍ਰੋ: ਨਿਰੰਜਣ ਸਿੰਘ ਮਾਨ ਦੀ ਲੋਕ-ਪੱਖੀ ਵਿਰਾਸਤ ਨੂੰ ਅੱਗੇ ਤੋਰਨ ਦੇ ਤਹੱਈਏ ਬਾਰੇ ਖੁੱਲ੍ਹ ਕੇ ਚਾਨਣਾ ਪਾਇਆ। ਸੁਰਿੰਦਰ ਗੀਤ ਨੇ ਬੀ ਜੀ ਰਾਜਵੰਤ ਮਾਨ ਨਾਲ ਪਰਿਵਾਰਕ ਸਾਂਝ ਨੂੰ ਪਿਆਰੇ ਸ਼ਬਦਾਂ ਦਾ ਜਾਮਾ ਪਵਾਇਆ। ਉਸ ਨੇ ਤਾਜ਼ਾ ਸਿਰਜੀ ਕਵਿਤਾ ਸੁਣਾਈ –
ਟਾਹਣੀ ਉੱਤੇ ਫੁੱਲ ਦੀ ਡੋਡੀ ਖਿੜਨੇ ਦੇ ਲਈ – ਰਾਜ-ਸੱਤਾ ਤੋਂ ਆਗਿਆ ਮੰਗੇ – ਓਦੋਂ ਸਾਰੀ ਧਰਤੀ ਕੰਬੇ – ?ਦੋਂ ਪੌਣ ਮਹਿਕ ਤੋਂ ਸੰਗੇ
ਓਦੋਂ ਕੁਦਰਤ ਦੇ ਰੰਗ ਸਾਰੇ – ਸੂਲ਼ੀ ਉੱਤੇ ਜਾਪਣ ਟੰਗੇ
ਗੀਤ, ਗ਼ਜ਼ਲ, ਕਵਿਤਾਵਾਂ ?ਦੋਂ ਇਨਕਲਾਬ ਵਿੱਚ ਜਾਂਦੇ ਰੰਗੇ।
ਕਵੀਸ਼ਰੀ ਦੇ ਝੰਡਾਬਰਦਾਰ ਮਾਸਟਰ ਬਚਿੱਤਰ ਸਿੰਘ ਗਿੱਲ ਨੇ ਰਾਜਵੰਤ ਮਾਨ ਨੂੰ ਵਧਾਈ ਦਿੰਦਿਆਂ ਆਪਣੇ ਉਪਰ ਇਪਟਾ ਤੇ ਪ੍ਰੀਤਲੜੀ ਦਾ ਪ੍ਰਭਾਵ ਕਬੂਲਿਆ। ਉਸ ਨੇ ਗ਼ਦਰੀ ਯੋਧਿਆਂ ਬਾਰੇ ਖ਼ੁਦ-ਲਿਖਿਤ ਛੰਦ ਨੂੰ ਬੀਰ-ਰਸੀ ਕੰਠ ਰਾਹੀਂ ਸਰੋਤਿਆਂ ਦੇ ਮਨਾਂ ਉਪਰ ਜੋਸ਼ ਬਿਖੇਰ ਦਿੱਤਾ – ਛੱਡ ਆਏ ਵਤਨਾਂ ਨੂੰ, ਗੱਭਰੂ ਲਿਖਣ ਨਵੇਂ ਅਫ਼ਸਾਨੇ। ਸੁਖਵਿੰਦਰ ਤੂਰ ਨੇ ਜਗਦੇਵ ਸਿੱਧੂ ਦੁਆਰਾ ਰਚਿਤ, ਕੈਨੇਡਾ ਦੇ ਰਿਹਾਇਸ਼ੀ ਸਕੂਲਾਂ ਅੰਦਰ ਵਾਪਰੇ ਨਰਸੰਘਾਰ ਰੂਪੀ ਦੁਖਾਂਤ ਨੂੰ ਰੂਪਮਾਨ ਕਰਦੀ ਹੋਈ ਕਵਿਤਾ ਸੋਜ਼ ਭਰੀ ਆਵਾਜ਼ ਵਿਚ ਪੇਸ਼ ਕਰ ਕੇ ਸਭ ਨੂੰ ਗ਼ਮਗੀਨ ਕਰ ਦਿੱਤਾ – ਮੈਂ ਕਬਰਾਂ ਵਿੱਚੋਂ ਬੋਲਦੀ, ਇੱਕ ਨੇਟਿਵ ਘਰ ਦੀ ਧੀ।
ਮੇਰੇ ਹੱਡਾਂ ਕੋਲੋਂ ਸੁਣ ਲਓ,
ਮੇਰੇ ਨਾਲ ਬੀਤੀਆਂ ਕੀ। ਕੌਮੀ ਪੱਧਰ ਦੀ ਬੇਹਤਰੀਨ ਰਹੀ ਐਥਲੀਟ ਚਰਨਜੀਤ ਕੌਰ ਬਾਜਵਾ ਨੇ ਸੁਰੀਲੀ ਆਵਾਜ਼ ਵਿੱਚ ਰਾਜਵੰਤ ਦਾ ਗੀਤ ਪੇਸ਼ ਕਰ ਕੇ ਜਿਵੇਂ ਇੱਕ ਹੋਰ ਮੈਡਲ ਹਾਸਲ ਕਰ ਲਿਆ। ਮਨਜੀਤ ਬਰਾੜ ਨੇ ਬੇਰੀਆਂ ਤੋੜਦੇ ਕੁੜਮ-ਕੁੜਮਣੀ ਦੀ ਲੜਾਈ ਗੀਤ ਰਾਹੀਂ ਸੁਣਾ ਕੇ ਵਿਅੰਗ ਪੇਸ਼ ਕੀਤਾ। ਇਕਬਾਲ ਕੌਰ ਨੇ ਆਪਣੀ ਖੁੱਲ੍ਹੀ ਕਵਿਤਾ ਦਾ ਉਚਾਰਨ ਕਰ ਕੇ ਸੋਚਾਂ ਨੂੰ ਹਲੂਣਾ ਦਿੱਤਾ – ਸੁਰਖ਼ਰੂ ਹੋ ਜਾਂਦੇ ਨੇ ਉਹ ਤਾਂ ਬੱਸ ਤੇਰੀ ਤਸਵੀਰ ਨੂੰ ਹਾਰ ਪਾ ਕੇ – ਉਹ ਨਹੀਂ ਜਾਣਦੇ ਤੇਰੀ ਸੋਚ ਤਾਂ ਤੇਰੀ ਤਸਵੀਰ ਤੋਂ ਅੱਗੇ ਜਾ ਚੁੱਕੀ ਹੈ। ਪਰਮਜੀਤ ਸਿੰਘ ਨੇ ਆਜ਼ਾਦੀ ਸੰਗ੍ਰਾਮੀਆਂ ਨਾਲ ਜੁੜੇ ਕਾਵਿ-ਟੋਟਕੇ ਸੁਣਾਏ। ਰਾਮਿੰਦਰ ਮਾਨ ਨੇ ਆਪਣੀ ਸਤਿਕਾਰਯੋਗ ਬੀ ਜੀ ਰਾਜਵੰਤ ਮਾਨ ਨੂੰ ਆਪਣੀ ਰੋਲ ਮਾਡਲ ਦੱਸਿਆ। ਗੁਰਚਰਨ ਕੌਰ ਥਿੰਦ, ਜਸਵਿੰਦਰ ਮਾਨ, ਬਲਜਿੰਦਰ ਕੌਰ ਗਿੱਲ, ਜਗਜੀਤ ਤੇਜਾ, ਦਿਲਾਵਰ ਸਮਰਾ, ਰਾਜ ਜੱਸਲ, ਇਕਬਾਲ ਖ਼ਾਨ, ਤਰਕਸ਼ੀਲ ਸੁਸਾਇਟੀ ਕੈਲਗਰੀ ਦੇ ਪ੍ਰਧਾਨ ਦਰਸ਼ਨ ਔਜਲਾ ਅਤੇ ਬਾਕੀ ਸਾਰਿਆਂ ਨੇ ਆਪੋ-ਆਪਣੇ ਅੰਦਾਜ਼ ਵਿੱਚ ਰਾਜਵੰਤ ਮਾਨ ਨੂੰ ਵਧਾਈਆਂ ਦੀ ਝੜੀ ਲਾਈ। ਸੁਰਿੰਦਰ ਗੀਤ ਨੇ ਮੀਟਿੰਗ ਦੀ ਏਨੀ ਸਫਲਤਾ ਲਈ ਹਾਜ਼ਰੀਨ ਦਾ ਦਿਲੋਂ ਧੰਨਵਾਦ ਕੀਤਾ।

# ਬਜੁਰਗਾਂ ਦੀ ਮੰਗ ਹੈ ਕਿ ਰੈਗੂਲਰ ਬੱਸ ਸਰਵਿਸ ਸੱਤੇ ਦਿਨ 38 ਸਟਰੀਟ ਤੱਕ ਆਉਣੀ ਚਾਹੀਦੀ ਹੈ।



ਬਹੁਮਾਰਟ (ਪੰਜਾਬੀ ਅਖ਼ਬਾਰ ਬਿਊਰੋ) ਐਡਮਿੰਟਨ ਦੇ ਨੇੜੇ ਬਹੁਮਾਰਟ ਸੀਨੀਅਰ ਸਿਟੀਜਨ ਦੀ ਮੀਟਿੰਗ ਸਤੀਸ਼ ਕੁਮਾਰ ਸਚਦੇਵਾ ਦੀ ਪ੍ਰਧਾਨਗੀ। ਹੇਠ ਹੋਈ ' ਜਿਸ ਵਿੱਚ ਹੇਠ ਨਛੱਤਰ ਸਿੰਘ ਮੋਗਾ, ਮੇਜਰ ਸਿੰਘ ਕੁੰਭ, ਸੁਖਦੇਵ ਸਿੰਘ ਗੋਸਲ,ਸ੍ਰੀ ਰਾਏ ਸਿੰਘ, ਦਲਵਿੰਦਰ ਸਿੰਘ ਮੈਂਬਰ ਸ਼ਾਮਲ ਹੋਏ। ਪ੍ਰਸ਼ਾਸਨ ਬਹੁਮਾਰਟ ਐਡਮਿੰਟਨ ਮੇਅਰ ਤੋਂ ਮੰਗ ਕੀਤੀ ਗਈ ਕਿ ਸੀਨੀਅਰ ਸਿਟੀਜਨ ਨੂੰ ਆਪਣੇ ਇਲਾਜ ਲਈ ਐਡਮਿੰਟਨ ਜਾਣਾ ਪੈਂਦਾ ਹੈ। ਗੁਰਦਵਾਰੇ ਵਿੱਚ ਵੀ ਸੇਵਾ ਕਰਨ ਲਈ ਜਾਣਾ ਪੈਂਦਾ ਹੈ। ਰੈਗੂਲਰ ਬੱਸ ਸਰਵਿਸ ਨਾਂ ਹੋਣ ਕਾਰਨ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਮੰਗ ਕੀਤੀ ਕਿ

1 ਰੈਗੂਲਰ ਬੱਸ ਸਰਵਿਸ 7 ਦਿਨ 38 ਸਟਰੀਟ ਤੱਕ ਆਉਣੀ ਚਾਹੀਦੀ ਹੈ।
2 ਬੱਸ ਸਟਾਪ 38 ਸਟਰੀਟ ਵਿਖੇ ਬਣਾਇਆ ਜਾਵੇ।
3 ਸੀਨੀਅਰ ਸਿਟੀਜਨ ਨੂੰ ਫਰੀ ਬੱਸ ਪਾਸ ਦੀ ਸਹੂਲਤ ਦਿੱਤੀ ਜਾਵੇ।
4 ਬੱਸ ਸਰਵਿਸ ਸਵੇਰੇ 6 ਵਜੇ ਤੋਂ ਰਾਤ 10 ਵਜੇ ਤੱਕ 1'1 ਘੰਟੇ ਦੇ ਵਕਫੇ ਨਾਲ਼ ਚਲਾਈ ਜਾਵੇ। ਤਾਂ ਜੋ ਸੀਨੀਅਰ ਸਿਟੀਜਨ ਅਤੇ ਇੱਥੋਂ ਦੇ ਵਿਦਿਆਰਥੀ ਲਾਭ ਉਠਾ ਸਕਣ।

ਮੀਟਿੰਗ ਦੀ ਸਮਾਪਤੀ ਮੌਕੇ ਸੁਖਦੇਵ ਸਿੰਘ ਗੋਸਲ ਨੇ ਸਭਨਾਂ ਦਾ ਧੰਨਵਾਦ ਕੀਤਾ।

PROUDLY WESTERN CANADIAN
INNOVATIVE STONECRAFT
CRAFTED STONE VENEER
306.591.0670
PARMJOT MAAN
CANADIAN MADE
Your 1st choice for Manufactured STONE CLADDING needs in Residential & Commercial Projects.
CALL NOW!
FOLLOW US
1D, 820 51st St E Saskatoon SK S7K0X8
FREE ESTIMATES
BEST PRICE GUARANTEE
We ship across Western Canada.
INFO@NNOVATIVESTONECRAFT.CA
WWW.INNOVATIVESTONECRAFT.CA

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

PUNJABI SWEETS
HOUSE & RESTAURANT
TAKE OUT
We do catering also
ALL KINDS OF SWEETS NON-VEG & VEGI FOOD
FAST & BEST FRIENDLY SERVICE
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੌਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir. N.E. T3J 0C9

An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Scotiabank
Kulwant S. Manhas
Home Financing Advisor
C: (587)-899-2093
E: kulwant.Manhas@scotiabank.com
Specializing in:
• Home Buyers
• Refinancing
• New to Canada
• Construction Draws

Vig Fashions
Jewellery - Fashion Boutique
Tailoring - Dry Clean
ਵਿਆਹ ਸ਼ਾਦੀਆਂ ਲਈ ਸੋਹਣੇ ਸੋਹਣੇ ਸੂਟ, ਗਰਾਰੇ-ਸ਼ਰਾਰੇ, ਲਹਿੰਗੇ, ਆਰਟੀਫਿਸ਼ਲ ਜਿਊਲਰੀ, ਜਾਗੋ ਦਾ ਸਮਾਨ, ਕੁੜਤੇ ਪਜਾਮੇ, ਪੱਗਾਂ, ਕੰਬਲ, ਆਦਿ ਬਜ਼ਾਰ ਨਾਲੋਂ ਸਸਤੇ ਅਤੇ ਵਧੀਆ ਕੁਆਲਿਟੀ ਵਿੱਚ ਮਿਲਦੇ ਹਨ।
ਸਿਲਾਈ ਅਤੇ ਡਰਾਈਕਲੀਨ ਵੀ ਕਰਵਾ ਸਕਦੇ ਹੋ
ਦੇਸੀ ਬਜ਼ਾਰ ਕੈਲਗਰੀ ਵਾਲੇ ਪਲਾਜੇ ਵਿੱਚ
Ph: 403-590-5620
#159-5120 47 Street NE, Calgary (AB)
E: Vigfashions@gmail.com

# ਖਾਲੀ ਬੋਤਲਾਂ ਲੈਣ ਵਾਲਿਆਂ ਨੇ ਬੰਗਲਾ ਬਣਾ ਲਿਆ - ਬੋਤਲਾਂ ਖਾਲੀ ਕਰਨ ਵਾਲਿਆਂ ਨੇ ਜ਼ਮੀਨ ਵੇਚਤੀ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ)- ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਕ ਮੀਟਿੰਗ 6 ਅਗਸਤ ਨੂੰ ਹੋਈ ਜਿਸ ਦੀ ਪ੍ਰਧਾਨਗੀ ਜਗਦੀਸ਼ ਸਿੰਘ ਚੋਹਕਾ, ਸੇਵਾ ਸਿੰਘ ਅਤੇ ਡਾ. ਮਨਮੋਹਨ ਸਿੰਘ ਬਾਠ ਨੇ ਕੀਤੀ। ਜਨਰਲ ਸਕੱਤਰ ਜਸਵੀਰ ਸਿਹੋਤਾ ਨੇ ਭਾਰਤ ਦੇ ਆਜ਼ਾਦੀ ਦਿਵਸ ਬਾਰੇ ਅਤੇ 31 ਅਗਸਤ ਨੂੰ ਜਨਮੀ ਅੰਮ੍ਰਿਤਾ ਪ੍ਰੀਤਮ ਬਾਰੇ ਬੋਲ ਸਾਂਝੇ ਕੀਤੇ। ਆਜ਼ਾਦੀ ਸੰਗ੍ਰਾਮ ਦੇ ਸ਼ਹੀਦਾਂ ਨੂੰ ਯਾਦ ਕੀਤਾ। ਆਜ਼ਾਦੀ ਮਿਥੇ ਹੋਏ ਸਮੇ ਤੋਂ ਪਹਿਲਾਂ ਦਿੱਤੇ ਜਾਣ ਬਾਰੇ ਦੱਸਿਆ। ਆ ਰਹੇ ਰੱਖੜੀ ਦੇ ਤਿਉਹਾਰ ਨੂੰ ਰਿਸ਼ਤਿਆਂ ਦੀ ਪਵਿੱਤਰਤਾ ਦਾ ਦਿਵਸ ਮੰਨਿਆਂ। ਸੇਵਾ ਸਿੰਘ ਨੇ ਸ਼ਬਦ ਗਾਇਨ ਕੀਤਾ - ਜੋ ਜੋ ਤੇਰਾ ਹੁਕਮ ਤਿਵੈ ਤਿਵ ਹੋਵਣਾ। ਜਗਦੀਸ਼ ਸਿੰਘ ਚੋਹਕਾ ਦਾ ਵਿਚਾਰ ਸੀ ਕਿ ਅਸਲੀ ਆਜ਼ਾਦੀ ਪ੍ਰਾਪਤ ਕਰਨ ਲਈ ਹੋਰ ਅੰਦੋਲਨ ਕਰਨੇ ਪੈਣਗੇ। ਉਸ ਨੇ ਪਿਛਲੇ ਦਿਨੀਂ ਪੋਪ ਦੁਆਰਾ ਕੀਤੀ ਕੈਨੇਡਾ ਫੇਰੀ ਅਤੇ ਉਸ ਦੁਆਰਾ ਕੈਥੋਲਿਕ ਰਿਹਾਇਸ਼ੀ ਸਕੂਲਾਂ ਅੰਦਰ ਨੇਟਿਵ ਬੱਚੇ-ਬੱਚੀਆਂ ਤੇ ਹੋਏ ਅਣ-ਮਨੁੱਖੀ ਵਰਤਾਰੇ ਲਈ ਪੀੜਤ ਵਰਗ ਕੋਲੋਂ ਮੰਗੀ ਮੁਆਫ਼ੀ ਦਾ ਜ਼ਿਕਰ ਕੀਤਾ। ਉਸ ਨੇ ਆਪਣੀ ਮੌਲਿਕ ਕਵਿਤਾ - ਮੇਰੀ ਪੱਗ - ਪੇਸ਼ ਕਰ ਕੇ ਬਹੁਤ ਪ੍ਰਭਾਵਤ ਕੀਤਾ ਜਿਸ ਦੀ ਹਰੇਕ ਪੱਖ ਤੋਂ ਉੱਤਮ ਕਵਿਤਾ ਹੋਣ ਲਈ ਸ਼ਲਾਘਾ ਹੋਈ।



ਅਸਲ ਵਿਚ ਇਹ ਕਵਿਤਾ ਆਦਰਸ਼ ਮਨੁੱਖ ਅਤੇ ਯੋਧੇ ਦੀ ਬੀਰ-ਗਾਥਾ ਹੈ। ਪਰਮਜੀਤ ਸਿੰਘ ਦਾ ਵਿਚਾਰ ਸੀ ਕਿ ਮਾਨਵਤਾ ਦਾ ਟੀਚਾ ਸਮਾਜਵਾਦ ਅਤੇ ਕਮਿਊਨਿਜ਼ਮ ਦੀ ਸਥਾਪਨਾ ਕਰਨਾ ਹੈ। ਉਸ ਨੇ ਬੜੀ ਦਿਲ-ਟੁੰਬਵੀਂ ਕਵਿਤਾ ਸੁਣਾਈ - ਓਸ ਕੌਮ ਨੂੰ ਸਮਾ ਨਹੀਂ ਮਾਫ਼ ਕਰਦਾ ਜਿਹੜੀ ਮੁੱਲ ਨਾ ਤਾਰੇ ਕੁਰਬਾਨੀਆਂ ਦੇ। ਰਾਜਿੰਦਰ ਕੌਰ ਚੋਹਕਾ ਨੇ ਆਜ਼ਾਦੀ ਮੌਕੇ ਹੋਈ ਦੇਸ਼-ਵੰਡ ਵੇਲੇ ਹੋਈ ਕਤਲੋਗਾਰਤ ਅਤੇ ਬਰਬਾਦੀ ਦਾ ਜ਼ਿਕਰ ਕੀਤਾ। ਇਸ ਵੇਲੇ ਦੀ ਮੂੰਹੋਂ ਬੋਲਦੀ ਦਾਸਤਾਨ ਮਸ਼ਹੂਰ ਕਵੀ ਉਸਤਾਦ ਦਾਮਨ ਦੀ ਕਵਿਤਾ ਰਾਹੀਂ ਸਾਕਾਰ ਕਰ ਦਿੱਤੀ -ਲਾਲੀ ਅੱਖੀਆਂ ਦੀ ਪਈ ਦੱਸਦੀ ਏ, ਰੋਏ ਅਸੀਂ ਵੀ ਹਾਂ ਰੋਏ ਤੁਸੀਂ ਵੀ ਹੋ। ਉਸ ਨੇ ਤੁਰਕੀ ਦੇ ਦਾਨਿਸ਼ਵਰ ਕਵੀ ਨਾਜ਼ਮ ਹਿਕਮਤ ਦੀ ਕਵਿਤਾ ਵੀ ਸੁਣਾਈ - ਮੋਏ ਹੋਏ ਬਾਲ ਵੱਡੇ ਨਹੀਂ ਹੁੰਦੇ। ਗੁਰਦੀਸ਼ ਕੌਰ ਗਰੇਵਾਲ ਨੇ ਭਰਾ ਵੱਲੋਂ ਰੱਬ ਤੋਂ ਭੈਣ ਦੀ ਦਾਤ ਮੰਗਦੀ ਅਰਜ਼ੋਈ ਵਾਲੀ ਕਵਿਤਾ ਪੇਸ਼ ਕਰ ਕੇ ਵੱਖਰਾ ਮਾਹੌਲ ਸਿਰਜ ਦਿੱਤਾ। ਜਗਜੀਤ ਰਹਿਸੀ ਦਾ ਸਿਆਣਪ ਦੇ ਟੋਟਕੇ ਅਤੇ ਚੋਟੀ ਦੇ ਸ਼ੇਅਰ ਸੁਨਾਉਣ ਵਿਚ ਕੋਈ ਸਾਨੀ ਨਹੀਂ। ਮਿਸਾਲ ਵਜੋਂ ਉਸ ਦਾ ਇਹ ਬੰਦ ਧਿਆਨ ਖਿੱਚਦਾ ਹੈ -

ਖਾਲੀ ਬੋਤਲਾਂ ਲੈਣ ਵਾਲਿਆਂ ਨੇ ਬੰਗਲਾ ਬਣਾ ਲਿਆ।
ਬੋਤਲਾਂ ਖਾਲੀ ਕਰਨ ਵਾਲਿਆਂ ਨੇ ਜ਼ਮੀਨ ਵੇਚਤੀ।

ਡਾ. ਮਨਮੋਹਨ ਬਾਠ ਦਾ ਫ਼ਿਲਮੀ ਗੀਤ - ਕਿਸੀ ਕੀ ਨਜ਼ਰ ਨ ਲਗੇ - ਪੁਰਾਣੇ ਗੀਤਾਂ ਦੀ ਦੁਨੀਆਂ ਵਿਚ ਲੈ ਤੁਰਿਆ। ਉਸ ਦੀ ਸੁਰੀਲੀ ਆਵਾਜ਼ ਮਿੱਠਾ ਰਸ ਘੋਲਦੀ ਹੈ। ਸੰਗੀਤਕ ਧੁਨਾਂ ਅਤੇ ਸੁਰਾਂ ਦੇ ਧਨੀ ਡਾ. ਜੋਗਾ ਸਿੰਘ ਸਹੋਤਾ ਨੇ ਸ਼ਿਵ ਕੁਮਾਰ ਦੀ ਗ਼ਜ਼ਲ - ਮੈਨੂੰ ਤੇਰਾ ਸ਼ਬਾਬ ਲੈ ਬੈਠਾ - ਤੋਂ ਇਲਾਵਾ ਹਿੰਦੀ ਗੀਤ ਪੇਸ਼ ਕੀਤਾ - ਮੁਝ ਪੇ ਅਹਿਸਾਨ ਹਵਾ ਕਰਤੀ ਹੈ। ਨਛੱਤਰ ਸਿੰਘ ਪੁਰਬਾ ਨੇ ਜੀਵਨ ਦੇ ਝਰੋਖੇ ਵਿੱਚੋਂ ਦਿਲਚਸਪ ਰਾਜ਼ ਸਾਂਝੇ ਕੀਤੇ। ਜਗਦੇਵ ਸਿੱਧੂ ਨੇ ਪੋਪ ਫਰਾਂਸਿਸ ਦੀ ਕੈਨੇਡਾ ਫੇਰੀ ਬਾਰੇ, ਭਾਰਤ ਦੀ ਆਜਾਦੀ ਨਾਲ ਸੰਬੰਧਤ ਲਾਰਡ ਮਾਊਂਟ ਬੈਟਨ ਦੇ ਰੋਲ ਬਾਰੇ, ਐਟਮ ਬੰਬ ਦੀ ਤਿਆਰੀ ਅਤੇ ਵਰਤੋਂ ਵਿਚ ਅਲਬਰਟ ਆਈਨਸਟਾਈਨ ਦੀ ਭੂਮਿਕਾ ਅਤੇ ਪ੍ਰਤੀਕਰਮ ਬਾਰੇ ਸੰਖੇਪ ਜਾਣਕਾਰੀ ਦਿੱਤੀ। ਸਾਰੀਆਂ ਪੇਸ਼ਕਾਰੀਆਂ ਤੇ ਭਰਵੀਂ ਚਰਚਾ ਹੋਈ। ਜਸਵੀਰ ਸਿਹੋਤਾ ਨੇ ਸਭ ਦਾ ਧੰਨਵਾਦ ਕੀਤਾ।

# ਕੈਲਗਰੀ ਪੁਲਿਸ ਨੇ $169,000 ਮੁੱਲ ਦੀਆਂ ਬੰਦੂਕਾਂ ਅਤੇ ਨਸ਼ੀਲੀਆਂ ਦਵਾਈਆਂ ਜ਼ਬਤ ਕਰਕੇ ਦੋ ਵਿਅਕਤੀਆਂ 'ਤੇ 33 ਦੋਸ਼ ਆਇਦ ਕੀਤੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੁਲਿਸ ਨੇ ਕੈਲਗਰੀ ਦੇ ਨਾਰਥ ਈਸਟ ਖੇਤਰ ਵਿੱਚ $169,000 ਤੋਂ ਵੱਧ ਮੁੱਲ ਦੀਆਂ ਨਸ਼ੀਲੀਆਂ ਦਵਾਈਆਂ, ਹਥਿਆਰਾਂ ਅਤੇ ਹੋਰ ਨਸ਼ੀਲੇ ਪਦਾਰਥ ਜ਼ਬਤ ਕੀਤੇ ਹਨ। ਜ਼ਬਤੀ ਦੇ ਸਬੰਧ ਵਿੱਚ ਦੋ ਵਿਅਕਤੀ ਨੂੰ ਕੁੱਲ ਮਿਲਾਕੇ ਪੁਲਿਸ ਵੱਲੋਂ ਲਗਾਏ ਗਏ 33 ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ।ਡਾਰਸੀ ਗਾਰਨੇਟ ਜ਼ੈਲਮਰ, ਉਮਰ 37 ਸਾਲ , ਅਤੇ ਨਤਾਲਿਆ ਐਨ ਨੀਲਜ਼ ਉਮਰ 22 ਸਾਲ, ਨੂੰ ਪੁਲਿਸ ਨੇ ਜੂਨ ਵਿੱਚ ਕੈਲਗਰੀ ਵਿੱਚ ਵੱਖ-ਵੱਖ ਹੋਟਲਾਂ ਅਤੇ ਘਰਾਂ ਵਿੱਚ ਰਹਿੰਦੇ ਹੋਏ ਉਹਨਾਂ ਦਾ ਪਿੱਛਾ ਕੀਤਾ ਹੋਇਆ ਸੀ। ਉਸ ਸਮੇਂ, ਉਨ੍ਹਾਂ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਦਾ ਸ਼ੱਕ ਸੀ।




ਪੁਲਿਸ ਨੇ ਦੋ ਮਹੀਨਿਆਂ ਦੇ ਦੌਰਾਨ ਇੱਕ ਸਟੋਰੇਜ ਲਾਕਰ, ਇੱਕ ਵਾਹਨ ਅਤੇ ਇੱਕ ਹੋਟਲ ਦੇ ਕਮਰੇ ਦੀ ਤਲਾਸ਼ੀ ਲਈ।ਪੁਲੀਸ ਨੇ ਇੱਕ 12 ਗੇਜ ਸ਼ਾਟਗਨ, ਇੱਕ ਐਸ ਕੇ ਐਸ ਪੋਆਇੰਟ 22 ਰਾਈਫਲ, ਕਰਾਸਬੋ, ਚਾਕੂ, ਗੋਲਾ ਬਾਰੂਦ, ਸਕੇਲ, ਵੱਖ-ਵੱਖ ਚੋਰੀ ਦਾ ਸਮਾਨ, ਚੋਰੀ ਕੀਤੇ ਡਰਾਈਵਰ ਲਾਇਸੈਂਸ, ਅਤੇ ਹੋਰ ਚੋਰੀ ਕੀਤੇ ਆਈ ਡੀ ਕਾਰਡ, 1 ਕਿਲੋਗ੍ਰਾਮ ਤੋਂ ਵੱਧ ਮੈਥਾਮਫੇਟਾਮਾਈਨ ਸਮੇਤ ਲਗਭਗ 470 ਗ੍ਰਾਮ ਫੈਂਟਾਨਿਲ ਜ਼ਬਤ ਕੀਤਾ ਹੈ। 37 ਸਾਲਾ ਉਮਰ ਦੇ ਜ਼ੈਲਮਰ ਨੂੰ ਪੁਲਿਸ ਵੱਲੋਂ ਲਗਾਏ ਗਏ ਇਹਨਾਂ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ 5 ਆਰਡਰ ਦੇ ਉਲਟ ਹਥਿਆਰ ਰੱਖਣ
14 ਰੀਲੀਜ਼ ਆਰਡਰ ਦੇ ਬ੍ਰੇਕ ਦੀਆਂ
2 ਗੋਲਾ ਬਾਰੂਦ ਦੇ ਨਾਲ ਹਥਿਆਰ ਰੱਖਣੇ
4 ਬਿਨਾਂ ਲਾਇਸੈਂਸ ਦੇ ਹਥਿਆਰ ਰੱਖਣ
1 ਹਥਿਆਰ ਦੇ ਖਤਰਨਾਕ ਸਟੋਰੇਜ਼ ਸਬੰਧੀ
2 ਤਸਕਰੀ ਦੇ ਉਦੇਸ਼ ਲਈ ਇੱਕ ਨਿਯੰਤਰਿਤ ਪਦਾਰਥ ਰੱਖਣ ਸਬੰਧੀ
1 ਅਪਰਾਧ ਦੁਆਰਾ ਪ੍ਰਾਪਤ ਕੀਤੀ ਕਮਾਈ ਸਬੰਧੀ,
ਜਦੋਂ ਕਿ 22 ਸਾਲਾ ਨਾਈਲਸ 'ਤੇ 1 ਰੀਲੀਜ਼ ਆਰਡਰ ਨੂੰ ਤੋੜਨ ਦੇ, 2 ਮਾਮਲਿਆਂ ਅਤੇ ਤਸਕਰੀ ਦੇ ਉਦੇਸ਼ ਲਈ, ਨਿਯੰਤਰਿਤ ਪਦਾਰਥ ਰੱਖਣ ਦੇ 2 ਮਾਮਲਿਆਂ ਦਾ ਦੋਸ਼ ਲਗਾਇਆ ਗਿਆ ਹੈ।

# ਐਡਮੰਟਨ ਵਿੱਚ ਗੋਲੀ ਲੱਗਣ ਕਾਰਣ 63 ਸਾਲਾ ਕਿਰਨਦੀਪ ਗਰੇਵਾਲ ਦੀ ਮੌਕੇ ਉੱਪਰ ਮੌਤ ਹੋਈ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਡਮਿੰਟਨ ਦੇ ਨਾਰਥ ਈਸਟ ਏਰੀਆ ਵਿੱਚ ਬੀਤੇ ਦਿਨੀ ਇੱਕ ਔਰਤ ਦੀ ਗੋਲੀ ਮਾਰ ਕੇ ਹੱਤਿਆ ਕਰਨ ਤੋਂ ਬਾਅਦ ਇੱਕ ਵਿਅਕਤੀ 'ਤੇ ਦੂਜੇ ਦਰਜੇ ਦੇ ਕਤਲ ਦਾ ਦੋਸ਼ ਲਗਾਇਆ ਗਿਆ ਹੈ। ਪੁਲਿਸ ਦੇ ਦੱਸਣ ਅਨਸਾਰ 162 ਐਵੇਨਿਊ ਅਤੇ 52 ਸਟ੍ਰੀਟ ਦੇ ਖੇਤਰ ਵਿੱਚ ਇੱਕ ਘਰ ਵਿੱਚ ਘਟਨਾ ਵਾਪਰਣ ਸਬੰਧੀ ਜਦੋਂ ਪੁਲਿਸ ਮੌਕੇ ਉੱਪਰ ਪੁੱਜੀ ਤਾਂ ਇੱਕ 63 ਸਾਲਾ ਔਰਤ ਅਤੇ ਇੱਕ 17 ਸਾਲਾ ਲੜਕੀ ਨੂੰ ਜ਼ਖਮੀ ਹਾਲਤ ਵਿੱਚ ਪਾਇਆ।




ਐਡਮਿੰਟਨ ਪੁਲਿਸ ਸਰਵਿਸ ਨੇ ਦੱਸਿਆ ਕਿ 63 ਸਾਲਾ ਔਰਤ ਕਿਰਨਦੀਪ ਗਰੇਵਾਲ ਦੀ ਤਾਂ ਮੌਕੇ 'ਤੇ ਹੀ ਮੌਤ ਹੋ ਗਈ ਸੀ। ਪੋਸਟਮਾਰਟਮ ਦੀ ਰਿਪੋਰਟ ਅਨਸਾਰ ਉਸਦੀ ਮੌਤ ਗੋਲੀ ਲੱਗਣ ਨਾਲ ਹੋਈ ਸੀ। ਲੜਕੀ ਨੂੰ ਗੰਭੀਰ ਹਾਲਤ ਵਿੱਚ ਇਲਾਜ ਲਈ ਹਸਪਤਾਲ ਲੈ ਜਾਇਆ ਗਿਆ। ਇਸ ਘਟਨਾ ਦੇ ਸਬੰਧ ਵਿੱਚ ਐਡਮੰਟਨ ਪੁਲਿਸ ਨੇ ਜਸਬੀਰ ਗਰੇਵਾਲ ਉਮਰ 56 ਸਾਲ ਉੱਪਰ ਦੂਜੇ ਦਰਜੇ ਦੇ ਕਤਲ ਅਤੇ ਗੰਭੀਰ ਹਮਲੇ ਦਾ ਦੋਸ਼ ਲਗਾਏ ਹਨ। ਪੁਲਿਸ ਅਨੁਸਾਰ ਮ੍ਰਿਤਕ, ਜਖਮੀ ਅਤੇ ਹਮਲਾਵਰ ਤਿੰਨੇ ਲੋਕ ਇੱਕ ਦੂਜੇ ਨੂੰ ਜਾਣਦੇ ਹਨ।

# ਪੰਜ ਕੈਲਗਰੀ ਵਾਸੀਆਂ ਕੋਲੋਂ ਤਿੰਨ ਮਿਲੀਅਨ ਤੋਂ ਵੱਧ ਦੇ ਨਸ਼ੀਲੇ ਪਦਾਰਥ ਅਤੇ ਹਥਿਆਰ ਬਰਾਮਦ ਹੋਏ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਲਾਅ ਇਨਫੋਰਸਮੈਂਟ ਰਿਸਪਾਂਸ ਟੀਮ ਨੇ ਤਕਰੀਬਨ $3 ਮਿਲੀਅਨ ਦੀ ਕੀਮਤ ਦੀ ਮੈਥ ਫੈਂਟਾਨਿਲ ਜ਼ਬਤ ਕੀਤੀ ਹੈ ਅਤੇ ਕੈਲਗਰੀ ਤੋਂ ਪੰਜ ਲੋਕਾਂ ਨੂੰ ਇਸ ਸਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ।ਅਲਬਰਟਾ ਸੀਰੀਅਸ ਇੰਸੀਡੈਂਟ ਰਿਸਪਾਂਸ ਟੀਮ ਨੇ ਇਸ ਬਰਾਮਦਗੀ ਅਤੇ ਗ੍ਰਿਫਤਾਰੀਆਂ ਨੂੰ "ਆਪ੍ਰੇਸ਼ਨ ਕਰੂਸੀਬਲ" ਅਤੇ "ਆਪ੍ਰੇਸ਼ਨ ਕੈਰੋ" ਦਾ ਨਾਂ ਦਿੱਤਾ ਹੈ। ਕੈਲਗਰੀ ਦੀ ਇਸ ਅਪਰਾਧ ਰੋਕੂ ਟੀਮ ਨੂੰ ਟੀਮ ਇਸ ਪ੍ਰਕਿਰਿਆ ਵਿੱਚ ਚਾਰ ਬੰਦੂਕਾਂ ਵੀ ਮਿਲੀਆਂ ਹਨ। 20 ਜੁਲਾਈ ਨੂੰ, "ਆਪ੍ਰੇਸ਼ਨ ਕੈਰੋ" ਦੇ ਇੱਕ ਹਿੱਸੇ ਵਜੋਂ, ਪੁਲਿਸ ਅਫਸਰਾਂ ਨੇ ਕੋਵੈਂਟਰੀ ਹਿੱਲਜ਼ ਦੇ ਨਾਰਥ ਈਸਟ ਭਾਈਚਾਰੇ ਵਿੱਚ ਦੋ ਘਰਾਂ ਦੀ ਤਲਾਸ਼ੀ ਲਈ। ਉੱਥੇ, ਉਨ੍ਹਾਂ ਨੂੰ 12,609 ਗ੍ਰਾਮ ਮੈਥ, 1,201 ਗ੍ਰਾਮ ਫੈਂਟਾਨਿਲ ਪਾਊਡਰ, ਫੈਂਟਾਨਿਲ ਦੀਆਂ 3,000 ਗੋਲੀਆਂ, ਦੋ ਲੋਡਡ ਬੰਦੂਕਾਂ, 412 ਗ੍ਰਾਮ ਕੋਕੀਨ, ਅਤੇ 1,000 ਡਾਲਰ ਤੋਂ ਵੱਧ ਨਕਦੀ ਮਿਲੀ। ਪੁਲਿਸ ਦਾ ਕਹਿਣਾ ਹੈ ਕਿ ਬੰਦੂਕਾਂ ਵਿੱਚੋਂ ਇੱਕ ਨੂੰ ਪਾਬੰਦੀਸ਼ੁਦਾ "ਲੋੜ ਨਾਲੋਂ ਵੱਡੇ ਮੈਗਜੀਨ ਵਾਲੀ ਗੰਨ ਦੇ ਤੌਰ ਤੇ ਮੋਡੀਫਾਈ ਕੀਤਾ ਹੋਇਆ ਸੀ। ਪੁਲਿਸ ਨੇ 37 ਸਾਲਾ ਮਾਰਟੀਨਾ ਵੈਲਨਟੀਨੀ, 22 ਸਾਲਾ ਐਮਿਲੀ ਹਾਈ ਅਤੇ 51 ਸਾਲਾ ਰਿਕਾਰਡੋ ਸਮਿਥ ਨੂੰ ਗ੍ਰਿਫਤਾਰ ਕੀਤਾ ਹੈ, ਸਾਰੇ ਕੈਲਗਰੀ ਦੇ ਰਹਿਣ ਵਾਲੇ ਹਨ। ਉਨ੍ਹਾਂ 'ਤੇ ਡਰੱਗ ਅਤੇ ਬੰਦੂਕ ਨਾਲ ਸਬੰਧਤ ਕਈ ਦੋਸ਼ ਹਨ। ਸਿਰਫ਼ ਇੱਕ ਹਫ਼ਤੇ ਬਾਅਦ 28 ਜੁਲਾਈ ਨੂੰ, ਅਫ਼ਸਰਾਂ ਨੇ "ਆਪ੍ਰੇਸ਼ਨ ਕਰੂਸੀਬਲ" ਦੇ ਇੱਕ ਹਿੱਸੇ ਵੱਜੋਂ ਨਾਰਥ ਵੈਸਟ ਸਪ੍ਰੂਸ ਕਲਿਫ਼ ਭਾਈਚਾਰੇ ਅਤੇ ਸ਼ੌਰਨਕਲਿਫ਼ ਦੇ ਭਾਈਚਾਰੇ ਵਿੱਚ ਦੋ ਘਰਾਂ ਦੀ ਤਲਾਸ਼ੀ ਲਈ। ਇੱਥੇ ਪੁਲਿਸ ਨੂੰ 28,355 ਗ੍ਰਾਮ ਮੈਥ, ਇੱਕ ਨਿਸਾਨ ਦੀ ਐਸ ਯੂ ਵੀ ਜਿਸ ਵਿੱਚ ਸਮਾਨ ਲੁਕਾਉਣ ਲਈ ਵਿਸੇਸ ਤੌਰ ਤੇ ਇੱਕ ਬੌਕਸ ਬਣਾਇਆ ਸੀ ਅਤੇ ਦੋ ਹੋਰ ਬੰਦੂਕਾਂ ਹੱਥ ਲੱਗੀਆਂ । ਇਸ ਮੌਕੇ ਕੈਲਗਰੀ ਤੋਂ 33 ਸਾਲਾ ਮੈਥਿਊ ਐਲਨ ਅਤੇ 18 ਸਾਲਾ ਖਿਨਾਨ ਐਕਰਲ ਨੂੰ ਗ੍ਰਿਫਤਾਰ ਕੀਤਾ।

SSSS IMMIGRATION SERVICES
www.ssssimmigration.com
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY FOR STUDENTS & POST GRADUATE WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

HMP CUSTOM CABINETS
SPECIALIST IN CUSTOM KITCHEN, BARS, WASHROOM VANITY, CLOSET & ALL COMMERCIAL MIL WORK
BUILT GARAGE, GARAGE DOOR INSTALL, NEW HOUSES FARMING, OLD HOUSE EXTENSION & ANY OTHER ADD ON CONSTRUCTION WORK, BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

Universal Immigration Consultancy
UIC Immigration Consultant
Paramjit Kaur
param@uicimmigration.com
www.uicimmigration.com
Phone: 306-914-8555 | Office: 306-546-0502
To help you attain your goals for immigration to Canada through...
• Provincial Nominee Programs
• Express Entry
• Family/ Spouse Sponsorship
• Work Permit, Visitor Visa
• PR Card and Citizenship
• Prepare Immigration applications or related documents
• Student Recruitment and Student visa, SINP, TR to PR,
ਇੰਮੀਗ੍ਰੇਸ਼ਨ ਦੇ ਕਿਸੇ ਵੀ ਮਸਲੇ ਬਾਰੇ ਜਾਣਕਾਰੀ ਅਤੇ ਉਹਦੇ ਹੱਲ ਸੰਬੰਧੀ ਯੂਨੀਵਰਸਲ ਇੰਮੀਗ੍ਰੇਸ਼ਨ ਵਾਲਿਆਂ ਨੂੰ ਕਾਲ ਕਰੋ।
Unit#4-3000 Diefenbaker Dr, Saskatoon (SK) S7L7K2 (Near Superstore West)
Regulated Canadian Immigration Consultant, CEO Member of ICCRC

CENTURY 21 Fusion
RANDY SINGH
Saskatoon REALTOR®
306.361.7810
randy.singh@century21.ca
randysinghrealty.com
Call me today!
Not intended to solicit properties currently listed for sale or buyers under contract.
Each office is independently owned and operated.

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets: Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ
Call Romi Sidhu For Insurance & Financial Needs
StateFarm IS NOW Desjardins Insurance
Monday-Friday 9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent

# ਪ੍ਰੋਵਿੰਸਜ਼ ਨੂੰ ਇਮੀਗ੍ਰੇਸ਼ਨ ਬਾਬਤ ਵੱਧ ਅਧਿਕਾਰ ਦੇਣਾ ਸਮੇਂ ਦੀ ਲੋੜ : ਜਸਰਾਜ ਹੱਲਣ

## ਬੈਕਲੌਗ ਨੂੰ ਘਟਾਉਣ ਲਈ ਦਿੱਤੇ ਸੁਝਾਅ 'ਤੇ ਸਰਕਾਰ ਵੱਲੋਂ ਅਮਲ ਨਾ ਕਰਨ ਦੇ ਦੋਸ਼

ਕੰਜ਼ਰਵੇਟਿਵ ਇਮੀਗ੍ਰੇਸ਼ਨ ਕ੍ਰਿਟਿਕ ਅਤੇ ਪੰਜਾਬੀ ਮੂਲ ਦੇ ਐਮ ਪੀ ਜਸਰਾਜ ਹੱਲਣ ਨੇ ਕੈਨੇਡਾ ਵਿੱਚ ਇਮੀਗ੍ਰੇਸ਼ਨ ਦੇ ਵੱਧ ਰਹੇ ਬੈਕਲੌਗ ਅਤੇ ਕੁਝ ਚੋਣਵੇਂ ਸ਼ਹਿਰਾਂ 'ਚ ਇਮੀਗ੍ਰੈਂਟਸ ਦੀ ਵੱਧ ਰਹੀ ਆਬਾਦੀ ਆਦਿ ਮਸਲਿਆਂ ਨੂੰ ਸੁਲਝਾਉਣ ਲਈ ਪ੍ਰੋਵਿੰਸਜ਼ ਨੂੰ ਵਧੇਰੇ ਅਧਿਕਾਰ ਦੇਣ ਦੀ ਗੱਲ ਆਖੀ ਹੈ ਜ਼ਿਕਰਯੋਗ ਹੈ ਕਿ ਕਾਮਿਆਂ ਦੀ ਘਾਟ ਦੀ ਸਮੱਸਿਆ ਦਾ ਹਵਾਲਾ ਦਿੰਦਿਆਂ ਓਨਟੇਰਿਓ, ਐਲਬਰਟਾ, ਸਸਕੈਚਵਨ ਅਤੇ ਮੈਨੀਟੋਬਾ ਦੇ ਇਮੀਗ੍ਰੇਸ਼ਨ ਮੰਤਰੀਆਂ ਨੇ ਫ਼ੈਡਰਲ ਸਰਕਾਰ ਨੂੰ ਇਮੀਗ੍ਰੇਸ਼ਨ 'ਤੇ ਵਧੇਰੇ ਇਖ਼ਤਿਆਰ ਦਿੱਤੇ ਜਾਣ ਦੀ ਮੰਗ ਕੀਤੀ ਹੈ।

***ਜਸਰਾਜ ਹੱਲਣ ਵੱਲੋਂ ਇਹ ਵਿਚਾਰ ਰੇਡੀਓ ਕੈਨੇਡਾ ਇੰਟਰਨੈਸ਼ਨਲ ਨਾਲ ਇਕ ਖਾਸ ਇੰਟਰਵਿਊ ਦੌਰਾਨ ਸਾਂਝੇ ਕੀਤੇ ਗਏ ਪੇਸ਼ ਹਨ ਇੰਟਰਵਿਊ ਦੇ ਕੁਝ ਅੰਸ਼ :***

***ਕੈਨੇਡਾ ਵਿੱਚ ਅਰਜ਼ੀਆਂ ਦਾ ਬੈਕਲੌਗ ਲਗਾਤਾਰ ਵੱਧ ਰਿਹਾ ਹੈ ਕੀ ਕਹੋਗੇ ?***

ਮੈਂ ਇਮੀਗ੍ਰੇਸ਼ਨ ਕ੍ਰਿਟਿਕ ਬਣਨ ਤੋਂ ਪਹਿਲਾਂ ਤੋਂ ਹੀ ਬੈਕਲੌਗ ਦੇ ਮਸਲੇ ਨੂੰ ਚੱਕ ਰਿਹਾ ਹਾਂ ਲਿਬਰਲ ਸਰਕਾਰ ਵੱਲੋਂ ਬੈਕਲੌਗ ਨੂੰ ਘਟਾਉਣ ਦੀ ਬਜਾਏ ਮੰਤਰੀਆਂ ਦੇ ਮਹਿਕਮੇ ਬਦਲੇ ਜਾ ਰਹੇ ਹਨ

***ਸਾਡੇ ਕੋਲ ਬਹੁਤ ਸਾਰੇ ਪਰਿਵਾਰ ਆਉਂਦੇ ਹਨ ਜੋ ਬਹੁਤ ਪ੍ਰੇਸ਼ਾਨ ਹੋ ਰਹੇ ਹਨ ਬੈਕਲੌਗ ਦੇ ਚਲਦਿਆਂ ਪਰਿਵਾਰ ਟੁੱਟ ਰਹੇ ਹਨ ਅਸੀਂ ਸਰਕਾਰ ਨੂੰ ਬਹੁਤ ਸਾਰੇ ਸੁਝਾਅ ਜਿੰਨ੍ਹਾਂ ਵਿੱਚ ਪੀ ਆਰ ਕਾਰਡ ਨੂੰ ਡਿਜ਼ੀਟਲ ਰੂਪ ਦੇਣ , ਅਰਜ਼ੀਆਂ ਅਤੇ ਇੰਟਰਵਿਊਜ਼ ਨੂੰ ਔਨਲਾਈਨ ਕਰਨਾ ਸ਼ਾਮਿਲ ਸੀ, ਦਿੱਤੇ ਹਨ , ਪਰ ਸਰਕਾਰ ਨੇ ਗੌਰ ਨਹੀਂ ਕੀਤਾ ਸਰਕਾਰ ਨੇ ਸੁਪਰ ਵੀਜ਼ੇ 'ਤੇ ਨਿਯਮ ਸਖ਼ਤ ਕੀਤੇ ਹਨ ਕੀ ਕਹੋਗੇ ?***

ਮੈਂ ਦੱਸਣਾ ਚਾਹੁੰਦਾ ਹਾਂ ਕਿ ਸੁਪਰ ਵੀਜ਼ੇ ਨੂੰ ਕੰਜ਼ਰਵੇਟਿਵ ਸਰਕਾਰ ਵੱਲੋਂ ਹੀ ਲਿਆਂਦਾ ਗਿਆ ਸੀ ਅਤੇ ਹੁਣ ਸਾਡੇ ਹੀ ਇਕ ਐਮ ਪੀ ਨੇ ਇਸ ਬਾਬਤ ਇਕ ਬਿੱਲ ਲਿਆਂਦਾ ਸੀ , ਪਰ ਸਰਕਾਰ ਨੇ ਬਿੱਲ ਪਾਸ ਹੋਣ ਤੋਂ ਪਹਿਲਾਂ ਹੀ ਮਿਨਿਸਟਰੀਅਲ ਇੰਸਟਰਕਸ਼ਨਜ਼ ਰਾਹੀਂ ਵੀਜ਼ੇ ਦੀਆਂ ਸ਼ਰਤਾਂ ਵਿੱਚ ਸੋਧ ਕਰ ਦਿੱਤੀ

***ਸੁਪਰ ਵੀਜ਼ੇ ਲਈ ਇੰਸ਼ੋਰੈਂਸ ਦੀ ਸਾਰੀ ਰਕਮ ਇਕੱਠੀ ਦੇਣ ਦੀ ਸ਼ਰਤ ਤੋਂ ਬਿਨੈਕਾਰ ਪ੍ਰੇਸ਼ਾਨ***

ਅਸੀਂ ਲਿਬਰਲ ਸਰਕਾਰ ਤੋਂ ਮੰਗ ਕਰ ਰਹੇ ਹਾਂ ਕਿ ਉਹ ਆਮਦਨ ਦੀ ਸ਼ਰਤ ਵਿੱਚ ਛੋਟ ਦੇਵੇ ਤਾਂ ਜੋ ਹੋਰ ਪਰਿਵਾਰ ਵੀ ਇਸਦਾ ਲਾਭ ਲੈ ਸਕਣ ਨਵੇਂ ਆਏ ਹੋਏ ਕੈਨੇਡੀਅਨਜ਼ ਨੂੰ ਆਪਣੇ ਪਰਿਵਾਰ ਦੀ ਬਹੁਤ ਲੋੜ ਹੁੰਦੀ ਹੈ , ਪਰ ਉਹ ਆਮਦਨ ਦੀ ਸ਼ਰਤ ਨਹੀਂ ਪੂਰੀ ਕਰ ਪਾਉਂਦੇ

***ਸਰਕਾਰ ਵੱਲੋਂ ਮਾਪਿਆਂ ਨੂੰ ਵੱਡੀ ਗਿਣਤੀ ਵਿੱਚ ਪੀ ਆਰ ਨਹੀਂ ਦਿੱਤੀ ਜਾ ਰਹੀ , ਜੇਕਰ ਤੁਹਾਡੀ ਸਰਕਾਰ ਬਣਦੀ ਹੈ ਤਾਂ ਕੀ ਤੁਸੀਂ ਸਲਾਨਾ ਟੀਚੇ 'ਚ ਵਾਧਾ ਕਰੋਗੇ ?***

ਲਿਬਰਲ ਸਰਕਾਰ ਵੱਲੋਂ ਚਲਾਇਆ ਜਾ ਰਿਹਾ ਪੇਰੈਂਟਸ ਐਂਡ ਗ੍ਰੈਂਡ ਪੇਰੈਂਟਸ ਪ੍ਰੋਗਰਾਮ ਵੀ ਬਹੁਤ ਧੀਮੀ ਰਫ਼ਤਾਰ ਨਾਲ ਚੱਲ ਰਿਹਾ ਹੈ ਬਹੁਤ ਸਾਰੇ ਲੋਕ ਸਾਡੇ ਕੋਲ ਆਪਣੇ ਮਾਪਿਆਂ ਦੇ ਕੇਸ ਬਾਰੇ ਪਤਾ ਕਰਨ ਆਉਂਦੇ ਹਨ ਸਾਡੀ ਸਰਕਾਰ ਆਉਣ 'ਤੇ ਅਸੀਂ ਇਸ ਬਾਰੇ ਜਾਂਚ ਪੜਤਾਲ ਕਰਨ ਤੋਂ ਬਾਅਦ



ਇਮੀਗ੍ਰੇਸ਼ਨ ਕ੍ਰਿਟਿਕ ਜਸਰਾਜ ਹੱਲਣ

ਜੇਕਰ ਸੰਭਵ ਹੋਇਆ ਤਾਂ ਅਸੀਂ ਸਲਾਨਾ ਟੀਚੇ ਵਿੱਚ ਵਾਧਾ ਕਰਾਂਗੇ

***ਕੈਨੇਡਾ ਵਿੱਚ ਨਵੇਂ ਆਏ ਸਕਿਲਡ ਇਮੀਗ੍ਰੈਂਟਸ ਆਪਣੇ ਕਿੱਤਿਆਂ ਨੂੰ ਨਹੀਂ ਚੁਣ ਪਾ ਰਹੇ ਉਹਨਾਂ ਨੂੰ ਬਹੁਤ ਗੁੰਝਲਦਾਰ ਪ੍ਰਕਿਰਿਆ 'ਚੋਂ ਲੰਘਣਾ ਪੈਂਦਾ ਹੈ ਇਸ ਬਾਰੇ ਕੀ ਕਹੋਗੇ ?***

ਸਾਡੇ ਇਕ ਐਮ ਪੀ ਵੱਲੋਂ ਇਸ ਪ੍ਰਕਿਰਿਆ ਨੂੰ ਸੌਖਾ ਕਰਨ ਲਈ ਇਕ ਬਿੱਲ ਲਿਆਂਦਾ ਗਿਆ ਹੈ ਕੰਜ਼ਰਵੇਟਿਵ ਲੀਡਰਸ਼ਿਪ ਦੇ ਉਮੀਦਵਾਰ ਪੀਅਰ ਪੌਲੀਐਵ ਨੇ ਵੀ ਇਹ ਮੰਗ ਕੀਤੀ ਹੈ ਕਿ ਨਵੇਂ ਸਕਿਲਡ ਇਮੀਗ੍ਰੈਂਟਸ ਜੇਕਰ ਆਪਣੀ ਸਕਿੱਲ ਨੂੰ ਸਾਬਿਤ ਕਰ ਦੇਣ ਤਾਂ ਉਹਨਾਂ ਨੂੰ ਜਲਦ ਤੋਂ ਜਲਦ ਆਪਣੇ ਹੀ ਮੁਹਾਰਤ ਵਾਲੇ ਕਿੱਤੇ ਵਿੱਚ ਕੰਮ ਮਿਲਣਾ ਚਾਹੀਦਾ ਹੈ ਸਾਡੀ ਸਰਕਾਰ ਆਉਣ 'ਤੇ ਅਸੀਂ ਪ੍ਰਕਿਰਿਆ ਨੂੰ ਸੌਖਾ ਬਣਾਵਾਂਗੇ

***ਵਿਦੇਸ਼ 'ਚ ਸਿਖਲਾਈ ਪ੍ਰਾਪਤ ਡਾਕਟਰ ਪੀ.ਈ.ਆਈ. 'ਚ ਕੰਮ ਕਰਨ 'ਚ ਆਉਂਦੀਆਂ ਰੁਕਾਵਟਾਂ ਤੋਂ ਨਿਰਾਸ਼***

ਬਹੁਤ ਸਾਰੇ ਇਮੀਗ੍ਰੈਂਟਸ ਓਨਟੇਰੀਓ ਜਾਂ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰਾਂ ਨੂੰ ਚੁਣਦੇ ਹਨ , ਇਸ ਨਾਲ ਘਰਾਂ ਦੀ ਮਹਿੰਗਾਈ ਸਮੇਤ ਹੋਰ ਕਈ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ ਤੁਸੀਂ ਇਸ ਬਾਰੇ ਕੀ ਕਰ ਰਹੇ ਹੋ ?

ਸਰਕਾਰ ਦੀਆਂ ਨੀਤੀਆਂ ਨਾਲ ਸ਼ਹਿਰੀ ਅਤੇ ਪੇਂਡੂ ਇਲਾਕੇ , ਦੋਵੇਂ ਹੀ ਪ੍ਰਭਾਵਿਤ ਹਨ ਸਰਕਾਰ ਨੂੰ ਅਜਿਹੀ ਨੀਤੀ ਬਣਾਉਣ ਦੀ ਲੋੜ ਹੈ ਜਿਸ ਨਾਲ ਲੋਕ ਪੇਂਡੂ ਇਲਾਕਿਆਂ ਵੱਲ ਜਾਣ ਇਹ ਪ੍ਰੋਵਿੰਸਜ਼ ਨੂੰ ਵਧੇਰੇ ਅਧਿਕਾਰ ਦੇਣ ਨਾਲ ਸੰਭਵ ਹੋ ਸਕਦਾ ਹੈ

ਪ੍ਰੋਵਿੰਸਜ਼ ਨੂੰ ਇਮੀਗ੍ਰੇਸ਼ਨ ਦੇ ਮਾਮਲੇ ਵਿੱਚ ਵਧੇਰੇ ਇਖ਼ਤਿਆਰ ਦੇਣ ਦੀ ਲੋੜ ਹੈ ਸੂਬਾਈ ਸਰਕਾਰਾਂ ਨੂੰ ਫ਼ੈਡਰਲ ਸਰਕਾਰ ਨਾਲੋਂ ਕਾਮਿਆਂ ਦੀ ਘਾਟ ਅਤੇ ਕਿੱਤਿਆਂ ਬਾਰੇ ਵਧੇਰੇ ਜਾਣਕਾਰੀ ਹੈ ਅਜਿਹੇ ਨਾਲ ਪ੍ਰਵਿੰਸਜ਼ ਆਪਣੇ ਹਿਸਾਬ ਨਾਲ ਨੀਤੀ ਬਣਾ ਸਕਣਗੀਆਂ ਅਤੇ ਲੋਕ ਪੇਂਡੂ ਇਲਾਕਿਆਂ ਵਿੱਚ ਜਾਣਗੇ

***ਅੰਤਰ ਰਾਸ਼ਟਰੀ ਵਿਦਿਆਰਥੀਆਂ ਦੇ ਕੰਮ ਦੇ ਘੰਟਿਆਂ ਨੂੰ ਵਧਾਉਣ ਦੀ ਮੰਗ ਚੱਲ ਰਹੀ ਹੈ ਕੀ ਕਹੋਗੇ ?***

ਕੈਨੇਡਾ ਵਿੱਚ ਕਾਮਿਆਂ ਦੀ ਵੱਡੀ ਘਾਟ ਹੈ ਜੇਕਰ ਸਰਕਾਰ ਤੋਂ ਕਾਮਿਆਂ ਦੀ ਘਾਟ ਨਹੀਂ ਪੂਰੀ ਹੋ ਰਹੀ ਤਾਂ ਵਿਦਿਆਰਥੀਆਂ ਦੇ ਕੰਮ ਦੇ ਘੰਟੇ ਵਧਾਉਣਾ ਇਕ ਚੰਗਾ ਕਦਮ ਹੋ ਸਕਦਾ ਹੈ ਹਾਊਸ ਆਫ਼ ਕਾਮਨਜ਼ ਦੀ ਇਮੀਗ੍ਰੇਸ਼ਨ ਕਮੇਟੀ ਵਿੱਚ ਵੀ ਇਸ ਮਸਲੇ ਨੂੰ ਵਿਚਾਰਿਆ ਜਾ ਚੁੱਕਾ ਹੈ ਅਜਿਹਾ ਕਰਨ ਦੀ ਸ਼ਕਤੀ ਫ਼ੈਡਰਲ ਸਰਕਾਰ ਕੋਲ ਹੈ

***ਅੰਤਰ ਰਾਸ਼ਟਰੀ ਵਿਦਿਆਰਥੀਆਂ ਲਈ ਮਹਿੰਗੀ ਹੋਣ ਲੱਗੀ ਰਿਹਾਇਸ਼ ਟੀ ਆਰ ਟੂ ਪੀ ਆਰ ਪ੍ਰੋਗਰਾਮ ਵਿੱਚ ਤੁਹਾਡਾ ਕੀ ਯੋਗਦਾਨ ਸੀ ?***

ਇਹ ਤਜ਼ਵੀਜ਼ ਮੇਰੇ ਦੁਆਰਾ ਲਿਆਂਦੀ ਗਈ ਸੀ ਅਸੀਂ ਮਹਿਸੂਸ ਕੀਤਾ ਕਿ ਕੋਵਿਡ ਦੇ ਕਾਰਨ ਬਾਹਰੋਂ ਇਮੀਗ੍ਰੈਂਟਸ ਨਹੀਂ ਆ ਪਾ ਰਹੇ ਤਾਂ ਮੈਂ ਸਰਕਾਰ ਨੂੰ ਕੈਨਡਾ 'ਚ ਵਸਦੇ ਕਾਮਿਆਂ ਨੂੰ ਪੀ ਆਰ ਦੇਣ ਦੀ ਤਜ਼ਵੀਜ਼ ਰੱਖੀ ਸਰਕਾਰ ਨੇ ਇਹ ਪ੍ਰੋਗਰਾਮ ਤਾਂ ਲਿਆਂਦਾ , ਪਰ ਇਸਨੂੰ ਲਾਗੂ ਕਰਨ ਵਿੱਚ ਸਹੀ ਤਰੀਕਾ ਨਹੀਂ ਵਰਤਿਆ ।

**(ਧੰਨਵਾਦ ਸਹਿਤ ਆਰ ਸੀ ਆਈ ਮੀਡੀਆ ਤੋਂ ਸਰਬਮੀਤ ਸਿੰਘ ਦੀ ਵਿਸੇਸ ਰਿਪੋਰਟ )**


Sidhu Accounting & Financial Services



Accounting Services
Personal Tax Returns
• Corporate Tax Returns
• Computerized Bookkeeping
• T4's
• Record of Employment

Financial Services
• RRSP
• Life Insurance
Term Life
Universal Life
• Critical Illness Insurance
• Segregated Funds

IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NORTHEAST AUTOMOTIVE



Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖ਼ਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆਂ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE



NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇਂ ਨਾ ਡਰੋ!
"ਪੰਜਾਬੀ ਚੁੱਲ੍ਹੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142

## ਸੰਪਾਦਕੀ



ਲੰਮੇ ਪੈਂਡੇ ਲਈ ਸਾਥ ਅਤੇ ਸਾਂਝ ਜ਼ਰੂਰੀ ਹੈ।
-ਅਮਰੀਕੀ ਕਹਾਵਤ

# ਮਾਨ ਸਰਕਾਰ ਦੇ ਪੰਜ ਮਹੀਨੇ

ਆਮ ਆਦਮੀ ਪਾਰਟੀ ਦੀ ਸਰਕਾਰ ਬਣਿਆ ਪੰਜ ਮਹੀਨੇ ਹੋ ਗਏ ਹਨ। ਇਸ ਸਮੇਂ ਦੌਰਾਨ ਇਹ ਸਰਕਾਰ ਹਮੇਸ਼ਾਂ ਚਰਚਾ ਵਿੱਚ ਰਹੀ ਹੈ। ਕਦੇ ਇਸ ਦੀ ਚਰਚਾ ਵਿਰੋਧੀ ਕਰਦੇ ਹਨ ਅਤੇ ਕਦੇ ਇਸ ਦੁਆਰਾ ਆਪ ਹੀ ਕਰਵਾ ਲਈ ਜਾਂਦੀ ਹੈ। ਪਰ ਇਸ ਸਭ ਦੇ ਬਾਵਜੂਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੁੱਝ ਫੈਸਲੇ ਅਜਿਹੇ ਲਏ ਹਨ ਜਿਨ੍ਹਾਂ ਦੀ ਪ੍ਰਸ਼ੰਸਾ ਹਰ ਪਾਸਿਓਂ ਹੋ ਰਹੀ ਹੈ। ਆਮ ਆਦਮੀ ਪਾਰਟੀ ਜਾਂ ਇਸ ਦੇ ਲੀਡਰ ਖਾਸ ਕਰਕੇ ਅਰਵਿੰਦ ਕੇਜਰੀਵਾਲ ਅਕਸਰ ਹੀ ਇਹ ਦਾਅਵਾ ਕਰਦੇ ਹਨ ਕਿ ਉਹ ਅਤੇ ਉਨ੍ਹਾਂ ਦੀ ਪਾਰਟੀ ਕੱਟੜ ਇਮਾਨਦਾਰੀ ਹੈ। ਉਨ੍ਹਾਂ ਦੇ ਇਸ ਦਾਅਵੇ ਉਤੇ ਲੋਕ ਵਿਸ਼ਵਾਸ ਵੀ ਕਰਦੇ ਹਨ। ਇਸੇ ਕਾਰਨ ਪੰਜਾਬ ਦੇ ਲੋਕਾਂ ਨੇ ਇਸ ਪਾਰਟੀ ਨੂੰ ਇੰਨੀਆਂ ਵੋਟਾਂ ਦਿੱਤੀਆਂ ਜਿਹੜੀਆਂ ਕਿ ਸੰਭਾਲੀਆਂ ਨਹੀਂ ਜਾ ਸਕਦੀਆਂ ਅਤੇ ਇਸ ਪਾਰਟੀ ਦੇ 92 ਵਿਧਾਇਕ ਜਿੱਤੇ ਹਨ। ਲੋਕਾਂ ਨੂੰ ਆਸ ਹੈ ਕਿ ਇਹ ਸਾਰੇ ਇਮਾਨਦਾਰੀ ਨਾਲ ਕੰਮ ਕਰਨਗੇ। ਇੱਕ ਮੰਤਰੀ ਨੇ ਇਮਾਨਦਾਰੀ ਨਹੀਂ ਦਿਖਾਈ ਤਾਂ ਉਸ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ। ਜਿਹੜੇ ਵਿਰੋਧੀ ਹਨ ਜਾਂ ਜਿਹੜੇ ਲੀਡਰਾਂ ਨੇ ਪਿਛਲੀਆਂ ਸਰਕਾਰਾਂ ਦੌਰਾਨ ਭ੍ਰਿਸ਼ਟਾਚਾਰ ਦੀ ਅੱਤ ਮਚਾਈ ਸੀ ਅੱਜ ਉਹ ਜਾਂ ਤਾਂ ਜੇਲ੍ਹ ਦੀ ਹਵਾ ਖਾ ਰਹੇ ਹਨ ਜਾਂ ਫਿਰ ਉਨ੍ਹਾਂ ਖਿਲਾਫ ਜਾਂਚ ਚੱਲ ਰਹੀ ਹੈ। ਅੱਜ ਤਾਂ ਲੋਕਾਂ ਵਿੱਚ ਇਹ ਵੀ ਚਰਚਾ ਹੈ ਕਿ ਵਿਰੋਧੀ ਆਗੂ ਇਸ ਲਈ ਵਿਦੇਸ਼ ਚਲੇ ਗਏ ਕਿ ਉਨ੍ਹਾਂ ਨੂੰ ਡਰ ਹੈ ਕਿ ਉਨ੍ਹਾਂ ਨੂੰ ਵੀ ਉਨ੍ਹਾਂ ਦੇ ਮਾੜੇ ਕੰਮਾਂ ਕਰਕੇ ਜੇਲ੍ਹ ਵਿੱਚ ਨਾ ਸੁੱਟ ਦਿੱਤਾ ਜਾਵੇ। ਇਸ ਤੋਂ ਇਲਾਵਾ ਮਾਨ ਸਰਕਾਰ ਨੇ ਜਿੱਥੇ ਭੂ-ਮਾਫੀਆਂ ਤੋਂ ਸਰਕਾਰੀ ਜ਼ਮੀਨਾਂ ਛੁਡਵਾਈਆਂ ਉਥੇ ਹੀ ਵਿਧਾਇਕਾਂ ਦੀਆਂ ਪੈਨਸ਼ਨਾਂ ਬਾਰੇ ਜਿਹੜਾ ਬਿਲ ਲਿਆਂਦਾ ਉਸ ਨੇ ਵੀ ਸਿਆਸੀ ਲੀਡਰਾਂ ਨੂੰ ਸਬਕ ਸਿਖਾਇਆ ਹੈ ਕਿ ਲੀਡਰੀ ਸੇਵਾ ਲਈ ਹੁੰਦੀ ਹੈ ਨਾ ਕਿ ਪੈਸੇ ਲਈ। ਹੁਣ ਇੱਕ ਵਿਧਾਇਕ ਲਈ ਇੱਕ ਪੈਨਸ਼ਨ ਦੀ ਵਿਵਸਥਾ ਹੋ ਗਈ ਹੈ। ਉਂਝ ਤਾਂ ਅਰਵਿੰਦ ਕੇਜਰੀਵਾਲ ਨੇ ਬਹੁਤ ਸਾਰੀਆਂ ਗਰੰਟੀਆਂ ਦਿੱਤੀਆਂ ਸਨ ਪਰ ਪੰਜਾਬ ਦੇ ਲੋਕਾਂ ਨੂੰ 300-300 ਯੂਨਿਟ ਮੁਆਫ ਕਰਨ ਦਾ ਜੋ ਵਾਅਦਾ ਕੀਤਾ ਸੀ ਸਰਕਾਰ ਨੇ ਉਸ ਨੂੰ ਤੁਰੰਤ ਲਾਗੂ ਕਰ ਦਿੱਤਾ ਹੈ। ਹਾਲਾਂਕਿ ਕੁੱਝ ਇੱਕ ਸ਼ਰਤਾਂ ਜ਼ਰੂਰ ਰੱਖੀਆਂ ਗਈਆਂ ਹਨ ਪਰ ਜ਼ਿਆਦਾਤਰ ਲੋਕਾਂ ਨੂੰ ਇਸ ਐਲਾਨ ਨਾਲ ਬਹੁਤ ਵੱਡੀ ਰਾਹਤ ਮਿਲੇਗੀ। ਮੁੱਖ ਮੰਤਰੀ ਮਾਨ ਦਾ ਇਹ ਦਾਅਵਾ ਵੀ ਹੈ ਕਿ ਮਹਿਲਾਵਾਂ ਨੂੰ 1000-1000 ਰੁਪਏ ਦੇਣ ਦੀ ਸਹੂਲਤ ਵੀ ਛੇਤੀ ਹੀ ਪੂਰੀ ਕਰ ਲਈ ਜਾਵੇਗੀ। ਰੁਜ਼ਗਾਰ ਦੇ ਮਾਮਲੇ ਵਿੱਚ ਵੀ ਕੁੱਝ ਕਦਮ ਚੁੱਕੇ ਹਨ ਅਤੇ ਆਸ ਕਰਦੇ ਹਾਂ ਕਿ ਭਵਿੱਖ ਵਿੱਚ ਸਰਕਾਰ ਹੋਰ ਰੁਜ਼ਗਾਰ ਮੁਹੱਈਆ ਕਰਵਾਏਗੀ ਜਿਸ ਨਾਲ ਕਿ ਨੌਜਵਾਨ ਇੱਕ ਪਾਸੇ ਤਾਂ ਵਿਦੇਸ਼ ਜਾਣੋਂ ਬੰਦ ਹੋਣਗੇ ਉਥੇ ਹੀ ਨਸ਼ਿਆਂ ਨੂੰ ਠੱਲ੍ਹ ਪਵੇਗੀ। ਸਰਕਾਰ ਜਿੱਥੇ ਵਧੀਆ ਕੰਮ ਕਰ ਰਹੀ ਹੈ ਉਸ ਇਸ ਕੰਮ ਦੌਰਾਨ ਕੁੱਝ ਗਲਤੀਆਂ ਵੀ ਹੋਈਆਂ ਹਨ। ਜਿਸ ਦਾ ਖਮਿਆਜ਼ਾ ਪਾਰਟੀ ਨੂੰ ਵੀ ਝੱਲਣਾ ਪਿਆ ਹੈ। ਇਹ ਠੀਕ ਹੈ ਕਿ ਬਹੁਤ ਸਾਰੇ ਲੋਕ ਵੀ ਆਈ ਪੀ ਦਿਸਣ ਲਈ ਸਰਕਾਰੀ ਸਿਕਿਓਰਿਟੀਆਂ ਲੈਂਦੇ ਹਨ, ਉਨ੍ਹਾਂ ਤੋਂ ਤਾਂ ਸਿਕਿਓਰਿਟੀ ਵਾਪਸ ਲਈ ਜਾਣੀ ਚਾਹੀਦੀ ਹੈ ਪਰ ਜਿੱਥੇ ਜ਼ਰੂਰੀ ਹੋਵੇ ਤਾਂ ਉਥੋਂ ਸਿਕਿਓਰਿਟੀ ਵਾਪਸ ਲੈਣ ਅਤੇ ਫਿਰ ਉਸ ਦਾ ਪ੍ਰਚਾਰ ਕਰਨਾ ਗਲਤ ਗੱਲ ਕਹੀ ਜਾ ਸਕਦੀ ਹੈ। ਲੋਕਾਂ ਵਿੱਚ ਇਸ ਗੱਲ ਦਾ ਵੀ ਪ੍ਰਚਾਰ ਹੈ ਕਿ ਸਿੱਧੂ ਮੂਸੇਵਾਲ ਦਾ ਕਤਲ ਵੀ ਆਮ ਆਦਮੀ ਪਾਰਟੀ ਦੇ ਪ੍ਰਚਾਰ ਕਾਰਨ ਹੀ ਹੋਇਆ। ਇਸ ਤੋਂ ਬਾਅਦ ਸਿਹਤ ਮੰਤਰੀ ਦੁਆਰਾ ਬਾਬਾ ਫਰੀਦ ਯੂਨੀਵਰਸਿਟੀ ਦੇ ਵੀ ਸੀ ਨਾਲ ਜਿਹੜਾ ਵਰਤਾਓ ਕੀਤਾ ਗਿਆ ਉਹ ਵੀ ਕੋਈ ਪ੍ਰਸ਼ੰਸਾਯੋਗ ਕਾਰਵਾਈ ਨਹੀਂ ਸੀ। ਇਸ ਦੀ ਆਲੋਚਨਾ ਹੁਣ ਤੱਕ ਹੋ ਰਹੀ ਹੈ। ਬਹੁਤ ਸਾਰੇ ਵਿਧਾਇਕਾਂ ਨੂੰ ਅਨੁਸ਼ਾਸਨ ਵਿੱਚ ਰਹਿਣ ਦੀ ਲੋੜ ਹੈ। ਹਾਲਾਂਕਿ ਮੁੱਖ ਮੰਤਰੀ ਨੇ ਵਿਧਾਇਕਾਂ ਅਤੇ ਮੰਤਰੀਆਂ ਨੂੰ ਸੰਜਮ ਵਿੱਚ ਰਹਿਣ ਲਈ ਕਿਹਾ ਹੈ ਪਰ ਫਿਰ ਇਹ ਕਿਹਾ ਜਾ ਸਕਦਾ ਹੈ ਇਸ ਪਾਰਟੀ ਅਤੇ ਸਰਕਾਰ ਨੂੰ ਹਾਲੇ ਬਹੁਤ ਸਾਰੇ ਸਬਕ ਸਿੱਖਣ ਦੀ ਲੋੜ ਹੈ। ਇਹ ਠੀਕ ਹੈ ਕਿ ਇਸ ਸਰਕਾਰ ਕੋਲ ਵੱਡਾ ਤਜਰਬਾ ਨਹੀਂ ਹੈ ਕਿ ਹੌਲੀ-ਹੌਲੀ ਮੁੱਖ ਮੰਤਰੀ ਮਾਨ ਸਭ ਕੁੱਝ ਸੰਭਾਲ ਲੈਣਗੇ ਇਸ ਦੀ ਆਸ ਕੀਤੀ ਜਾਂਦੀ ਹੈ। ਪਰ ਇਸ ਸਭ ਦੇ ਬਾਵਜੂਦ ਇਹ ਮੰਗ ਪੰਜਾਬ ਦੇ ਸਾਰੇ ਲੋਕ ਕਰਦੇ ਹਨ ਕਿ ਜਿਸ ਬਦਲਾਓ ਨੂੰ ਲੈ ਕੇ ਉਨ੍ਹਾਂ ਨੇ ਆਪ ਨੂੰ ਵੋਟਾਂ ਪਾਈਆਂ ਹਨ, ਉਹ ਬਦਲਾਓ ਜ਼ਰੂਰ ਆਉਣਾ ਚਾਹੀਦਾ ਹੈ।

**ਸੁਖਜਿੰਦਰ ਸਮਰਾ**
ਮੋ. 95835-92000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਰਫ਼ੀਕ, ਮੈਨੂੰ ਨਨਕਾਣੇ ਲੈ ਚੱਲ.... ਮੈਂ ਪੱਗਾਂ ਵਾਲੇ ਸਰਦਾਰ ਦੇਖਣੇ ਆ

## ਉਜਾੜੇ ਦਾ ਦਰਦ ਇਸ ਕਦਰ ਹਿੱਕ ਨਾਲ ਲਾ ਕੇ ਰੱਖਿਆ ਕਿ ਪੰਜਾਬ ਤੋਂ ਤੁਰਨ ਵੇਲੇ ਬੰਨ੍ਹੀ ਪੱਗ ਮਰਨ ਤੱਕ ਸਿਰ 'ਤੇ ਰੱਖੀ



ਮਨਦੀਪ ਖੁਰਮੀ ਹਿੰਮਤਪੁਰਾ

**75 ਸਾਲ ਪਹਿਲਾਂ ਸਿਆਸਤ ਕਿੰਨੀ ਕਰੂਪ ਹੋਵੇਗੀ, ਜਿਸਨੇ ਘਰ ਘਰ ਨ.ਫਰਤ ਦੇ ਥੋਹਰ ਖਿਲਾਰ ਦਿੱਤੇ ਸਨ ? ਲੱਖਾਂ ਲੋਕਾਂ ਦਾ ਕਤਲੇਆਮ, ਗਿਣਤੀ ਮਿਣਤੀ ਤੋਂ ਪਰ੍ਹੇ ਮਾਲੀ ਨੁਕਸਾਨ, ਅਮੁੱਲੀਆਂ ਸਾਂਝਾਂ ਦੇ ਵਿਛੋੜੇ ਆਪੋ ਆਪਣੀਆਂ ਝੋਲੀਆਂ 'ਚ ਪੁਆ ਕੇ ਸਾਨੂੰ ਕਿਹੜੀ ਆਜ਼ਾਦੀ ਵਾਲਾ ਛੁਣਛੁਣਾ ਫੜਾ ਦਿੱਤਾ ਗਿਆ ?**

ਸਾਹ ਲੈਂਦਾ ਹਰ ਜੀਵ, ਬੂਟਾ, ਮਨੁੱਖ ਆਜਾਦੀ ਲੋੜ ਦੈ। ਪਿੰਜਰੇ 'ਚ ਕੈਦ ਤੋਤੇ, ਚਿੜੀਆਂ ਵੀ ਖੁੱਲ੍ਹੇ ਅੰਬਰੀਂ ਉੱਡਣਾ ਲੋਚਦੇ ਹਨ ਪਰ ਤਾਕਤਵਰ ਧਿਰ ਇਨਸਾਨ ਆਪਣੀ ਖੁਸ਼ੀ ਲਈ ਉਹਨਾਂ ਨਿਤਾਣਿਆਂ ਨੂੰ ਗੁਲਾਮ ਬਣਾ ਕੇ ਰੱਖਦੈ। ਗੁਲਾਮੀ ਖਿਲਾਫ ਆਜ਼ਾਦ ਹੋਣ ਦੀ ਇੱਛਾ ਨਿਰੰਤਰ ਆਪਣੇ ਸਫ਼ਰ 'ਤੇ ਰਹਿੰਦੀ ਹੈ। ਜਦੋਂ ਭਾਰਤ ਪਾਕਿਸਤਾਨ ਦੀ 'ਆਜ਼ਾਦੀ' ਦੀ ਗੱਲ ਕਰਦੇ ਹਾਂ ਤਾਂ 1947 ਵੇਲੇ ਹੋਏ ਭਿਆਨਕ ਉਜਾੜੇ, ਕਤਲੇਆਮ, ਲੁੱਟ ਖੋਹ, ਆਪਣਿਆਂ ਕੋਲੋਂ ਵਿੱਛੜਨ ਵੇਲੇ ਦਾ ਵਿਰਲਾਪ ਕੰਨਾਂ 'ਚ ਕੁਰਬਲਕੁਰਬਲ ਕਰਨ ਲੱਗਦੈ। ਇੱਜ਼ਤਾਂ ਦੀ ਚੀਰਫਾੜ ਦਾ ਦੁੱਖ, ਆਪਣਿਆਂ ਵੱਲੋਂ ਆਪਣਿਆਂ ਦੇ ਕਤਲ ਕਿਹੜੀ ਆਜ਼ਾਦੀ ਵੱਲ ਲੈ ਕੇ ਗਏ ਸਨ? ਇਹ ਸਵਾਲ ਅੱਜ ਵੀ ਦੋਵੇਂ ਦੇਸ਼ਾਂ ਦੇ ਹੁਕਮਰਾਨਾਂ ਨੂੰ ਮੂੰਹ ਚਿੜਾਉਂਦੇ ਨਜ਼ਰੀਂ ਪੈਂਦੇ ਹਨ। ਇੱਕ ਦੂਜੇ ਦੀ ਕੰਧ ਨਾਲ ਕੰਧ ਸਾਂਝੀ, ਖੇਤੀਬਾੜੀ ਦੇ ਸੰਦ-ਸੰਦੇੜੇ ਤੋਂ ਲੈ ਕੇ ਕੰਧਾਂ ਵਿਚਕਾਰ ਬਣਾਏ ਮੋਘਰਿਆਂ ਥਾਈਂ ਦਾਲ ਸਬਜ਼ੀਆਂ ਵਾਲੀਆਂ ਕੌਲੀਆਂ ਦੇ ਵਟਾਂਦਰਿਆਂ ਵਾਲੀ ਸਾਂਝ ਨੂੰ ਕੌਣ ਖ਼ੂਨ ਦੀ ਰੰਗਤ ਦੇ ਗਿਆ ?

ਸੋਚ ਕੇ ਦੇਖੋ ਕੀ ਸਿਆਸਤਦਾਨਾਂ ਦੇ ਵਚਨਾਂ 'ਤੇ ਫੁੱਲ ਚੜ੍ਹਾਉਂਦੇ ਘੜੰਮ ਚੌਧਰੀ ਕਿੰਨੀ ਜ਼ਹਿਰ ਆਪਣੇ ਅੰਦਰ ਸਮੋਈ ਬੈਠੇ ਹੋਣਗੇ ਕਿ ਪਿੰਡ ਪਿੰਡ, ਸ਼ਹਿਰ ਸ਼ਹਿਰ'ਚ ਨਫ਼ਰਤ ਦੇ ਬੀਜੇ ਬੀਜ ਕਿਵੇਂ ਅਮਰਵੇਲ ਬਣ ਕੇ ਭਾਈਚਾਰੇ ਦੇ ਬੂਟੇ ਨੂੰ ਸੁਕਾ ਗਏ। ਅੱਜ ਸੋਸ਼ਲ ਮੀਡੀਆ ਦਾ ਯੁੱਗ ਹੈ। ਇੱਕ ਸੁਨੇਹਾ ਚੁਟਕੀ ਮਾਰਿਆਂ ਦੇਸ਼ਾਂ ਦੀਆਂ ਹੱਦਾਂ ਟੱਪ ਜਾਂਦਾ ਹੈ। ਅੱਜ ਤੋਂ 75 ਸਾਲ ਪਹਿਲਾਂ ਸਿਆਸਤ ਕਿੰਨੀ ਕਰੂਪ ਹੋਵੇਗੀ, ਜਿਸਨੇ ਘਰ ਘਰ ਨਫ਼ਰਤ ਦੇ ਥੋਹਰ ਖਿਲਾਰ ਦਿੱਤੇ ਸਨ ? ਲੱਖਾਂ ਲੋਕਾਂ ਦਾ ਕਤਲੇਆਮ, ਗਿਣਤੀ ਮਿਣਤੀ ਤੋਂ ਪਰ੍ਹੇ ਮਾਲੀ ਨੁਕਸਾਨ, ਅਮੁੱਲੀਆਂ ਸਾਂਝਾਂ ਦੇ ਵਿਛੋੜੇ ਆਪੋ ਆਪਣੀਆਂ ਝੋਲੀਆਂ 'ਚ ਪੁਆ ਕੇ ਸਾਨੂੰ ਕਿਹੜੀ ਆਜ਼ਾਦੀ ਵਾਲਾ ਛੁਣਛੁਣਾ ਫੜਾ ਦਿੱਤਾ ਗਿਆ ?

ਬੇਸ਼ੱਕ ਓਹ ਦਰਦੀਲਾ ਦੌਰ ਸਾਡੇ ਦਾਦਿਆਂ ਬਾਬਿਆਂ ਦਾ ਦੌਰ ਸੀ, ਪਰ ਜਦੋਂ ਲੰਮੀਆਂ ਉਮਰਾਂ ਵਾਲੇ ਬਜ਼ੁਰਗਾਂ ਦੀਆਂ ਹਾਉਕਿਆਂ ਹਟਕੋਰਿਆਂ ਭਰੀਆਂ ਵੀਡੀਓ ਸੋਸ਼ਲ ਮੀਡੀਆ'ਤੇ ਨਸ਼ਰ ਹੋਈਆਂ ਦੇਖਦੇ ਹਾਂ ਤਾਂ ਦਿਲ ਪਾਟ ਜਾਂਦੈ। ਕਿਵੇਂ ਅੱਜ ਵੀ ਬਜ਼ੁਰਗ ਆਪਣੇ ਪਿਛਲੇ ਪਿੰਡਾਂ, ਪਰਿਵਾਰਾਂ, ਖੇਤਾਂ, ਦੋਸਤਾਂ ਨੂੰ ਯਾਦ ਕਰਕੇ ਖ਼ੂਨ ਦੇ ਅੱਥਰੂ ਰੋਂਦੇ ਹਨ। ਆਮ ਲੋਕਾਂ ਨੇ ਤਾਂ ਅਜਿਹੀ ਆਜ਼ਾਦੀ ਦੀ ਕਲਪਨਾ ਵੀ ਨਹੀਂ ਸੀ ਕੀਤੀ, ਜਿਹੜੀ ਆਪਣਿਆਂ ਦੇ ਖ਼ੂਨ 'ਚ ਗੁੰਨ੍ਹੀ ਹੋਵੇ। ਤਿੰਨ ਕੁ ਸਾਲ ਪਹਿਲਾਂ ਮੈਂ ਸਕਾਟਲੈਂਡ ਦੇ ਸ਼ਹਿਰ ਗਲਾਸਗੋ ਆ ਕੇ ਵਸਿਆ ਤਾਂ ਮਿਲੇ ਦੋ ਸਖਸ਼ਾਂ ਦੀਆਂ ਗੱਲਾਂ ਸੁਣ ਕੇ ਇਉਂ ਲੱਗਿਆ ਜਿਵੇਂ ਮੈਂ ਉਹਨਾਂ ਦੇ ਪਿਓ ਦਾਦਿਆਂ ਦੀਆਂ ਚੀਕਾਂ ਆਪਣੇ ਕੰਨੀਂ ਸੁਣ ਰਿਹਾ ਹੋਵਾਂ।

ਪਹਿਲਾ ਸਖਸ਼ ਸੀ ਅਬਦੁਲ ਕਯੂਮ ਨਾਂ ਦਾ ਦੁਕਾਨਦਾਰ ਵੀਰ। ਉਹਦੀ ਦੁਕਾਨ 'ਤੇ ਗਿਆ ਤਾਂ ਜਿਹੜਾ ਮੋਹ, ਅਪਣੱਤ ਕਯੂਮ ਵੱਲੋਂ ਮੇਰੇ ਸੀਨੇ 'ਤੇ ਉੱਕਰ ਦਿੱਤਾ, ਉਹ ਇਹ ਦੱਸਣ ਲਈ ਕਾਫੀ ਸੀ ਕਿ 'ਉਜਾੜੇ' ਤੋਂ ਪਹਿਲਾਂ ਸਾਡਾ 'ਭਰੱਪਾ' ਕਿਹੋ ਜਿਹਾ ਹੋਵੇਗਾ ? ਕਯੂਮ ਨੇ ਆਪਣੀਆਂ ਗੱਲਾਂ ਦੀ ਸ਼ੁਰੂਆਤ ਤਾਂ ਬਹੁਤ ਖੁਸ਼ਮਿਜਾਜ਼ੀ ਨਾਲ ਕੀਤੀ ਪਰ ਅਚਾਨਕ ਅੱਖਾਂ ਦੇ ਕੋਏ ਅੱਥਰੂਆਂ ਨੂੰ ਸਾਂਭ ਨਾ ਸਕੇ। ਕਯੂਮ ਦਾ ਕਹਿਣਾ ਸੀ ਕਿ ÷ਸਾਡਾ ਜਗਰਾਵਾਂ ਕੋਲ ਪਿੰਡ ਸਵੱਦੀ ਚੰਗਾ ਖਾਸਾ ਪਰਿਵਾਰ, ਕੰਮਕਾਰ ਸੀ। ਉਜਾੜਾ ਹੋਇਆ ਤਾਂ ਪਾਕਿਸਤਾਨ ਦੇ ਟੋਭਾ ਟੇਕ ਸਿੰਘ ਜਾ ਕੇ ਵਸਣਾ ਪਿਆ। ਮੇਰੇ ਦਾਦਾ ਦਾ ਸਰਦਾਰਾਂ ਨਾਲ ਅੰਤਾਂ ਦਾ ਮੁਲਾਹਜਾ ਸੀ, ਪਿਆਰ ਸੀ।

ਦਾਦੇ ਦੀਆਂ ਗੱਲਾਂ 'ਚ ਓਹ ਮੋਹ ਆਖਰੀ ਸਾਹ ਤੱਕ ਜਿਉਂਦਾ ਰਿਹਾ। ਉਹ ਦਸਤਾਰਾਂ ਵਾਲੇ ਤੇ ਉੱਚੇ ਕਿਰਦਾਰਾਂ ਵਾਲੇ ਯਾਰਾਂ ਸਰਦਾਰਾਂ ਦੀ ਯਾਦ 'ਚ ਬਾਹਾਂ ਖੜ੍ਹੀਆਂ ਕਰ ਕਰਅੱਲ੍ਹਾ ਅੱਗੇ ਉਹਨਾਂ ਦੀਆਂ ਖੈਰਾਂ ਮੰਗਦਾ। ਜਿੰਨੀ ਦੇਰ ਦਾਦਾ ਨਿਜ਼ਾਮਦੀਨ ਜਿਉਂਦਾ ਰਿਹਾ, ਸਵੱਦੀ ਤੋਂ ਬੰਨ੍ਹ ਕੇ ਲਿਆਂਦੀ ਪੱਗ ਹੀ ਬੰਨ੍ਹਦਾ ਰਿਹਾ। ਕੋਈ ਦੂਜੀ ਪੱਗ ਖਰੀਦੀ ਵੀ ਨਾ÷

ਆਪਣੇ ਦਾਦੇ ਦੀਆਂ ਗੱਲਾਂ ਸੁਣਾਉਂਦਾ ਕਯੂਮ ਨੀਵੀਂ ਪਾਈ ਦੁਕਾਨ ਦੇ ਕਾਊਂਟਰ'ਤੇ ਉਂਗਲ ਨਾਲ ਇਬਾਰਤ ਜਿਹੀ ਲਿਖਦਾ ਮੇਰੇ ਕੋਲੋਂ ਅੱਖਾਂ ਦੇ ਗਿੱਲੇ ਹੋਏ ਕੋਏ ਛੁਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਮਨਦੀਪ ਬਾਈ, ਮੇਰੇ ਅੱਬਾ ਨੂੰ ਦਾਦੇ ਨੇ ਕਹਿਣਾ ਕਿ ਰਫੀਕ ਮੈਨੂੰ ਨਨਕਾਣੇ ਲੈ ਚੱਲ, ਮੈਂ ਪੱਗਾਂ ਵਾਲੇ ਸਰਦਾਰ ਦੇਖਣੇ ਆ।÷

ਇਸੇ ਤਰ੍ਹਾਂ ਹੀ ਬਾਗੀ ਬਿਰਤੀ ਦੇ ਸ਼ਾਇਰ ਸਲੀਮ ਰਜ਼ਾ ਨੂੰ ਮਿਲਣ ਦਾ ਸਬੱਬ ਬਣਿਆ। ਸਲੀਮ ਰਜ਼ਾ ਦੇ ਪਰਿਵਾਰ ਦਾ ਪਿੱਛਾ ਰਾਏਕੋਟ ਦਾ ਸੀ। ਉਹੀ ਦਰਦ, ਓਹੀ ਆਪਣਿਆਂ ਨੂੰ ਮਿਲਣ ਦੀ ਚਾਹਤ ਸਲੀਮ ਰਜ਼ਾ ਦੀਆਂ ਗੱਲਾਂ 'ਚ ਦੇਖਣ ਨੂੰ ਮਿਲੀ। ਹੈਰਾਨੀ ਉਦੋਂ ਹੋਈ ਜਦੋਂ ਸਲੀਮ ਰਜ਼ਾ ਜੀ ਨੇ ਆਪਣੀ ਉਰਦੂ ਸ਼ਾਇਰੀ ਨੂੰ ਗੁਰਮੁਖੀ 'ਚ ਅਨੁਵਾਦ ਕਰਕੇ ਛਾਪਣ ਲਈ ਭੇਜਿਆ ਤਾਂ ਤਾਕੀਦ ਕਰਦਿਆਂ ਬੋਲੇ, ÷ਮਨਦੀਪ, ਮੇਰੀ ਇੱਛਾ ਹੈ ਕਿ ਤੁਸੀਂ ਰਚਨਾ ਦੇ ਅਖੀਰ 'ਚ ਮੇਰਾ ਨਾਮ ਸਲੀਮ ਰਜ਼ਾ ਰਾਏਕੋਟੀ ਜ਼ਰੂਰ ਲਿਖਣਾ।÷

ਸੂਏ ਕੱਸੀਆਂ 'ਚ ਤੈਰਦੀਆਂ ਲਾਸ਼ਾਂ ਨੂੰ ਬਾਲ ਉਮਰੇ ਤੱਕ ਬੈਠਾ ਸਲੀਮ ਰਜ਼ਾ ਅਜੇ ਵੀ ਉਹ ਭਿਆਨਕ ਤਸਵੀਰਾਂ ਦਿਲ 'ਚ ਸਾਂਭੀ ਬੈਠਾ ਹੈ। ਅੱਜ ਦੋਵੇਂ ਦੇਸ਼ਾਂ ਦੇ ਹਾਕਮ ਆਜ਼ਾਦੀ ਦਾ ਜਿੰਨਾ ਮਰਜ਼ੀ ਢੌਂਡਕਾ ਪਿੱਟਣ ਪਰ ਉਹ ਸਮਾਂ ਆਜ਼ਾਦੀ ਦਾ ਸੀ ਜਾਂ ਬਰਬਾਦੀ ਦਾ, ਪਿੰਡਿਆਂ'ਤੇ ਹੰਢਾਉਣ ਵਾਲੇ ਲੋਕ ਹੀ ਜਾਣਦੇ ਹਨ। ਦੇਸ਼ ਮਹਿੰਗਾਈ, ਭੁੱਖਮਰੀ, ਭ੍ਰਿਸ਼ਟਾਚਾਰ ਦੀ ਦਲਦਲ 'ਚ ਧਸਿਆ ਹੋਵੇ ਤੇ ਲੋਕਾਂ ਨੂੰ ਘਰ ਘਰ ਝੰਡੇ ਲਾਉਣ ਦੇ ਫੁਰਮਾਨ ਸੁਣਾਏ ਜਾ ਰਹੇ ਹੋਣ ? ਇਉਂ ਲਗਦੈ ਜਿਵੇਂ ਭੁੱਖੇ ਨੂੰ ਰੋਟੀ ਦੇਣ ਦੀ ਬਜਾਏ ਕਾਗਜ਼'ਤੇ ਰੋਟੀ ਦੀ ਤਸਵੀਰ ਬਣਾ ਕੇ ਫੜਾ ਦਿੱਤੀ ਹੋਵੇ।

# ਆਜ਼ਾਦੀ ਤੋਂ ਬਾਅਦ, ਸੂਬਿਆਂ ਦੇ ਹੱਕ ਛਾਂਗੀ ਜਾ ਰਹੀ ਹੈ ਕੇਂਦਰ ਸਰਕਾਰ



ਗੁਰਮੀਤ ਸਿੰਘ ਪਲਾਹੀ

**ਅਸਲ ਵਿੱਚ ਭਾਜਪਾ ਦਾ ਇਹ ਨਾਹਰਾ ਪਹਿਲਾਂ ਦੇਸ਼ ਨੂੰ ਕਾਂਗਰਸ ਮੁਕਤ ਕਰਨ ਦਾ ਸੀ ਅਤੇ ਫਿਰ ਭਾਰਤ ਨੂੰ ਵਿਰੋਧੀ ਧਿਰਾਂ ਤੋਂ ਮੁਕਤ ਕਰਨ ਦਾ ਹੈ । ਇਸੇ ਕਰਕੇ ਸਰਕਾਰਾਂ ਤੋੜੀਆਂ ਜਾ ਰਹੀਆਂ ਹਨ, ਇਸੇ ਕਰਕੇ ਰਾਜ ਸਰਕਾਰਾਂ ਦੇ ਹੱਕ ਖੋਹੇ ਜਾਂ ਖ਼ਤਮ ਕੀਤੇ ਜਾ ਰਹੇ ਹਨ, ਇਸੇ ਕਰਕੇ ਆਪਣੇ ਵਿਰੋਧੀਆਂ ਉਤੇ ਦੇਸ਼ ਧਰੋਹ ਦੇ ਮੁਕੱਦਮੇ ਚਲਾਏ ਜਾ ਰਹੇ ਹਨ। ਇਥੋਂ ਤੱਕ ਕੇ ਸੂਬਿਆਂ ਦੀਆਂ ਵਿਰੋਧੀ ਧਿਰਾਂ ਦੀਆਂ ਸਰਕਾਰਾਂ ਨੂੰ ਲੋੜੀਂਦੇ ਫੰਡ ਦੇਣ ਤੋਂ ਆਨਾ-ਕਾਨੀ ਕੀਤੀ ਜਾ ਰਹੀ ਹੈ, ਜਦਕਿ ਭਾਜਪਾ ਸਾਸ਼ਤ ਪ੍ਰਦੇਸ਼ਾਂ ਨੂੰ ਫੰਡਾਂ ਦੇ ਖੁਲ੍ਹੇ ਗੱਫੇ ਮਿਲ ਰਹੇ ਹਨ। ਕੇਂਦਰੀ ਹਾਕਮਾਂ ਦੀ ਇਹ ਸਿਆਸੀ ਪਹੁੰਚ ਕੇਂਦਰ ਅਤੇ ਸੂਬਿਆਂ ਵਿਚਕਾਰ ਤ੍ਰੇੜਾਂ ਹੀ ਨਹੀਂ ਸਗੋਂ ਖਾਈਆਂ ਪੈਦਾ ਕਰ ਰਹੀ ਹੈ।**

ਹਾਕਮਾਂ ਵਲੋਂ ਸੂਬਿਆਂ ਦੇ ਹੱਕਾਂ ਦੇ ਪਰ ਕੁਤਰਨ ਦੀ ਵੱਡੀ ਮਿਸਾਲ ਹੁਣੇ ਜਿਹੇ ਕੇਂਦਰ ਸਰਕਾਰ ਵਲੋਂ ਬਿਜਲੀ ਬਿੱਲ-2022 ਲੋਕ ਸਭਾ 'ਚ ਪੇਸ਼ ਕਰਨ ਦੀ ਹੈ, ਜਿਸਨੂੰ ਲੋਕ ਸਭਾ ਦੀ ਲਗਭਗ ਸਮੁੱਚੀ ਵਿਰੋਧੀ ਧਿਰ ਵਲੋਂ ਕੀਤੇ ਵਿਰੋਧ ਕਾਰਨ ਲੋਕ ਸਭਾ ਕਮੇਟੀ ਨੂੰ ਭੇਜਕੇ ਆਪਣੀ ਰਿਪੋਰਟ ਦੇਣ ਲਈ ਕਿਹਾ ਗਿਆ ਹੈ। ਭਾਰਤ ਵਿੱਚ ਬਿਜਲੀ ਦੀ ਟਰਾਂਸਮਿਸ਼ਨ ਅਤੇ ਵੰਡ ਸਬੰਧੀ ਮੌਜੂਦਾ ਸਮੇਂ ਸਾਲ 2003 ਦਾ ਐਕਟ ਲਾਗੂ ਹੈ। ਸੂਬਿਆਂ ਵਿਚਕਾਰ ਹੋਣ ਵਾਲਾ ਅਦਾਨ-ਪ੍ਰਦਾਨ ਵੀ ਇਸੇ ਐਕਟ ਤਹਿਤ ਹੁੰਦਾ ਹੈ। ਮੋਦੀ ਸਰਕਾਰ ਨੇ 2020 'ਚ ਐਕਟ ਵਿੱਚ ਸੋਧ ਕੀਤੀ ਅਤੇ 2022 'ਚ ਪਾਰਲੀਮੈਂਟ 'ਚ ਪੇਸ਼ ਕੀਤਾ। ਚਿੰਤਕਾਂ ਦਾ ਕਹਿਣਾ ਹੈ ਕਿ ਇਹ ਬਿੱਲ ਸੂਬਿਆਂ ਦੇ ਹੱਕਾਂ 'ਤੇ ਸਿੱਧਾ ਹਮਲਾ ਹੈ। ਸਰਕਾਰ ਕੇਂਦਰੀਕਰਨ ਨੂੰ ਮਜ਼ਬੂਤ ਕਰਨਾ ਚਾਹੁੰਦੀ ਹੈ।

''ਬਿਜਲੀ'' ਸੰਵਿਧਾਨ ਅਨੁਸਾਰ ਕੇਂਦਰ ਅਤੇ ਰਾਜਾਂ ਦੀ ਸਾਂਝੀ ਸੂਚੀ ਵਿੱਚ ਆਉਂਦੀ ਹੈ। ਇਸ ਲਈ ਇਹ ਦੇਸ਼ ਦੇ ਫੈਡਰਲ ਢਾਂਚੇ ਦੇ ਵਿਰੁੱਧ ਹੀ ਨਹੀਂ, ਸੰਵਿਧਾਨ ਵਿਰੁੱਧ ਵੀ ਹੈ। ਵਿਰੋਧੀ ਧਿਰਾਂ ਖ਼ਾਸ ਕਰਕੇ ਖੱਬੇ ਪੱਖੀ ਪਾਰਟੀਆਂ ਦਾ ਕਹਿਣਾ ਹੈ ਕਿ ਫਿਰਕੂ ਮੋਦੀ ਸਰਕਾਰ ਕਾਰਪੋਰੇਟ ਸੈਕਟਰ ਦੀ ਧੁਤੂ ਬਣੀ ਅਤੇ ਦੇਸ਼ ਦਾ ਹਰ ਮਹੱਤਵਪੂਰਨ ਉਦਯੋਗ ਕਾਰਪੋਰੇਟ ਪੂੰਜੀਵਾਦੀ ਨੂੰ ਦੇ ਰਹੀ ਹੈ। ਪੰਜਾਬ ਲਈ ਤਾਂ ਬਿਜਲੀ ਦੀ ਮਹੱਤਤਾ ਇਸ ਕਰਕੇ ਵੀ ਹੈ ਕਿ ਪੰਜਾਬ ਖੇਤੀ ਮੁੱਖੀ ਹੈ। ਇਸ ਦੇ ਆਰਥਿਕਤਾ ਹੁਲਾਰੇ ਵਾਸਤੇ ਬਿਜਲੀ ਮਹੱਤਵਪੂਰਨ ਹੈ। ਪੰਜਾਬ ਦੀਆਂ ਛੋਟੀਆਂ ਸਨਅਤਾਂ ਵੀ ਖੇਤੀ ਦੇ ਨਾਲ-ਨਾਲ ਬਿਜਲੀ ਦੀ ਸਬਸਿਡੀ ਬਿਨ੍ਹਾਂ ਨਹੀਂ ਚੱਲ ਸਕਦੀਆਂ। ਖੇਤੀ ਉਦਯੋਗ ਲਈ ਤਾਂ ਦੁਨੀਆ ਭਰ ਵਿੱਚ ਇਹੋ ਜਿਹੇ ਵਿਕਸਤ ਦੇਸ਼ ਵੀ ਹਨ ਜੋ 100 ਫ਼ੀਸਦੀ ਤੱਕ ਸਬਸਿਡੀਆਂ ਦੇਂਦੇ ਹਨ। ਬਿਜਲੀ ਬਿੱਲ-2022 ਰਾਹੀਂ ਬਿਜਲੀ ਉਦਯੋਗ ਨਿੱਜੀ ਕੰਪਨੀਆਂ ਰਾਹੀਂ ਪੂੰਜੀਵਾਦੀਆਂ ਨੂੰ ਸੌਂਪਣਾ ਪੰਜਾਬ ਅਤੇ ਦੇਸ਼ ਦੀ ਆਰਥਿਕਤਾ ਨੂੰ ਬਰਬਾਦ ਕਰਨ ਦੇ ਤੁਲ ਹੈ। ਸੰਯੁਕਤ ਕਿਸਾਨ ਮੋਰਚਾ ਵਲੋਂ ਇਹ ਖ਼ਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਤਿੰਨੇ ਖੇਤੀ ਕਾਨੂੰਨ ਰੱਦ ਕਰਨ ਸਮੇਂ ਕੇਂਦਰ ਸਰਕਾਰ ਨੇ ਸੰਯੁਕਤ ਕਿਸਾਨ ਮੋਰਚੇ ਨਾਲ ਅਹਿਦ ਕੀਤਾ ਸੀ ਕਿ ਬਿਜਲੀ ਬਿੱਲ-2022 ਪਾਰਲੀਮੈਂਟ 'ਚ ਲਿਆਉਣ ਤੋਂ ਪਹਿਲਾਂ ਉਹਨਾ ਨਾਲ ਸਲਾਹ ਮਸ਼ਵਰਾ ਕੇਂਦਰ ਵਲੋਂ ਕੀਤਾ ਜਾਏਗਾ। ਪਰ ਇਹ ਬਿੱਲ ਪੇਸ਼ ਕਰਕੇ ਕੇਂਦਰ ਨੇ ਕਿਸਾਨਾਂ ਨਾਲ ਵਿਸ਼ਵਾਸ਼ਘਾਤ ਕੀਤਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਪੰਜਾਬ ਵਿੱਚ ਬਿਜਲੀ ਦੀ ਪੈਦਾਵਾਰ ਅਤੇ ਵੰਡ ਜੋ ਪਹਿਲਾਂ ਪੰਜਾਬ ਕੋਲ ਸੀ, ਕੇਂਦਰ ਇਸਨੂੰ ਆਪਣੇ ਹੱਥਾਂ ਵਿੱਚ ਲੈ ਰਿਹਾ ਹੈ। ਕਿਸਾਨ ਨੇਤਾਵਾਂ ਦਾ ਇਹ ਵੀ ਕਹਿਣਾ ਹੈ ਕਿ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਬਿਜਲੀ ਦੀ ਪੈਦਾਵਾਰ ਅਤੇ ਬਿਜਲੀ ਦੀ ਵੰਡ ਦੇ ਕੇ ਕਿਸਾਨਾਂ ਅਤੇ ਪੰਜਾਬ ਦੇ ਲੋਕਾਂ ਨੂੰ ਮਿਲਦੀਆਂ ਸਬਸਿਡੀਆਂ ਉਤੇ ਛਾਪੇ ਮਾਰੇਗੀ। ਬਿਲਕੁਲ ਉਵੇਂ ਹੀ ਜਿਵੇਂ ਘਰੇਲੂ ਗੈਸ ਸਿਲੰਡਰਾਂ 'ਤੇ ਸਬਸਿਡੀ ਲਗਭਗ ਬੰਦ ਹੀ ਕਰ ਦਿੱਤੀ ਗਈ ਹੈ।

ਪੰਜਾਬ ਵਿੱਚ ਸੂਬੇ ਦੇ ਕਿਸਾਨਾਂ ਨੂੰ ਖੇਤੀ ਟਿਊਬਵੈਲਾਂ ਲਈ ਬਿਜਲੀ ਮੁਫ਼ਤ ਦਿੱਤੀ ਜਾ ਰਹੀ ਹੈ ਅਤੇ ਇਸੇ ਤਰ੍ਹਾਂ ਕੁਝ ਘਰੇਲੂ ਖਪਤਾਕਾਰਾਂ ਨੂੰ ਵੀ ਮੁਫ਼ਤ ਬਿਜਲੀ ਮਿਲਦੀ ਹੈ। ਜੇਕਰ ਕੇਂਦਰ ਸਰਕਾਰ ਆਪਣੀ ਮਨਮਰਜ਼ੀ ਦਾ ਬਿੱਲ ਮੁਲਕ ਵਿੱਚ ਲਾਗੂ ਕਰ ਦਿੰਦੀ ਹੈ ਤਾਂ ਕਿਸਾਨਾਂ ਦੇ ਨਾਲ-ਨਾਲ ਹੋਰ ਵਰਗਾਂ ਨੂੰ ਵੀ ਵੱਡਾ ਨੁਕਸਾਨ ਹੋਵੇਗਾ।

ਇਸੇ ਤਰ੍ਹਾਂ ਸੂਬਿਆਂ ਦੇ ਹੱਕ ਉਤੇ ਉਸ ਵੇਲੇ ਵੱਡਾ ਛਾਪਾ ਕੇਂਦਰੀ ਹਾਕਮਾਂ ਨੇ ਮਾਰਿਆਂ ਜਦੋਂ ਤਿੰਨ ਖੇਤੀ ਕਾਨੂੰਨ ਭਾਰਤੀ ਪਾਰਲੀਮੈਂਟ ਵਿੱਚ ਪਾਸ ਕਰਾ ਦਿੱਤੇ ਗਏ। ਇਹ ਕਾਨੂੰਨ ਕਾਰਪੋਰੇਟਾਂ ਨੂੰ ਫਾਇਦਾ ਦੇਣ ਵਾਲੇ ਸਨ, ਜਿਸਦਾ ਵੱਡਾ ਵਿਰੋਧ ਹੋਇਆ ਅਤੇ ਇਹ ਕਾਨੂੰਨ ਕੇਂਦਰੀ ਹਾਕਮਾਂ ਨੂੰ ਰੱਦ ਕਰਨੇ ਪਏ।

ਖੇਤਬਾੜੀ ਨੂੰ ਭਾਰਤੀ ਸੰਵਿਧਾਨ ਅਨੁਸਾਰ ਰਾਜ ਸੂਚੀ ਦੇ ਦੂਜੇ ਅਧਿਆਏ ਵਿੱਚ 14ਵੀਂ ਪਾਇਦਾਨ ਵਜੋਂ ਦਰਜ਼ ਕੀਤਾ ਸੀ, '' ਖੇਤੀਬਾੜੀ, ਖੇਤੀਬਾੜੀ ਸਿੱਖਿਆ ਤੇ ਖੋਜ, ਪੌਦਿਆਂ ਦੀਆਂ ਬਿਮਾਰੀਆਂ ਤੇ ਕੀਟਾਂ ਤੋਂ ਬਚਾਅ ਅਤੇ ਰੋਕਥਾਮ'', ਇਸੇ ਕਰਕੇ ਖੇਤੀਬਾੜੀ , ਪਾਰਲੀਮੈਂਟ ਜਾਂ ਕੇਂਦਰ ਸਰਕਾਰ ਨੂੰ ਸੌਂਪਣ ਦੀ ਥਾਂ ਸੂਬਿਆਂ ਨੂੰ ਸੌਂਪੀ ਗਈ।

ਕੇਂਦਰ ਸਰਕਾਰ ਦੀ ਸੂਬਿਆਂ ਪ੍ਰਤੀ ਧੱਕੇਸ਼ਾਹੀ, ਸੰਘਵਾਦ ਬਹੁਵਾਦ ਅਤੇ ਕੇਂਦਰ ਵਲੋਂ ਸੂਬਿਆਂ ਦੇ ਅਧਿਕਾਰਾਂ ਦੇ ਹਨਨ ਨੂੰ ਸਮੇਂ-ਸਮੇਂ ਪੰਜਾਬ, ਕੇਰਲਾ, ਜੰਮੂ ਕਸ਼ਮੀਰ, ਤਾਮਿਲਨਾਡੂ, ਪੱਛਮੀ ਬੰਗਾਲ ਨੇ ਚੈਲਿੰਜ ਕੀਤਾ। ਇਹ ਰਾਜ ਹਮੇਸ਼ਾ ਰਾਜਾਂ ਨੂੰ ਵੱਧ ਅਧਿਕਾਰ ਦੇਣ ਦਾ ਪੈਂਤੜਾ ਲੈਂਦੇ ਰਹੇ। ਪੰਜਾਬ ਦਾ ਅਨੰਦਪੁਰ ਸਾਹਿਬ ਦਾ ਮਤਾ, ਫੈਡਰਲ ਪਹਿਲੂਆਂ ਨੂੰ ਦਰਸਾਉਣ ਲਈ ਕੇਂਦਰੀ ਰਾਸ਼ਟਰਵਾਦ ਵਿਰੁੱਧ ਇੱਕ ਦਸਤਾਵੇਜ ਹੈ, ਜੋ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਬਾਤ ਪਾਉਂਦਾ ਹੈ।

16 ਜਨਵਰੀ 2020 ਨੂੰ ਕੇਰਲਾ ਨੇ ਸੀਏਏ (ਸਿਟੀਜ਼ਨਸਿਪ ਅਮੈਂਡਮੈਂਟ ਐਕਟ) ਨੂੰ ਸੁਪਰੀਮ ਕੋਰਟ ਵਿੱਚ ਸੰਵਿਧਾਨ ਦੀ ਧਾਰਾ 131 ਦੇ ਤਹਿਤ ਚੈਲਿੰਜ ਕੀਤਾ। ਸੂਬੇ ਦਾ ਵਿਚਾਰ ਹੈ ਕਿ ਸੀ.ਏ.ਏ. ਲਾਗੂ ਕਰਨਾ ਸੂਬੇ ਦੇ ਹੱਕਾਂ ਅਤੇ ਤਾਕਤਾਂ 'ਚ ਸਿੱਧਾ ਦਖ਼ਲ ਹੈ। ਛੱਤੀਸਗੜ੍ਹ ਵਲੋਂ 131 ਧਾਰਾ ਦੇ ਤਹਿਤ (ਐਨ.ਆਈ.ਏ.) ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਐਕਟ ਨੂੰ ਧਾਰਾ 131 ਤਹਿਤ ਇਸ ਵਜਹ ਕਰਕੇ ਸੁਪਰੀਮ ਅਦਾਲਤ ਵਿੱਚ ਚੈਲਿੰਜ ਕੀਤਾ ਕਿ ਰਾਜ ਸਰਕਾਰ ਦੇ ਅਮਨ ਕਾਨੂੰਨ ਦੀ ਸਥਿਤੀ ਨੂੰ ਲਾਗੂ ਕਰਨ ਦੇ ਹੱਕ ਵਿੱਚ, ਐਨ.ਆਈ.ਏ. ਦਖ਼ਲ ਅੰਦਾਜ਼ੀ ਕਿਉਂ ਕਰਦੀ ਹੈ ?

ਕੇਂਦਰ 'ਚ ਤਾਕਤਵਰ ਮੋਦੀ ਸਰਕਾਰ, ਜਿਸ 'ਚ ਪਾਰਲੀਮੈਂਟ ਵਿੱਚ ਵੱਡਾ ਬਹੁਮਤ ਹੈ, 2014 ਤੋਂ ਹੀ, ਜਦੋਂ ਤੋਂ ਉਹ ਤਾਕਤ ਵਿੱਚ ਆਈ ਹੈ, ਸੂਬਿਆਂ ਦੇ ਅਧਿਕਾਰਾਂ ਨੂੰ ਛਾਂਗੀ ਜਾ ਰਹੀ ਹੈ। ਜੀ.ਐਸ.ਟੀ., 15ਵਾਂ ਵਿੱਤ ਕਮਿਸ਼ਨ, ਰਾਸ਼ਟਰੀ ਸਿੱਖਿਆ ਨੀਤੀ ਤਹਿਤ ਭਾਸ਼ਾਈ ਵੰਡ, ਭੂਮੀ ਅਧਿਗ੍ਰਹਿਣ ਅਤੇ ਆਲ ਇੰਡੀਆ ਜੁਡੀਸ਼ਲ ਸਰਵਿਸਜ਼ ਲਾਗੂ ਕਰਨ ਲਈ ਯਤਨ, ਤਕੜੇ ਕੇਂਦਰ ਅਤੇ ਵਿਰੋਧ ਧਿਰਾਂ ਵਲੋਂ ਰਾਜ ਕਰਨ ਵਾਲੇ ਸੂਬਿਆਂ 'ਚ ਆਪਸੀ ਟਕਰਾਅ ਪੈਦਾ ਕਰ ਰਹੇ ਹਨ।

ਇਸ ਟਕਰਾਅ ਨੂੰ ਘਟਾਉਣ ਜਾਂ ਖ਼ਤਮ ਕਰਨ ਲਈ ਭਾਜਪਾ ਸਰਕਾਰ ਵਲੋਂ ਆਪਣੇ ਵਿਰੋਧੀ ਸਰਕਾਰਾਂ ਨੂੰ ਸਾਮ, ਦਾਮ, ਦੰਡ ਦੀ ਵਰਤੋਂ ਕਰਨ ਦਾ ਰਾਹ ਫੜਿਆ ਹੈ ਤਾਂ ਕਿ ਕੇਂਦਰੀਕਰਨ ਦੀ ਨੀਤੀ ਨੂੰ ਬੱਲ ਮਿਲੇ ਅਤੇ ਰਾਜਾਂ ਦੀਆਂ ਸ਼ਕਤੀਆਂ ਖੋਹਕੇ ਉਹਨਾ ਨੂੰ ਸ਼ਹਿਰਾਂ ਦੀਆਂ ''ਮਿਊਂਸਪਲ ਕਮੇਟੀਆਂ'' ਹੀ ਬਣਾ ਦਿੱਤਾ ਜਾਵੇ ਜਿਹੜੀਆਂ ਕਿ ਵਿੱਤੀ, ਪ੍ਰਸ਼ਾਸ਼ਕੀ ਕੰਮਾਂ ਲਈ ਸੂਬਾ ਸਰਕਾਰ 'ਤੇ ਹੀ ਨਿਰਭਰ ਹੁੰਦੀਆਂ ਹਨ। ਜਿਵੇਂ ਪਹਿਲਾਂ ਮੱਧ ਪ੍ਰਦੇਸ਼ ਵਿੱਚ ਵਿਧਾਇਕਾਂ ਨੂੰ ਤੋੜਕੇ ਕਾਂਗਰਸ ਸਰਕਾਰ ਨੂੰ ਚਲਦਾ ਕੀਤਾ ਗਿਆ। ਉਸੇ ਤਰ੍ਹਾ ਆਪਣੀ ਘੋਰ ਵਿਰੋਧੀ ਮਹਾਂਰਾਸ਼ਟਰ ਦੀ ਹਾਕਮ ਧਿਰ ਸ਼ਿਵ ਸੈਨਾ ਦੀ ਸਰਕਾਰ ਤੋੜੀ ਗਈ ਅਤੇ ਆਪਣੀ ਕੱਠ-ਪੁਤਲੀ ਸਰਕਾਰ ਬਣਾ ਲਈ ਗਈ, ਜਿਸ ਨੂੰ ਭਾਜਪਾ ਨੇ ਸਹਿਯੋਗ ਦਿੱਤਾ ਹੈ। ਵਿਰੋਧੀਆਂ ਦਾ ਸਫ਼ਾਇਆ ਕਰਨ ਲਈ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਠਿੱਠ ਕਰਨ ਲਈ ਸੀ.ਬੀ.ਆਈ., ਆਈ.ਬੀ. ਦੀ ਸਹਾਇਤਾ ਲਈ ਗਈ ਭਾਵੇਂ ਸਫ਼ਲਤਾ ਹੱਥ ਨਹੀਂ ਆਈ। ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਆਪਣਾ ਵਿਰੋਧੀ ਸਮਝਕੇ ਕੰਮ ਹੀ ਨਹੀਂ ਕਰਨ ਦਿੱਤਾ ਜਾ ਰਿਹਾ।

ਅਸਲ ਵਿੱਚ ਭਾਜਪਾ ਦਾ ਇਹ ਨਾਹਰਾ ਪਹਿਲਾਂ ਦੇਸ਼ ਨੂੰ ਕਾਂਗਰਸ ਮੁਕਤ ਕਰਨ ਦਾ ਸੀ ਅਤੇ ਫਿਰ ਭਾਰਤ ਨੂੰ ਵਿਰੋਧੀ ਧਿਰਾਂ ਤੋਂ ਮੁਕਤ ਕਰਨ ਦਾ ਹੈ। ਇਸੇ ਕਰਕੇ ਸਰਕਾਰਾਂ ਤੋੜੀਆਂ ਜਾ ਰਹੀਆਂ ਹਨ, ਇਸੇ ਕਰਕੇ ਰਾਜ ਸਰਕਾਰਾਂ ਦੇ ਹੱਕ ਖੋਹੇ ਜਾਂ ਖ਼ਤਮ ਕੀਤੇ ਜਾ ਰਹੇ ਹਨ, ਇਸੇ ਕਰਕੇ ਆਪਣੇ ਵਿਰੋਧੀਆਂ ਉਤੇ ਦੇਸ਼ ਧਰੋਹ ਦੇ ਮੁਕੱਦਮੇ ਚਲਾਏ ਜਾ ਰਹੇ ਹਨ। ਇਥੋਂ ਤੱਕ ਕੇ ਸੂਬਿਆਂ ਦੀਆਂ ਵਿਰੋਧੀ ਧਿਰਾਂ ਦੀਆਂ ਸਰਕਾਰਾਂ ਨੂੰ ਲੋੜੀਂਦੇ ਫੰਡ ਦੇਣ ਤੋਂ ਆਨਾ-ਕਾਨੀ ਕੀਤੀ ਜਾ ਰਹੀ ਹੈ, ਜਦਕਿ ਭਾਜਪਾ ਸਾਸ਼ਤ ਪ੍ਰਦੇਸ਼ਾਂ ਨੂੰ ਫੰਡਾਂ ਦੇ ਖੁਲ੍ਹੇ ਗੱਫੇ ਮਿਲ ਰਹੇ ਹਨ। ਕੇਂਦਰੀ ਹਾਕਮਾਂ ਦੀ ਇਹ ਸਿਆਸੀ ਪਹੁੰਚ ਕੇਂਦਰ ਅਤੇ ਸੂਬਿਆਂ ਵਿਚਕਾਰ ਤ੍ਰੇੜਾਂ ਹੀ ਨਹੀਂ ਸਗੋਂ ਖਾਈਆਂ ਪੈਦਾ ਕਰ ਰਹੀ ਹੈ। ਇਹੋ ਹੀ ਵਜਹ ਹੈ ਕਿ ਖੇਤਰੀ ਪਾਰਟੀਆਂ ਅੱਗੇ ਆ ਰਹੀਆਂ ਹਨ ਅਤੇ ਸੂਬਿਆਂ 'ਚ ਤਾਕਤ ਪ੍ਰਾਪਤ ਕਰਕੇ, ਰਾਜਾਂ ਦੇ ਵੱਧ ਅਧਿਕਾਰਾਂ ਦੀ ਪ੍ਰਾਪਤੀ ਲਈ ਕਾਨੂੰਨੀ, ਸਿਆਸੀ ਲੜਾਈ ਲੜਨ ਲਈ ਮਜ਼ਬੂਰ ਹੋ ਰਹੀਆਂ ਹਨ।

ਇਹ ਵੀ ਸੱਚ ਹੈ ਕਿ ਕਾਂਗਰਸ ਨੇ ਕੇਂਦਰ ਨੂੰ ਮਜ਼ਬੂਤ ਕਰਨ ਲਈ ਪਹਿਲ ਕੀਤੀ ਅਤੇ ਵਿਰੋਧੀਆਂ ਦੀਆਂ ਸਰਕਾਰਾਂ ਨੂੰ ਤੋੜਿਆ। ਇਸੇ ਰਵਾਇਤ ਨੂੰ ਕਾਇਮ ਰੱਖਦਿਆਂ ਭਾਜਪਾ, ਕਾਂਗਰਸ ਦੀਆਂ ਲੀਹਾਂ ਉਤੇ ਹੀ ਨਹੀਂ ਤੁਰ ਰਹੀ ਸਗੋਂ ਤਬਾਹੀ ਦੀ ਹੱਦ ਤੱਕ ਸੂਬਿਆਂ ਦੇ ਹੱਕ ਖੋਹਣ ਲਈ ਤਰਲੋਮੱਛੀ ਹੋ ਰਹੀ ਹੈ। ਆਜ਼ਾਦੀ ਤੋਂ ਬਾਅਦ ਕੇਂਦਰ ਅਤੇ ਸੂਬਿਆਂ ਦੇ ਆਪਸੀ ਸਬੰਧਾਂ ਨੂੰ ਘੋਖਣ ਲਈ ਇਸ ਸਮੇਂ ਨੂੰ ਪੰਜ ਪੜ੍ਹਾਵਾਂ ਵਿੱਚ ਵੇਖਿਆ ਜਾ ਸਕਦਾ ਹੈ। ਪਹਿਲਾ ਪੜ੍ਹਾਅ 1950 ਤੋਂ 1967 ਤੱਕ ਦਾ ਸੀ, ਜਦੋਂ ਕੇਂਦਰ ਦਾ ਦੇਸ਼ ਉਤੇ ਏਕਾ ਅਧਿਕਾਰ ਸੀ। ਪਲਾਨਿੰਗ ਕਮਿਸ਼ਨ ਨੈਸ਼ਨਲ ਵਿਕਾਸ ਕੌਂਸਲ (ਐਨ.ਡੀ.ਸੀ.) ਰਾਹੀਂ ਕੇਂਦਰ ਨੇ ਦੇਸ਼ ਵਿੱਚ ਆਰਥਿਕ ਅਤੇ ਸਿਆਸੀ ਪੱਧਰ ਤੇ ਚੰਮ ਦੀਆਂ ਚਲਾਈਆਂ। ਕੇਰਲ 'ਚ 1959 'ਚ ਕਮਿਊਨਿਸਟਾਂ ਦੀ ਸਰਕਾਰ ਨੂੰ ਧਾਰਾ 356 ਦੀ ਦੁਰਵਰਤੋਂ ਕਰਦਿਆਂ ਭੰਗ ਕਰ ਦਿੱਤਾ ਗਿਆ। ਇਹ ਪੜ੍ਹਾਅ ਮੁਢਲੇ ਤੌਰ 'ਤੇ ਕਾਂਗਰਸ ਦੇ ਰਾਜ ਵਜੋਂ ਵੇਖਿਆ ਜਾ ਸਕਦਾ ਹੈ, ਜਿਸ ਵਿੱਚ ਪੰਡਿਤ ਹਵਾਹਰ ਲਾਲ ਨਹਿਰੂ ਦਾ ਰਾਜ ਵੀ ਸ਼ਾਮਲ ਸੀ।

ਦੂਜੇ ਪੜ੍ਹਾਅ ਵਿੱਚ 1967 ਤੋਂ 1977 ਤੱਕ ਦਾ ਹੈ, ਜਦੋਂ ਕਾਂਗਰਸ ਕਮਜ਼ੋਰ ਹੋਈ, ਇੰਦਰਾ ਗਾਂਧੀ ਵਲੋਂ ਸੰਵਿਧਾਨ 'ਚ 42ਵੀਂ ਸੋਧ ਕੀਤੀ ਗਈ। ਅਤੇ ਰਾਜਾਂ ਦੇ ਅਧਿਕਾਰ ਖੋਹਕੇ ਕੇਂਦਰ ਨੂੰ ਮਜ਼ਬੂਤ ਕੀਤਾ। ਕਾਂਗਰਸ ਨੇ ਵਿਰੋਧੀ ਸਰਕਾਰਾਂ ਤੋੜਕੇ ਆਪਣੇ ਖੇਮੇ 'ਚ ਲਿਆਂਦੀਆਂ ਅਤੇ ਰਾਜਾਂ 'ਚ ਤਾਕਤ ਹਥਿਆਈ। 1967 ਤੋਂ 1971 ਤੱਕ ਕੇਂਦਰ ਤੇ ਰਾਜਾਂ ਵਿਚਕਾਰ ਖਿੱਚੋਤਾਣ ਸਿਖ਼ਰਾਂ ਤੇ ਰਹੀ। ਐਮਰਜੈਂਸੀ 1957-77 ਦੌਰਾਨ ਕੇਂਦਰ ਸੂਬਾ ਸਰਕਾਰਾਂ ਦੇ ਸਬੰਧ ਹੋਰ ਵਿਗੜੇ। ਤੀਜੇ ਪੜ੍ਹਾਅ ਵਿੱਚ ਜੋ 1977-89 ਤੱਕ ਦਾ ਸੀ, ਜਨਤਾ ਪਾਰਟੀ ਪਹਿਲੀ ਵੇਰ ਕੇਂਦਰ ਵਿੱਚ ਤਾਕਤ ਵਿੱਚ ਆਈ। ਆਸ ਸੀ ਕਿ ਇਹ ਸਰਕਾਰ ਰਾਜਾਂ ਨੂੰ ਵੱਧ ਅਧਿਕਾਰ ਦੇ ਕੇ ਦੇਸ਼ ਨੂੰ ਵਿਕੇਂਦਰੀਕਰਨ ਦੇ ਰਸਤੇ ਤੇ ਤੋਰੇਗੀ। ਪਰ ਸਰਕਾਰ ਨੇ ਪਹਿਲਾ ਕੰਮ 9 ਰਾਜਾਂ ਦੀਆਂ ਕਾਂਗਰਸ ਸਰਕਾਰ ਤੋੜਕੇ ਕੀਤਾ। ਧਾਰਾ 357 (ਏ) ਦੀ ਵਰਤੋਂ ਕਰਦਿਆਂ 44ਵੀਂ ਸੋਧ ਸੰਵਿਧਾਨ ਵਿੱਚ ਕੀਤੀ, ਜਿਸ ਅਧੀਨ ਕੇਂਦਰ ਨੂੰ ਰਾਜਾਂ ਵਿੱਚ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਕੇਂਦਰੀ ਬਲਾਂ ਦੀ ਵਰਤੋਂ ਦੀ ਪ੍ਰਵਾਨਗੀ ਦਿੱਤੀ। ਇਸੇ ਦੌਰਾਨ ਆਂਧਰਾ ਪ੍ਰਦੇਸ਼, ਤਾਮਿਲਨਾਡੂ, ਕਰਨਾਟਕਾਂ, ਪੱਛਮੀ ਬੰਗਾਲ 'ਚ ਇਲਾਕਾਈ ਪਾਰਟੀਆਂ ਹਾਕਮ ਧਿਰ ਬਣੀਆਂ ਜਿਹਨਾ ਨੇ ਵੱਧ ਅਧਿਕਾਰ ਅਤੇ ਖੁਦਮੁਖਤਾਰੀ ਮੰਗੀ। ਸ਼੍ਰੋਮਣੀ ਅਕਲੀ ਦਲ ਨੇ ਵੀ ਇਸ ਵਾਸਤੇ ਆਪਣੀ ਹਮਾਇਤ ਦਿੱਤੀ। ਚਾਰ ਦੱਖਣੀ ਰਾਜਾਂ ਨੇ ਸਾਂਝਾ ਰਿਜ਼ਨਲ ਕੌਂਸਲ ਦੀ ਸਥਾਪਨਾ ਕਰਕੇ ਖ਼ੁਦਮੁਖਤਾਰੀ ਮੰਗਣ ਕਾਰਨ ਸਰਕਾਰੀਆ ਕਮਿਸ਼ਨ ਬਣਿਆ ਜਿਸ ਵਲੋਂ ਕੇਂਦਰ- ਰਾਜ ਸਬੰਧਾਂ ਨੂੰ ਘੋਖਿਆ ਗਿਆ। 1989 'ਚ ਮੁੜ ਕਾਂਗਰਸ ਦੀ ਹਾਰ ਕਾਰਨ, ਕਾਂਗਰਸ ਨੂੰ ਇਲਾਕਾਈ ਪਾਰਟੀਆਂ ਨਾਲ ਸਾਂਝ ਪਾਉਣੀ ਪਈ ਅਤੇ ਕੇਂਦਰ-ਰਾਜ ਸਬੰਧਾਂ ਦਾ ਮੁਲਾਂਕਣ ਕਰਨ ਲਈ ਰਾਹ ਪੱਧਰਾ ਹੋਇਆ।

ਚੌਥੇ ਪੜ੍ਹਾਅ ਵਿੱਚ 1989 ਤੋਂ 2104 ਤੱਕ ਦੇ ਦੌਰ 'ਚ ਸਰਕਾਰਾਂ ਬਦਲੀਆਂ, ਕਦੇ ਭਾਜਪਾਈ ਪ੍ਰਧਾਨ ਮੰਤਰੀ ਬਣੇ, ਕਦੇ ਕਾਂਗਰਸ ਆਈ, ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਬਣੇ। ਕਦੇ ਭਾਜਪਾ ਆਈ। ਕਦੇ ਦੇਵਗੌੜਾ, ਕਦੇ ਆਈ.ਕੇ. ਗੁਜਰਾਲ ਨੂੰ ਵੀ ਰਾਜ ਕਰਨ ਦਾ ਮੌਕਾ ਮਿਲਿਆ। ਇਸ ਦੌਰਾਨ ਕੇਂਦਰ-ਸੂਬਾ ਸਰਕਾਰਾਂ ਦੇ ਸਬੰਧ ਕਦੇ ਤਲਖੀ ਵਾਲੇ ਅਤੇ ਕਦੇ ਸੁਖਾਵੇਂ ਦੇਖਣ ਨੂੰ ਮਿਲੇ ਪਰ ਬਹੁਤਾ ਕਰਕੇ ਆਪਸ 'ਚ ਕਈ ਮਾਮਲਿਆਂ ਉਤੇ ਆਪਸੀ ਵਿਰੋਧ ਵੇਖਣ ਨੂੰ ਮਿਲਿਆ। 2014 ਤੋਂ ਹੁਣ ਤੱਕ ਦਾ ਸਮਾਂ ਪੰਜਵਾਂ ਪੜ੍ਹਾਅ ਹੈ, ਜਦੋਂ ਭਾਜਪਾ ਕੇਂਦਰ ਵਿੱਚ ਭਾਰੀ ਬਹੁਮਤ ਨਾਲ ਦੋ ਵੇਰ ਜਿੱਤ ਪ੍ਰਾਪਤ ਕਰਕੇ ਸਾਹਮਣੇ ਆਈ ਹੈ, ਦੇਸ਼ 'ਚ ਕੇਂਦਰ-ਸੂਬਾ ਸਬੰਧਾਂ 'ਚ ਵੱਡਾ ਵਿਗਾੜ ਆਇਆ ਹੈ। ਇਸ ਦੌਰ ਨੂੰ ਕੇਂਦਰ ਰਾਜ ਸਬੰਧਾਂ ਦਾ ਕਾਲਾ ਦੌਰ ਕਰਕੇ ਜਾਣਿਆ ਜਾਂਦਾ ਹੈ।

ਮੋਦੀ ਸਰਕਾਰਾਂ ਵਲੋਂ ਸਿਆਸੀ ਚਾਲਾਂ ਤਹਿਤ ਚੁਣੀਆਂ ਸਰਕਾਰਾਂ ਤੋੜਕੇ ਰਾਸ਼ਟਰਪਤੀ ਰਾਜ ਲਗਾਕੇ ਕੇਂਦਰ ਅਤੇ ਸੂਬਾ ਸਰਕਾਰਾਂ ਵਿੱਚ ਵੱਡੀਆਂ ਵਿੱਥਾਂ ਪਾਈਆਂ ਹਨ। ਇਹ ਅਸਲ 'ਚ ਸੰਘੀ ਢਾਂਚੇ ਦੇ ਮੁਢਲੇ ਸਿਧਾਂਤ ਅਤੇ ਨਿਯਮਾਂ ਦੀ ਤਾਕਤ ਹਥਿਆਉਣ ਲਈ ਭਰਪੂਰ ਉਲੰਘਣਾ ਹੈ। ਸਵਾਲ ਪੈਦਾ ਇਹ ਹੁੰਦਾ ਹੈ ਕਿ ਜੇਕਰ ਰਾਜਾਂ ਨਾਲ ਇਸ ਕਿਸਮ ਦਾ ਤ੍ਰਿਸਕਾਰ ਹੁੰਦਾ ਰਿਹਾ ਤਾਂ ਉਹ ਕਿੰਨਾ ਚਿਰ ਭਾਰਤੀ ਸੰਘੀ ਢਾਂਚੇ ਦਾ ਹਿੱਸਾ ਬਣੇ ਰਹਿਣਗੇ।

ਸਾਲ 2012 'ਚ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਗੁਜਰਾਤ ਦੇ ਮੁੱਖ ਮੰਤਰੀ ਸਨ, ਉਹਨਾ ਕਿਹਾ ਕਿ ਕੇਂਦਰ ਵਲੋਂ ਸੂਬਿਆਂ ਦੇ ਹੱਕਾਂ ਦਾ ਹਨਨ ਭਾਰਤ ਦੇ ਸੰਘੀ ਢਾਂਚੇ ਉਤੇ ਧੱਬਾ ਹੈ। ਉਹਨਾ ਕਿਹਾ ਵੀ ਕਿਹਾ ਸੀ ਕਿ ਕੇਂਦਰ, ਜੇਕਰ ਸੂਬਿਆਂ ਨੂੰ ਆਪਣੇ ਹੱਕ ਵਰਤਣ ਦੇਵੇਗਾ ਤਾਂ ਕੇਂਦਰ ਦਾ ਸੰਘੀ ਢਾਂਚਾ ਮਜ਼ਬੂਤ ਹੋਏਗਾ। ਪਰ ਪ੍ਰਧਾਨ ਮੰਤਰੀ ਬਨਣ ਤੋਂ ਬਾਅਦ ਨਰੇਂਦਰ ਮੋਦੀ ਨੇ ''ਇੱਕ ਦੇਸ਼, ਇੱਕ ਰਾਸ਼ਟਰ, ਇੱਕ ਬੋਲੀ'' ਦੇ ਸੰਕਲਪ ਨੂੰ ਅੱਗੇ ਤੋਰਦਿਆਂ ''ਸਾਰੀਆਂ ਤਾਕਤਾਂ ਕੇਂਦਰ ਹੱਥ'' ਦੇ ਸਿਧਾਂਤ ਨੂੰ ਲਾਗੂ ਕਰਨ ਦਾ ਅਮਲ ਆਰੰਭ ਦਿੱਤਾ ਅਤੇ ਬਹੁ ਗਿਣਤੀ ਦੇ ਜ਼ੋਰ ਨਾਲ ਸੂਬਿਆਂ ਨੂੰ ਮਿੱਧਕੇ ਉਹਨਾ ਦੇ ਅਧਿਕਾਰਾਂ ਨੂੰ ਸੰਵਿਧਾਨ ਦੀਆਂ ਧਾਰਾਵਾਂ ਤੋੜ ਮਰੋੜ ਕੇ ਖੋਹਣ ਦਾ ਬੇਦਰਦਾ ਕਾਰਜ ਕੀਤਾ ਹੈ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸ਼ਤਿਹਾਰ, ਬਿਜ਼ਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



Edmonton
Sukhdev Singh Dhanoa
780 700 5022, 780 599 2000
Email:
sukhdevdhanoa@gmail.com



Regina
Gurbinder Singh Gagowal
306 520 4313, 639 999 1000
Email:
gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Lakha Sehajpal Daudhar
204 891 0031
431 733 3000
lakhadaudhar007@gmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

## ਖ਼ਬਰ ਪੰਜਾਬ ਤੋਂ ਆਈ ਐ ਬਈ--

## ਪੰਜਾਬ ਦੀ ਭਗਵੰਤ ਮਾਨ ਸਰਕਾਰ ਸ਼ਹੀਦਾਂ ਦੇ ਸੁਫ਼ਨਿਆਂ ਦਾ ਪੰਜਾਬ ਸਿਰਜਣ ਲਈ ਵਚਨਬੱਧ : ਅਨਮੋਲ ਗਗਨ ਮਾਨ

# ਨਵਾਂਸ਼ਹਿਰ ਵਿਖੇ 75ਵੇਂ ਆਜ਼ਾਦੀ ਦਿਵਸ ਮੌਕੇ ਲਹਿਰਾਇਆ ਤਿਰੰਗਾ



ਨਵਾਂਸ਼ਹਿਰ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਦੇ ਕਿਰਤ, ਯਾਤਰਾ, ਸਭਿਆਚਾਰਕ ਮਾਮਲੇ, ਨਿਵੇਸ਼ ਪ੍ਰੋਤਸਾਹਨ ਤੇ ਸ਼ਿਕਾਇਤ ਨਿਵਾਰਣ ਮੰਤਰੀ ਅਨਮੋਲ ਗਗਨ ਮਾਨ ਨੇ ਅੱਜ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਨਵਾਂਸ਼ਹਿਰ ਵਿਖੇ ਕੌਮੀ ਝੰਡਾ ਲਹਿਰਾਇਆ। ਉਨ੍ਹਾਂ ਇਸ ਮੌਕੇ ਡੀ ਸੀ ਐਨ ਪੀ ਐਸ ਰੰਧਾਵਾ ਅਤੇ ਐਸ ਐਸ ਪੀ ਭਾਗੀਰਥ ਸਿੰਘ ਮੀਣਾ ਨਾਲ ਪਰੇਡ ਦਾ ਨਿਰੀਖਣ ਵੀ ਕੀਤਾ ਤੇ ਮਾਰਚ ਪਾਸਟ ਤੋਂ ਸਲਾਮੀ ਵੀ ਲਈ।

ਉਨ੍ਹਾਂ ਇਸ ਮੌਕੇ ਦੇਸ਼ ਦੀ ਆਜ਼ਾਦੀ ਵਿੱਚ ਪੰਜਾਬੀਆਂ ਦੇ ਲਾ-ਮਿਸਾਲ ਯੋਗਦਾਨ ਅਤੇ ਸਭ ਤੋਂ ਵੱਧ ਕੁਰਬਾਨੀਆਂ ਨੂੰ ਯਾਦ ਕਰਦਿਆਂ ਕਿਹਾ ਕਿ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ, ਸਰਦਾਰ ਕਰਤਾਰ ਸਿੰਘ ਸਰਾਭਾ, ਮਦਨ ਲਾਲ ਢੀਂਗਰਾ, ਲਾਲਾ ਲਾਜਪਤ ਰਾਏ, ਦੀਵਾਨ ਸਿੰਘ ਕਾਲੇਪਾਣੀ, ਸ਼ਹੀਦ ਊਧਮ ਸਿੰਘ ਅਤੇ ਪੰਜਾਬ ਨਾਲ ਸਬੰਧਤ ਅਜਿਹੇ ਹੋਰ ਆਜ਼ਾਦੀ ਘੁਲਾਟੀਆਂ ਵੱਲੋਂ ਸਮੇਂ-ਸਮੇਂ 'ਤੇ ਆਰੰਭੇ ਗਏ ਸੰਘਰਸ਼ਾਂ ਕਾਰਨ ਹੀ ਅੱਜ ਅਸੀਂ ਆਜ਼ਾਦ ਮੁਲਕ ਦੇ ਵਾਸੀ ਹਾਂ।

ਅਨਮੋਲ ਗਗਨ ਮਾਨ ਨੇ ਆਖਿਆ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਦੀ ਮਿੱਟੀ 'ਚੋਂ ਅੱਜ ਵੀ ਸ਼ਹਾਦਤ ਦੀ ਖੁਸ਼ਬੋ ਆਉਂਦੀ ਹੈ ਅਤੇ ਦੇਸ਼ ਲਈ ਮਰ ਮਿਟਣ ਦੀ ਪ੍ਰੇਰਨਾ ਮਿਲਦੀ ਹੈ।

ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀ ਸ਼ਹੀਦਾਂ ਦੇ ਸੁਫ਼ਨਿਆਂ ਦਾ ਪੰਜਾਬ ਸਿਰਜਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਉਨ੍ਹਾਂ ਕਿਹਾ ਕਿ ਲੋਕਾਂ ਨਾਲ ਕੀਤੇ ਅਹਿਮ ਵਾਅਦੇ ਜਿਵੇਂ ਕਿ ਇੱਕ ਵਿਧਾਇਕ ਇੱਕ ਪੈਨਸ਼ਨ, ਆਮ ਆਦਮੀ ਕਲੀਨਿਕ ਅਤੇ 600 ਯੂਨਿਟ ਤੱਕ ਘਰੇਲੂ ਬਿਜਲੀ ਸਪਲਾਈ ਮੁਫ਼ਤ ਪਹਿਲੇ ਪੰਜ ਮਹੀਨਿਆਂ 'ਚ ਹੀ ਲਾਗੂ ਕਰ ਦਿੱਤੇ ਗਏ ਹਨ।

ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਸਰਕਾਰੀ ਦਫ਼ਤਰਾਂ ਵਿੱਚੋਂ ਰਾਜਨੀਤਕ ਤਸਵੀਰਾਂ ਲਾਉਣ ਦੀ ਪ੍ਰਥਾ ਨੂੰ ਖਤਮ ਕਰਦਿਆਂ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਅਤੇ ਡਾ. ਬੀ ਆਰ ਅੰਬੇਦਕਰ ਦੀਆਂ ਤਸਵੀਰਾਂ ਲਾਈਆਂ ਗਈਆਂ ਹਨ ਤਾਂ ਜੋ ਉਹ ਸਾਨੂੰ ਲੋਕਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਦੀ ਸੇਧ ਅਤੇ ਪ੍ਰੇਰਨਾ ਦੇ ਸਕਣ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਅੱਜ ਪੰਜਾਬ ਬਿਜਲੀ, ਖੇਤੀਬਾੜੀ, ਸਿੱਖਿਆ, ਲਾਅ ਐਂਡ ਆਡਰ, ਨਾਗਰਿਕ ਸੇਵਾਵਾਂ, ਬੁਨਿਆਦੀ ਢਾਂਚੇ, ਸ਼ਹਿਰੀ ਵਿਕਾਸ, ਪਿੰਡਾਂ ਦੇ ਸਰਵਪੱਖੀ ਵਿਕਾਸ, ਪੰਚਾਇਤੀ ਜ਼ਮੀਨਾਂ 'ਤੋਂ ਨਾਜਾਇਜ਼ ਕਬਜੇ ਛੁਡਾਉਣ, ਸਿਹਤ, ਨਿਵੇਸ਼ ਪੱਖੀ ਮਾਹੌਲ ਸਿਰਜਣ ਅਤੇ ਉਦਯੋਗ ਦੇ ਖੇਤਰ ਵਿੱਚ ਨਾਮਣਾ ਖੱਟ ਰਿਹਾ ਹੈ। ਉਨ੍ਹਾਂ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ ਨੂੰ ਪੰਜਾਬ 'ਚੋਂ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖਤਮ ਕਰਨ ਦਾ ਸਭ ਤੋਂ ਵੱਡਾ ਨਾਗਰਿਕ ਅਧਿਕਾਰ ਕਰਾਰ ਦਿੱਤਾ।

ਨਸ਼ਿਆਂ ਖ਼ਿਲਾਫ਼ ਜੰਗ, ਐਂਟੀ-ਗੈਂਗਸਟਰ ਟਾਸਕ ਫ਼ੋਰਸ, ਨੌਜੁਆਨਾਂ ਲਈ ਤਕਨੀਕੀ ਸਿਖਲਾਈ ਸੰਸਥਾਂਵਾਂ ਦੀ ਸਥਾਪਤੀ, ਕਾਗਜ਼ੀ ਸਟੈਂਪ ਪੇਪਰਾਂ ਦੀ ਥਾਂ 'ਤੇ ਈ-ਸਟੈਂਪ ਦੀ ਸ਼ੁਰੂਆਤ, ਕਿਸਾਨਾਂ ਨੂੰ ਬਦਲਵੀਂਆਂ ਫ਼ਸਲਾਂ ਲਈ ਉਤਸ਼ਾਹਿਤ ਕਰਨ ਅਤੇ ਧਰਤੀ ਹੇਠਲੇ ਪਾਣੀ ਦੇ ਘਟਦੇ ਪੱਧਰ ਨੂੰ ਬਚਾਉਣ ਲਈ ਮੂੰਗੀ ਦਾ ਐਮ ਐਸ ਪੀ ਦੇਣ ਅਤੇ ਝੋਨੇ ਦੀ ਸਿੱਧੀ ਬਿਜਾਈ ਲਈ ਉਤਸ਼ਾਹ ਦੇਣ ਲਈ 1500 ਰੁਪਏ ਪ੍ਰਤੀ ਏਕੜ ਦੀ ਸਬਸਿਡੀ ਨੂੰ ਪੰਜਾਬ ਸਰਕਾਰ ਦੀ ਰਾਜ ਅਤੇ ਲੋਕਾਂ ਪ੍ਰਤੀ ਸੰਜੀਦਗੀ ਅਤੇ ਸੁਹਿਰਦਤਾ ਆਖਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਵਚਨਬੱਧ ਹੈ।

ਕਿਰਤ ਮੰਤਰੀ ਨੇ ਅੱਗੇ ਕਿਹਾ ਕਿ ਕੌਮੀ ਅੰਨ ਸੁਰੱਖਿਆ ਮਿਸ਼ਨ ਦੇ ਲਾਭਪਾਤਰੀਆਂ ਨੂੰ ਕਣਕ ਦੀ ਥਾਂ ਆਟਾ ਸਪਲਾਈ ਕਰਨ, ਦੇਸ਼ ਲਈ ਸ਼ਹੀਦ ਹੋਣ ਵਾਲੇ ਸੈਨਿਕਾਂ ਦੇ ਪਰਿਵਾਰਾਂ ਨੂੰ ਦਿੱਤਾ ਜਾਂਦਾ ਮਾਣ ਭੱਤਾ ਵਧਾ ਕੇ ਇੱਕ ਕਰੋੜ ਕਰਨ, ਰਾਜ ਦੇ ਨੌਜੁਆਨਾਂ ਨੂੰ ਰੋਜ਼ਗਾਰ ਦੇ ਵਾਅਦੇ ਤਹਿਤ 26 ਹਜ਼ਾਰ ਸਰਕਾਰੀ ਅਸਾਮੀਆਂ 'ਤੇ ਭਰਤੀ, ਨੌਜੁਆਨਾਂ ਨੂੰ ਖੇਡਾਂ 'ਚ ਉਤਸ਼ਾਹ ਦੇਣ ਲਈ ਰਾਜ ਭਰ 'ਚ 29 ਜੁਲਾਈ ਤੋਂ ਖੇਡ ਮੁਕਾਬਲਿਆਂ ਦੀ ਆਰੰਭਤਾ ਭਗਵੰਤ ਮਾਨ ਸਰਕਾਰ ਦੀ ਰਾਜ ਦੇ ਲੋਕਾਂ ਪ੍ਰਤੀ ਸੁਹਿਰਦ ਸੋਚ ਦਾ ਪ੍ਰਗਟਾਵਾ ਹੈ। ਰਾਜ ਦੇ ਲੋਕਾਂ ਨੂੰ ਵਾਜਬ ਦਰਾਂ 'ਤੇ ਨਿਰਮਾਣ ਸਮੱਗਰੀ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਰੇਤ ਤੇ ਬਜਰੀ ਦੀ ਮਾਈਨਿੰਗ ਨੀਤੀ, 2021 ਵਿੱਚ ਸੋਧ ਨੂੰ ਆਮ ਆਦਮੀ ਲਈ ਉਨ੍ਹਾਂ ਵੱਡੀ ਰਾਹਤ ਕਰਾਰ ਦਿੱਤਾ।

ਸਮਾਗਮ ਦੌਰਾਨ ਉਨ੍ਹਾਂ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵੱਲੋਂ ਲੋੜਵੰਦਾਂ ਨੂੰ ਟ੍ਰਾਈਸਾਈਕਲ ਅਤੇ ਸਿਲਾਈ ਮਸ਼ੀਨਾਂ ਵੀ ਭੇਟ ਕੀਤੀਆਂ। ਇਸ ਤੋਂ ਇਲਾਵਾ ਪਰੇਡ ਕਮਾਂਡਰ ਡੀ ਐਸ ਪੀ ਹਰਸ਼ਪ੍ਰੀਤ ਸਿੰਘ ਅਤੇ ਨੇਚਰ ਫ਼ੋਟੋਗ੍ਰਾਫ਼ਰ ਐਡਵੋਕੇਟ ਹਰਪ੍ਰੀਤ ਸਿੰਘ ਸੰਧੂ ਸਮੇਤ 51 ਸਖਸ਼ੀਅਤਾਂ ਨੂੰ ਉਨ੍ਹਾਂ ਦੀਆਂ ਵਿਸ਼ੇਸ਼ ਪ੍ਰਾਪਤੀਆਂ ਲਈ ਸਨਮਾਨਿਤ ਵੀ ਕੀਤਾ ਗਿਆ।

ਦੇਸ਼ ਦੀ ਆਜ਼ਾਦੀ ਦੀ 75 ਵੀਂ ਵਰ੍ਹੇਗੰਢ ਦੇ ਸਮਾਗਮਾਂ ਨੂੰ ਯਾਦਗਾਰੀ ਬਣਾਉਣ ਲਈ 28 ਸਕੂਲਾਂ ਦੇ 2000 ਤੋਂ ਵਧੇਰੇ ਵਿਦਿਆਰਥੀਆਂ ਨੇ ਇਸ ਮੌਕੇ ਪਰੇਡ, ਪੀ ਟੀ ਸ਼ੋਅ ਤੇ ਸਭਿਆਚਾਰਕ ਪ੍ਰੋਗਰਾਮ 'ਚ ਸ਼ਮੂਲੀਅਤ ਕੀਤੀ। ਇਸ ਤੋਂ ਇਲਾਵਾ ਵਿਭਾਗਾਂ ਵੱਲੋਂ ਲੋਕ ਜਾਗਰੂਕਤਾ ਲਈ ਕੱਢੀਆਂ ਗਈਆਂ ਝਾਕੀਆਂ ਵੀ ਮਾਰਚ ਪਾਸਟ ਦਾ ਹਿੱਸਾ ਸਨ।

ਸਮਾਗਮ ਦੌਰਾਨ ਐਮ ਐਲ ਏ ਸੰਤੋਸ਼ ਕੁਮਾਰੀ ਕਟਾਰੀਆ, ਐਮ ਐਲ ਏ ਡਾ. ਨਛੱਤਰ ਪਾਲ, ਜ਼ਿਲ੍ਹਾ ਤੇ ਸੈਸ਼ਨ ਜੱਜ ਕੰਵਲਜੀਤ ਸਿੰਘ ਬਾਜਵਾ, ਆਪ ਦੇ ਸੀਨੀਅਰ ਆਗੂ ਲਲਿਤ ਮੋਹਨ ਪਾਠਕ, ਜ਼ਿਲ੍ਹਾ ਪ੍ਰਧਾਨ ਸ਼ਿਵ ਕਰਨ ਚੇਚੀ, ਮਹਿਲਾ ਵਿੰਗ ਦੇ ਪ੍ਰਧਾਨ ਰਾਜਦੀਪ ਸ਼ਰਮਾ, ਆਪ ਯੂਥ ਵਿੰਗ ਦੇ ਉਪ ਪ੍ਰਧਾਨ ਸਤਨਾਮ ਸਿੰਘ ਜਲਵਾਹਾ, ਬੰਗਾ ਤੋਂ ਬਲਬੀਰ ਸਿੰਘ ਕਰਨਾਣਾ, ਜ਼ਿਲ੍ਹਾ ਯੂਥ ਪ੍ਰਧਾਨ ਵਿਨੀਤ ਰਾਣਾ, ਆਪ ਦੇ ਜ਼ਿਲ੍ਹਾ ਜਨਰਲ ਸਕੱਤਰ ਗਗਨ ਅਗਨੀਹੋਤਰੀ ਸਮੇਤ ਵੱਡੀ ਗਿਣਤੀ 'ਚ ਜ਼ਿਲ੍ਹੇ ਦੇ ਅਧਿਕਾਰੀ ਅਤੇ ਹੋਰ ਪ੍ਰਮੁੱਖ ਸਖਸ਼ੀਅਤਾਂ ਮੰਚ 'ਤੇ ਮੌਜੂਦ ਸਨ।

ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਰਤ, ਯਾਤਰਾ ਤੇ ਸਭਿਆਚਰਕ ਮਾਮਲਿਆਂ ਬਾਰੇ ਮੰਤਰੀ ਅਨਮੋਲ ਗਗਨ ਮਾਨ ਦੀ ਸਿਫ਼ਾਰਸ਼ 'ਤੇ ਸਕੂਲਾਂ 'ਚ 16 ਅਗਸਤ ਦੀ ਛੁੱਟੀ ਦਾ ਐਲਾਨ ਵੀ ਕੀਤਾ ਗਿਆ।

## ਸੁਲਤਾਨਪੁਰ ਲੋਧੀ ਵਿਖੇ 'ਪਿੰਡ ਬਾਬੇ ਨਾਨਕ ਦਾ' ਵਿਰਾਸਤੀ ਕੰਪਲੈਕਸ ਦੀ ਸਥਾਪਨਾ ਲਈ ਕੇਂਦਰ ਸਰਕਾਰ ਤੋਂ 500 ਕਰੋੜ ਰੁਪਏ ਦੀ ਸਿਧਾਂਤਕ ਪ੍ਰਵਾਨਗੀ ਪ੍ਰਾਪਤ ਕੀਤੀ : ਅਨਮੋਲ ਗਗਨ ਮਾਨ






ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਸੈਰ ਸਪਾਟਾ ਵਿਭਾਗ ਵੱਲੋਂ ਸੂਬੇ ਵਿੱਚ ਸੈਰ ਸਪਾਟੇ ਦੀਆਂ ਸੰਭਾਵਨਵਾਂ ਨੂੰ ਵਧਾਉਂਣ ਦੇ ਮੰਤਵ ਨਾਲ ਮੁੱਖ ਪ੍ਰੋਜੈਕਟਾ ਤੇ ਕਾਰਵਾਈ ਤੇਜ਼ ਕਰ ਦਿੱਤੀ ਹੈ। ਪੰਜਾਬ ਵਿੱਚ ਸੁਲਤਾਨਪੁਰ ਲੋਧੀ ਵਿਖੇ ਪਿੰਡ ਬਾਬੇ ਨਾਨਕ ਦਾ ਪ੍ਰੋਜੈਕਟ ਲਈ ਕੇਂਦਰ ਸਰਕਾਰ ਤੋਂ 500 ਕਰੋੜ ਰੁਪਏ ਦੀ ਸਿਧਾਂਤਕ ਪ੍ਰਵਾਨਗੀ ਪ੍ਰਾਪਤ ਕੀਤੀ ਗਈ ਹੈ।

ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਸੈਰ ਸਪਾਟਾ ਅਤੇ ਸੱਭਿਆਚਾਰਕ ਮੰਤਰੀ ਮੈਡਮ ਅਨਮੋਲ ਗਗਨ ਮਾਨ ਵੱਲੋਂ ਦੱਸਿਆ ਗਿਆ ਕਿ ਸੁਲਤਾਨਪੁਰ ਲੋਧੀ ਵਿਖੇ ਪਿੰਡ ਬਾਬੇ ਨਾਨਕ ਦਾ ਪ੍ਰੋਜੈਕਟ ਲਈ 500 ਕਰੋੜ ਰੁਪਏ ਦੀ ਲਾਗਤ ਉਲੀਕੀ ਗਈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਸਬੰਧੀ ਸੂਬਾ ਸਰਕਾਰ ਵੱਲੋਂ ਮੁੱਢਲੀ ਰਿਪੋਰਟ ਭਾਰਤ ਸਰਕਾਰ ਨੂੰ ਭੇਜੀ ਗਈ ਗਈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਤੋਂ ਇਸ ਪ੍ਰੋਜੈਕਟ ਲਈ 500 ਕਰੋੜ ਰੁਪਏ ਦੀ ਸਿਧਾਂਤਕ ਮੰਨਜ਼ੂਰੀ ਪ੍ਰਾਪਤ ਕਰ ਲਈ ਹੈ। ਉਨ੍ਹਾਂ ਕਿਹਾ ਕਿ 'ਪਿੰਡ ਬਾਬੇ ਨਾਨਕ ਦਾ 'ਵਿਰਾਸਤੀ ਕੰਪਲੈਕਸ ਦੀ ਸਥਾਪਨਾ ਨੂੰ ਪੂਰਾ ਕਰਨ ਲਈ ਜਲਦੀ ਹੀ ਕੰਸਲਟੈਂਟ ਹਾਇਰ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਵਿਭਾਗ ਵੱਲੋਂ ਇਹ ਵਿਸ਼ਵ ਪੱਧਰੀ ਪ੍ਰੋਜੈਕਟ ਸਥਾਪਤ ਕਰਨ ਲਈ ਛੇਤੀ ਹੀ ਗਲੋਬਲ ਟੈਂਡਰ ਵੀ ਲਗਾਇਆ ਜਾਵੇਗਾ।

## ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਨਾਲ ਜੁੜੀਆਂ ਯਾਦਗਾਰਾਂ ਨੂੰ ਹੋਰ ਖ਼ੂਬਸੂਰਤ ਬਣਾਵਾਂਗੇ : ਅਨਮੋਲ ਗਗਨ ਮਾਨ



ਖਟਕੜ ਕਲਾਂ (ਪੰਜਾਬੀ ਅਖਬਾਰ ਬਿਊਰੋ) ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਜੁੜੀਆਂ ਯਾਦਗਾਰਾਂ ਨੂੰ ਵਿਰਾਸਤੀ ਸੈਰ ਸਪਾਟੇ ਦੇ ਮੰਤਵ ਨਾਲ ਹੋਰ ਖ਼ੂਬਸੂਰਤ ਦਿੱਖ ਦਿੱਤੀ ਜਾਵੇਗੀ ਤਾਂ ਜੋ ਦੇਸ਼ ਦੇ ਮਹਾਨ ਸਪੂਤ ਸਰਦਾਰ ਭਗਤ ਸਿੰਘ ਦੇ ਪਿੰਡ ਨੂੰ ਦੇਸ਼-ਵਿਦੇਸ਼ ਤੋਂ ਦੇਖਣ ਆਉਣ ਵਾਲੇ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਦੀ ਲਹਿਰ ਨਾਲ ਜੁੜੇ ਰਹੇ ਉਨ੍ਹਾਂ ਦੇ ਪਰਿਵਾਰ ਅਤੇ ਦੇਸ਼ ਦੀ ਆਜ਼ਾਦੀ ਲਈ ਹੱਸ ਕੇ ਫਾਂਸੀ ਦਾ ਰੱਸਾ ਚੁੰਮਣ ਵਾਲੇ ਆਪਣੇ ਨਾਇਕ ਬਾਰੇ ਵੱਧ ਤੋਂ ਵੱਧ ਜਾਣਕਾਰੀ ਮਿਲ ਸਕੇ।

ਅੱਜ ਦੇਸ਼ ਦੇ 76ਵੇਂ ਆਜ਼ਾਦੀ ਦਿਹਾੜੇ ਮੌਕੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਪਿਤਾ ਸ. ਕਿਸ਼ਨ ਸਿੰਘ ਨੂੰ ਉਨ੍ਹਾਂ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਬਣੀਆਂ ਯਾਦਗਾਰਾਂ ਵਿਖੇ ਨਤਮਸਤਕ ਹੋਣ ਪੁੱਜੇ ਕਿਰਤ, ਯਾਤਰਾ ਤੇ ਸਭਿਆਚਾਰਕ ਮਾਮਲੇ, ਨਿਵੇਸ਼ ਪ੍ਰੋਤਸਾਹਨ ਤੇ ਸ਼ਿਕਾਇਤ ਨਿਵਾਰਣ ਮੰਤਰੀ ਅਨਮੋਲ ਗਗਨ ਮਾਨ ਨੇ ਆਖਿਆ ਕਿ ਉਨ੍ਹਾਂ ਲਈ ਇਸ ਤੋਂ ਵੱਡੀ ਖੁਸ਼ਕਿਸਮਤੀ ਕੀ ਹੋ ਸਕਦੀ ਹੈ ਕਿ ਉਨ੍ਹਾਂ ਅੱਜ ਦੇ ਪਵਿੱਤਰ ਦਿਨ ਦੀ ਸ਼ੁਰੂਆਤ ਸ਼ਹੀਦ ਏ ਆਜ਼ਮ ਸ. ਭਗਤ ਸਿੰਘ ਦੀ ਧਰਤੀ ਦੀ ਮਿੱਟੀ ਛੋਹ ਕੇ ਕੀਤੀ। ਉਨ੍ਹਾਂ ਕਿਹਾ ਸ਼ਹੀਦ ਭਗਤ ਸਿੰਘ ਆਜ਼ਾਦੀ ਦੇ ਉਹ ਨਾਇਕ ਸਨ, ਜਿਨ੍ਹਾਂ ਨੇ ਜਵਾਨੀ 'ਚ ਆਪਣੀਆਂ ਜਿੰਦਾਂ ਵਾਰੀਆਂ। ਉਨ੍ਹਾਂ ਆਖਿਆ ਕਿ ਪੰਜਾਬ ਦੇਸ਼ ਦੇ ਸੁਤੰਤਰਤਾ ਅੰਦੋਲਨ ਵਿੱਚ ਆਪਣੇ ਆਜ਼ਾਦੀ ਘੁਲਾਟੀਆਂ ਦੀ ਸਭ ਤੋਂ ਵੱਧ ਕੁਰਬਾਨੀਆਂ ਦੇ ਕੇ ਅਤੇ ਸਭ ਤੋਂ ਵਧੇਰੇ ਤਸ਼ੱਦਦ ਸਹਿ ਕੇ ਤੇ ਜੇਲ੍ਹਾਂ ਕੱਟ ਕੇ ਲਾ-ਮਿਸਾਲ ਯੋਗਦਾਨ ਦੇਣ ਵਾਲਾ ਸੂਬਾ ਹੈ। ਉਨ੍ਹਾਂ ਆਖਿਆ ਕਿ ਵਾਹਿਗੁਰੂ ਸਾਡੇ ਪੰਜਾਬ 'ਤੇ ਅਤੇ ਪੰਜਾਬੀਆਂ 'ਤੇ ਹਮੇਸ਼ਾਂ ਮੇਹਰ ਭਰਿਆ ਹੱਥ ਬਣਾਈ ਰੱਖੇ। ਬਾਰਅਦ ਵਿੱਚ ਸ਼ਹੀਦ ਭਗਤ ਸਿੰਘ ਜੱਦੀ ਘਰ ਦਾ ਦੌਰਾ ਕਰਨ ਮੌਕੇ ਉਨ੍ਹਾਂ ਸ਼ਹੀਦ-ਏ-ਆਜ਼ਮ ਦੇ ਪਰਿਵਾਰ ਨਾਲ ਜੁੜੀਆਂ ਸਾਰੀਆਂ ਪੁਰਾਤਨ ਵਸਤਾਂ ਨੂੰ ਗਹੁ ਨਾਲ ਦੇਖਿਆ। ਉਨ੍ਹਾਂ ਇਕੱਲੇ-ਇਕੱਲੇ ਕਮਰੇ ਦਾ ਦੌਰਾ ਕਰ, ਉੱਥੇ ਪਈਆਂ ਵਸਤਾਂ ਨੂੰ ਛੋਹ ਕੇ ਦੇਖਿਆ ਅਤੇ ਸ਼ਹੀਦ ਦੇ ਪਰਿਵਾਰ ਦੀ ਵਿਰਾਸਤ ਨੂੰ ਮਹਿਸੂਸ ਕੀਤਾ।

ਉਨ੍ਹਾਂ ਨੇ ਉੱਥੇ ਮੌਜੂਦ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੂੰ ਆਖਿਆ ਕਿ ਉਹ ਸ਼ਹੀਦ-ਏ-ਆਜ਼ਮ ਦੇ ਜੱਦੀ ਪਿੰਡ ਨੂੰ ਹੋਰ ਖ਼ੂਬਸੂਰਤ ਤੇ ਵਿਰਾਸਤੀ ਸੈਰ ਸਪਾਟੇ ਦਾ ਸਥਾਨ ਬਣਾਉਣ ਲਈ ਕੀਤੇ ਜਾ ਸਕਦੇ ਕੰਮਾਂ ਦੀ ਤਫ਼ਸੀਲ ਬਣਾ ਕੇ ਭੇਜਣ ਤਾਂ ਜੋ ਯਾਤਰਾ ਤੇ ਸਭਿਅਚਾਰਕ ਮਾਮਲੇ ਵਿਭਾਗ ਇਸ 'ਤੇ ਅਗਲੇਰੀ ਕਾਰਵਾਈ ਆਰੰਭ ਸਕੇ।

ਇਸ ਮੌਕੇ ਐਮ ਐਲ ਏ ਬਲਾਚੌਰ ਸੰਤੋਸ਼ ਕਟਾਰੀਆ, ਐਸ ਐਸ ਪੀ ਭਾਗੀਰਥ ਸਿੰਘ ਮੀਣਾ, ਐਸ ਡੀ ਐਮ ਬੰਗਾ ਨਵਨੀਤ ਕੌਰ ਬੱਲ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਲਲਿਤ ਮੋਹਨ ਪਾਠਕ, ਜ਼ਿਲ੍ਹਾ ਪ੍ਰਧਾਨ ਸ਼ਿਵ ਕਰਨ ਚੇਚੀ ਤੇ ਹੋਰ ਅਧਿਕਾਰੀ ਮੌਜੂਦ ਸਨ।

# ਮੇਰਾ ਪਿੰਡ ਮੇਰੀ ਪਹਿਚਾਣ-ਪ੍ਰਵਾਸੀਆਂ ਵੱਲੋਂ ਕਲੀਨਿਕ ਭੇਟ

### -ਸਿਹਤ ਮੰਤਰੀ ਸ. ਚੇਤਨ ਸਿੰਘ ਅਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ 'ਆਮ ਆਦਮੀ ਕਲੀਨਿਕ' ਪਿੰਡ ਬਸਿਆਲਾ ਦਾ ਉਦਘਾਟਨ

### -ਕਿਸੇ ਵੱਡੇ ਹਸਪਤਾਲ ਦੇ ਝਲਕਾਰੇ ਵਰਗਾ ਹੈ ਦਿਸਦਾ ਹੈ ਇਹ ਮਾਡਰਨ ਹਸਪਤਾਲ - ਡਾ. ਨਰਿੰਦਰ ਕੁਮਾਰ ਸਾਬਕਾ ਐਸ. ਐਮ. ਓ. ਹੋਣਗੇ ਮੈਡੀਕਲ ਅਫਸਰ









ਗੜ੍ਹਸ਼ੰਕਰ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਸਰਕਾਰ ਵੱਲੋਂ ਅੱਜ ਆਜ਼ਾਦੀ ਦਿਵਸ ਦੇ 75ਵੇਂ ਮਹਾਂ ਅੰਮ੍ਰਿਤ ਉਤਸਵਾਂ ਦੀ ਸੰਪੂਰਨਤਾ ਉਤੇ ਪੰਜਾਬ ਦੇ ਵਿਚ 75 ਤੋਂ ਵੱਧ 'ਆਮ ਆਦਮੀ ਕਲੀਨਿਕ' ਖੋਲ੍ਹੇ ਗਏ। ਪੰਜਾਬ ਦਾ ਉਹ ਕਲੀਨਿਕ ਜਿਸ ਦਾ ਉਦਘਾਟਨ ਸਿਹਤ ਮੰਤਰੀ ਸ. ਚੇਤਨ ਸਿੰਘ ਜੌੜਾਮਜਰਾ ਵਿਧਾਇਕ ਹਲਕਾ ਸਮਾਣਾ ਅਤੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਹਲਕਾ ਗੜ੍ਹਸ਼ੰਕਰ ਦੇ ਵਿਧਾਇਕ ਸ. ਜੈ ਕ੍ਰਿਸ਼ਨ ਸਿੰਘ ਰੌੜੀ ਨੇ ਰੀਬਨ ਕੱਟ ਕੇ ਕੀਤਾ ਉਹ ਪਿੰਡ ਬਸਿਆਲਾ ਦਾ ਹੈ ਜਿਸ ਦੀ ਇਮਾਰਤ ਨੂੰ ਪਿੰਡ ਦੇ ਪ੍ਰਵਾਸੀ ਸ. ਬਹਾਦਰ ਸਿੰਘ ਹੋਰਾਂ ਨੇ ਆਪਣੇ ਬਜ਼ੁਰਗਾਂ ਦਾਦਾ ਸ੍ਰੀ ਰਾਮ ਚੰਦ, ਪਿਤਾ ਸਵ. ਕਰਤਾਰ ਸਿੰਘ ਅਤੇ ਮਾਤਾ ਸਵ. ਜੀਤ ਕੌਰ ਦੀ ਯਾਦ ਵਿਚ ਤਿਆਰ ਕਰਵਾਇਆ ਹੈ। ਕਿਸੇ ਆਧੁਨਿਕ ਹਸਪਤਾਲ ਵਰਗਾ ਲਗਦਾ ਇਹ 'ਆਮ ਆਦਮੀ ਕਲੀਨਿਕ' ਸ਼ਾਇਦ ਦੂਜੇ ਸਾਰੇ ਕਲੀਨਿਕਾਂ ਤੋਂ ਵੱਖਰਾ ਹੋਵੇਗਾ ਕਿਉਂਕਿ ਇਸਦਾ ਕੁੱਲ ਖੇਤਰਫਲ 4000 ਵਰਗ ਫੁੱਟ ਅਤੇ ਛੱਤਿਆ ਖੇਤਰ 1800 ਵਰਗ ਫੁੱਟ ਦੇ ਕਰੀਬ ਹੈ। ਪੰਜਾਬ ਦੇ ਸਿਹਤ ਮੰਤਰੀ ਨੇ ਖਾਸ ਤੌਰ ਉਤੇ ਇਸਦਾ ਉਦਘਾਟਨ ਕਰਨ ਦੀ ਤਮੰਨਾ ਪ੍ਰਗਟ ਕੀਤੀ ਸੀ ਕਿਉਂਕਿ ਇਸ ਹਸਪਤਾਲ ਦਾ ਜ਼ਿਕਰ ਵਿਧਾਇਕ ਸ. ਜੈ ਕ੍ਰਿਸ਼ਨ ਸਿੰਘ ਰੌੜੀ ਜੀ ਨੇ ਪਹਿਲਾਂ ਹੀ ਵਿਧਾਨ ਸਭਾ ਦੇ ਵਿਚ ਕਰ ਦਿੱਤਾ ਸੀ। ਇਸ ਤੋਂ ਬਾਅਦ ਡਾ. ਰਣਜੀਤ ਸਿੰਘ ਨਿਰਦੇਸ਼ਕ ਮੁੱਖੀ ਹੈਲਥ ਸਰਵਿਸਜ, ਡਾ. ਅਮਰਜੀਤ ਸਿੰਘ ਸਿਵਲ ਸਰਜਨ ਹੁਸ਼ਿਆਰਪੁਰ, ਡਾ. ਪਵਨ ਕੁਮਾਰ ਸਹਾਇਕ ਸਿਵਲ ਸਰਜਨ, ਡਾ. ਸੰਗੀਤਾ ਅਜੇ ਸਟੇਟ ਨੋਡਲ ਆਫੀਸਰ ਆਮ ਆਦਮੀ ਕਲੀਨਿਕ, ਡਾ. ਗੁਰਮਨ ਸਿੰਘ, ਡਾ. ਰਘਵੀਰ ਸਿੰਘ ਐਸ. ਐਮ. ਓ. ਪੋਸੀ, ਸ੍ਰੀ ਮੁਹੰਮਦ ਆਸਿਫ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਨੈਸ਼ਨਲ ਹੈਲਥ ਮਿਸ਼ਨ, ਡਾ. ਪਵਨ ਕੁਮਾਰ ਸ ਅਤੇ ਹੋਰ ਬਹੁਤ ਸਾਰੇ ਆਫੀਸਰਜ਼ ਨੇ ਇਸ ਕਲੀਨਿਕ ਨੂੰ ਅਮਲੀ ਰੂਪ ਦੇਣ ਵਿਚ ਆਪਣਾ ਯੋਗਦਾਨ ਪਾਇਆ। ਸ਼ਾਮ 4 ਕੁ ਵਜੇ ਬਰਨਾਲਾ ਸ਼ਹਿਰ ਤੋਂ ਤਿਰੰਗਾ ਝੰਡਾ ਲਹਿਰਾ ਕੇ ਤੋ ਪਰਤੇ ਸ. ਚੇਤਨ ਸਿੰਘ ਜੌੜਾਮਾਜਰਾ ਅਤੇ ਅੰਮ੍ਰਿਤਸਰ ਸਾਹਿਬ ਤੋਂ ਤਿਰੰਗਾ ਝੰਡਾ ਲਹਿਰਾ ਕੇ ਪਰਤੇ ਸ. ਜੈ ਕ੍ਰਿਸ਼ਨ ਸਿੰਘ ਰੌੜੀ ਨੇ ਪਿੰਡ ਬਸਿਆਲਾ ਵਿਖੇ ਪੁੱਜ ਕੇ ਜੁੜੇ ਨਗਰ ਵਾਸੀਆਂ ਨੂੰ ਸੰਬੋਧਨ ਕੀਤਾ। ਇਸ ਤੋਂ ਪਹਿਲਾਂ ਸ. ਬਹਾਦਰ ਸਿੰਘ ਹੋਰਾਂ ਨੇ ਸਿਹਤ ਮੰਤਰੀ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਉਨ੍ਹਾਂ ਦਾ ਸਵਾਗਤ ਕੀਤਾ। ਮਾਸਟਰ ਗੁਰਚਰਨ ਸਿੰਘ ਹੋਰਾਂ ਜੈ ਕ੍ਰਿਸ਼ਨ ਸਿੰਘ ਰੋੜੀ ਹੋਰਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ। ਸਟੇਜ ਸੰਚਾਲਨ ਸ. ਹਰਜਿੰਦਰ ਸਿੰਘ ਬਸਿਆਲਾ ਨੇ ਕਰਦਿਆਂ ਮਾਣਯੋਗ ਸ. ਜੈ ਕ੍ਰਿਸ਼ਨ ਸਿੰਘ ਰੋੜੀ ਹੋਰਾਂ ਦਾ ਅਤੇ ਸਿਹਤ ਮੰਤਰੀ ਸ. ਚੇਤਨ ਸਿੰਘ ਜੋੜਾ ਮਾਜਰਾ ਦਾ ਸਵਾਗਤ ਕੀਤਾ। ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਨੇ ਮੰਤਰੀ ਸਾਹਿਬ ਦਾ ਧੰਨਵਾਦ ਕਰਦਿਆਂ ਜਿੱਥੇ ਆਜਾਦੀ ਦਿਵਸ ਦੀ ਵਧਾਈ ਦਿੱਤੀ ਉਥੇ ਪਿੰਡ ਬਸਿਆਲਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਵੇਂ ਇਸ ਪਿੰਡ ਨੇ ਵੋਟਾਂ ਵੇਲੇ ਕਿਸੀ ਕਾਰਨ ਬਾਈਕਾਟ ਕਰ ਦਿੱਤਾ ਸੀ, ਪਰ ਸਮੁੱਚਾ ਪਿੰਡ ਉਨ੍ਹਾਂ ਦੇ ਨਾਲ ਰਿਹਾ ਹੈ। ਉਨ੍ਹਾਂ ਇਲਾਕੇ ਲਈ ਮੈਡੀਕਲ ਕਾਲਜ ਦੀ ਮੰਗ ਕੀਤੀ ਅਤੇ ਸਿਵਲ ਹਸਪਤਾਲ ਗੜ੍ਹਸ਼ੰਕਰ ਦਾ ਹੋਰ ਸੁਧਾਰ ਕਰਨ ਲਈ ਬੇਨਤੀ ਕੀਤੀ। ਸਿਹਤ ਮੰਤਰੀ ਸ. ਚੇਤਨ ਸਿੰਘ ਜੋੜਾ ਮਾਜਰਾ ਨੇ ਆਪਣਾ ਭਾਸ਼ਣ ਆਜਾਦੀ ਦਿਵਸ ਦੀ ਵਧਾਈ ਦਿੰਦਿਆ ਸ਼ੁਰੂ ਕੀਤਾ। ਉਨ੍ਹਾਂ ਨੇ ਦਿਲੋਂ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਉਹ ਬਹੁਤ ਲੰਬਾ ਸਫ਼ਰ ਕਰਕੇ ਤੈਅ ਕਰਕੇ ਪਿੰਡ ਬਸਿਆਲਾ ਵਿਖੇ ਇਕ ਪ੍ਰਵਾਸੀ ਪਰਿਵਾਰ ਵੱਲੋਂ ਬਣਾਏ ਗਏ ਇਸ ਵਿਲੱਖਣ ਹਸਪਤਾਲ ਦਾ ਉਦਘਾਟਨ ਕਰਕੇ ਬਹੁਣ ਮਾਣ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹਲਕੇ ਦੇ ਵਿਚ ਸਿਹਤ ਸਹੂਲਤਾਂ ਦੇਣਾ ਮਾਣਯੋਗ ਸ. ਭਗਵੰਤ ਸਿੰਘ ਮਾਨ ਦਾ ਮੁੱਢਲਾ ਕਾਰਜ ਹੈ। ਉਨ੍ਹਾਂ ਹਸਪਤਾਲ ਨੂੰ ਹੋਰ ਅੱਗੇ ਵਧਾਏ ਜਾਣ ਦੀ ਵੀ ਸਹਿਮਤੀ ਦਿਤੀ। ਸ. ਚੇਤਨ ਸਿੰਘ ਨੇ ਕਿਹਾ ਕਿ ਸਰਕਾਰ ਆਪਣੇ ਵਾਅਦਿਆਂ ਦੇ ਮੁਤਾਬਿਕ ਦਿੱਤੀਆਂ ਗਾਰੰਟੀਆਂ ਨੂੰ ਪੂਰਾ ਕਰ ਰਹੀ ਹੈ ਅਤੇ ਅੱਜ 100 ਦੇ ਕਰੀਬ ਆਮ ਆਦਮੀ ਕਲੀਨਿਕ ਸ਼ੁਰੂ ਕਰਕੇ ਪੰਜਾਬ ਵਾਸੀਆਂ ਨੂੰ ਸਹੂਲਤ ਦਾ ਆਗਾਜ਼ ਕੀਤਾ ਗਿਆ ਹੈ। ਡਾ. ਰਣਜੀਤ ਸਿੰਘ ਨਿਰਦੇਸ਼ਕ ਮੁੱਖੀ ਹੈਲਥ ਸਰਵਿਸਜ ਵਿਸ਼ੇਸ਼ ਤੌਰ 'ਤੇ ਚੰਡੀਗੜ੍ਹ ਤੋਂ ਪੁਜੇ ਸਨ। ਦਸੂਹਾ ਹਲਕੇ ਤੋਂ ਵਿਧਾਇਕ ਕਰਮਜੀਤ ਸਿੰਘ ਘੁੰਮਣ, ਹਰਮਿੰਦਰ ਸਿੰਘ ਸੰਧੂ ਹਲਕਾ ਇੰਚਾਰਜ ਚੱਬੇਵਾਲ, ਐਸ. ਡੀ. ਐਮ. ਗੜ੍ਹਸ਼ੰਕਰ, ਐਸ. ਐਸ. ਪੀ. ਹੁਸ਼ਿਆਰਪੁਰ, ਡੀ. ਐਸ. ਪੀ. ਗੜ੍ਹਸ਼ੰਕਰ ਵੀ ਪਹੁੰਚੇ ਹੋਏ ਸਨ। ਹਸਪਤਾਲ ਦੀ ਉਸਾਰੀ ਵਾਸਤੇ ਸਹਿਯੋਗ ਕਰਨ ਲਈ ਅੰਜੂ ਬਾਲਾ ਅਤੇ ਸ੍ਰੀਮਤੀ ਕੁਲਦੀਪ ਕੌਰ ਨੂੰ ਸਿਹਤ ਮੰਤਰੀ ਨੇ ਸਨਮਾਨਿਤ ਕੀਤਾ।

ਮੈਡੀਕਲ ਸਟਾਫ ਦੇ ਵਿਚ ਮੈਡੀਕਲ ਅਫਸਰ ਦੇ ਤੌਰ ਉਤੇ ਡਾ. ਨਰਿੰਦਰ ਕੁਮਾਰ ਜੋ ਸਾਬਕਾ ਐਸ. ਐਮ. ਓ. ਵੀ ਰਹੇ ਹਨ ਨੂੰ ਨਿਯੁਕਤ ਕੀਤਾ ਗਿਆ ਹੈ। ਜਦ ਕਿ ਫਾਰਮੇਸੀ ਦੇ ਵਿਚ ਪਰਦੀਪ ਕੁਮਾਰ ਫਾਰਮੇਸੀ ਅਫਸਰ ਐਚ. ਐਸ. ਸੀ. ਬਹਿਬਲ ਪੁਰ ਨੂੰ ਸੇਵਾ ਦਿੱਤੀ ਗਈ ਹੈ। ਸ੍ਰੀਮਤੀ ਪੂਜਾ ਗੋਗਨਾ ਅਤੇ ਜੋ ਕਿ ਮਲਟੀਪਰਪਜ਼ ਹੈਲਥ ਵਰਕਰ ਨੂੰ ਵੀ ਲਗਾਇਆ ਗਿਆ ਹੈ। ਬਸਿਆਲਾ ਐਨ. ਆਰ. ਆਈ. ਵੈਲਫੇਅਰ ਸੁਸਾਇਟੀ ਦੇ ਸਹਿਯੋਗ, ਨਗਰ ਪੰਚਾਇਤ ਦੀ ਹੱਲਾ ਸ਼ੇਰੀ, ਪ੍ਰਵਾਸੀਆਂ ਦੇ ਵਿੱਤੀ ਸੁਪਰੋਟ ਦੇ ਨਾਲ ਇਹ ਇਕ ਪਿੰਡ ਦੇ ਵਿਚ ਬਣਿਆ ਇਹ ਹਸਪਤਾਲ ਪਿੰਡ ਅਤੇ ਇਲਾਕੇ ਦੀਆਂ ਸਿਹਤ ਸਹੂਲਤਾਂ ਦੇ ਵਿਚ ਮੀਲ ਪੱਥਰ ਸਾਬਿਤ ਹੋਵੇਗਾ।

ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਤੋਂ ਆਏ ਤਕਨੀਕੀ ਸਟਾਫ ਨੇ 'ਆਮ ਆਦਮੀ ਕਲੀਨਿਕ ਮੋਬਾਇਲ ਐਪਲੀਕੇਸ਼ਨ' ਨੂੰ ਸੈਟਅੱਪ ਕੀਤਾ। ਸ਼ੁਰੂਆਤ ਦੇ ਵਿਚ ਤਿੰਨ ਮਡਿਊਲ ਸੈਟ ਕੀਤੇ ਗਏ ਹਨ। ਇਹ ਐਪਲੀਕੇਸ਼ਨ ਸਿਰਫ ਕਲੀਨਿਕ ਦੇ ਵਿਚ ਵਰਤੀ ਜਾ ਰਹੀ ਹੈ।

## ਖ਼ਬਰ ਪੰਜਾਬ ਤੋਂ ਆਈ ਐ ਬਈ--

# ਮੰਤਰੀ ਅਮਨ ਅਰੋੜਾ ਨੇ ਫ਼ਤਹਿਗੜ੍ਹ ਸਾਹਿਬ ਵਿਖੇ ਕੌਮੀ ਝੰਡਾ ਲਹਿਰਾਇਆ

### ਵੱਖ-ਵੱਖ ਖੇਤਰਾਂ ਵਿੱਚ ਸ਼ਲਾਘਾਯੋਗ ਕਾਰਗੁਜ਼ਾਰੀ ਵਿਖਾਉਣ ਵਾਲੀਆਂ ਸਖਸ਼ੀਅਤਾਂ ਦਾ ਕੀਤਾ ਸਨਮਾਨ



ਫ਼ਤਹਿਗੜ੍ਹ ਸਾਹਿਬ (ਪੰਜਾਬੀ ਅਖਬਾਰ ਬਿਊਰੋ) –ਅਨੇਕਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਉਪਰੰਤ ਮਿਲੀ ਆਜ਼ਾਦੀ ਦਾ ਦੇਸ਼ ਨੇ ਵੱਡਾ ਮੁੱਲ ਚੁਕਾਇਆ ਹੈ ਅਤੇ ਇਹ ਹੋਰ ਵੀ ਮਾਣ ਵਾਲੀ ਗੱਲ ਹੈ ਕਿ ਆਜ਼ਾਦੀ ਲਈ ਕੁਰਬਾਨੀਆਂ ਦੇਣ ਵਿੱਚ ਪੰਜਾਬੀਆਂ ਦਾ 80 ਫੀਸਦੀ ਤੋਂ ਵੱਧ ਯੋਗਦਾਨ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ, ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤਾਂ ਅਤੇ ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਖੇਡ ਸਟੇਡੀਅਮ ਸਰਹਿੰਦ ਵਿਖੇ ਆਜ਼ਾਦੀ ਦਿਵਸ ਮੌਕੇ ਕਰਵਾਏ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਉਪਰੰਤ ਪੰਜਾਬੀਆਂ ਦੇ ਨਾਮ ਦਿੱਤੇ ਸੰਦੇਸ਼ ਵਿੱਚ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਨੇ ਪਰੇਡ ਦਾ ਨਰੀਖਣ ਕੀਤਾ ਅਤੇ ਮਾਰਚ ਪਾਸਟ ਤੋਂ ਸਲਾਮੀ ਲਈ। ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਅਤੇ ਉਨ੍ਹਾਂ ਵੱਲੋਂ ਤਸੁਵੱਰ ਕੀਤੇ ਸਮਾਜ ਦੀ ਸਿਰਜਣਾ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੂਰੀ ਇਮਾਨਦਾਰੀ ਨਾਲ ਯਤਨ ਕਰ ਰਹੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਇਆ ਜਾਵੇਗਾ।ਅਮਨ ਅਰੋੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਡਿਊਟੀ ਦੌਰਾਨ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਸੈਨਿਕਾਂ ਦੇ ਸਨਮਾਨ ਵਜੋਂ ਸ਼ਹੀਦ ਜਵਾਨਾਂ ਦੇ ਪਰਿਵਾਰਾਂ ਨੂੰ ਦਿੱਤੇ ਜਾਣ ਵਾਲੇ ਮਾਣ ਭੱਤੇ ਵਿੱਚ ਵਾਧਾ ਕਰਕੇ ਇੱਕ ਕਰੋੜ ਰੁਪਏ ਕੀਤਾ ਹੈ ਅਤੇ ਇਹ ਸਹਾਇਤਾ ਦੇਸ਼ ਸੇਵਾ ਦੌਰਾਨ ਸ਼ਹੀਦ ਹੋਣ ਵਾਲੇ ਸੈਨਿਕਾਂ ਦੇ ਆਸ਼ਰਤਾਂ ਨੂੰ ਦਿੱਤੀ ਜਾ ਰਹੀ ਹੈ। ਉਨ੍ਹਾਂ ਹੋਰ ਕਿਹਾ ਕਿ ਸਮਾਜ ਦੇ ਕਮਜੋਰ ਵਰਗ ਦੇ ਲੋਕਾਂ ਨੂੰ ਆਪਣੀ ਛੱਤ ਮੁਹੱਈਆ ਕਰਵਾਉਣ ਲਈ ਸਰਕਾਰ ਵੱਲੋਂ ਛੇਤੀ ਹੀ 25,000 ਨਵੇਂ ਮਕਾਨ ਬਣਾ ਕੇ ਸਸਤੀਆਂ ਦਰਾਂ 'ਤੇ ਮੁਹੱਈਆ ਕਰਵਾਏ ਜਾਣਗੇ ਤਾਂ ਜੋ ਇਨ੍ਹਾਂ ਲੋਕਾਂ ਨੂੰ ਆਪਣੀ ਛੱਤ ਨਸੀਬ ਹੋ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨਜ਼ਦੀਕ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਸੂਬੇ ਵਿੱਚ 75 ਨਵੇਂ ਆਮ ਆਦਮੀ ਕਲੀਨਿਕ ਖੋਲੇ ਜਾ ਰਹੇ ਹਨ ਜੋ ਕਿ ਅੱਜ ਤੋਂ ਕੰਮ ਸ਼ੁਰੂ ਕਰ ਦੇਣਗੇ।ਕੈਬਨਿਟ ਮੰਤਰੀ ਨੇ ਦੱਸਿਆ ਕਿ ਸਿੱਖਿਆ ਦੇ ਖੇਤਰ ਵਿੱਚ ਨਵੇਕਲੀ ਪਹਿਲ ਕਦਮੀ ਕਰਦੇ ਹੋਏ ਸਰਕਾਰ ਵੱਲੋਂ ਦਿਨ ਰਾਤ ਇੱਕ ਕਰਕੇ ਮਿਹਨਤ ਕੀਤੀ ਜਾ ਰਹੀ ਹੈ ਅਤੇ ਸਕੂਲਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਹੋਰ ਉਚਾ ਚੁੱਕਣ ਲਈ "ਸਕੂਲ ਆਫ ਐਮੀਨੈਂਸ" ਵਿੱਚ ਬਦਲਣ ਦੀ ਪ੍ਰਕ੍ਰਿਆ ਸ਼ੁਰੂ ਕੀਤੀ ਗਈ ਹੈ। ਇਸ ਨਾਲ ਸਕੂਲਾਂ ਵਿੱਚ ਪੜਾਈ ਦਾ ਮਾਹੌਲ, ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਸਮੇਤ ਹੋਰ ਜਰੂਰੀ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਖੇਡਾਂ ਨੂੰ ਉਤਸਾਹਤ ਕਰਨ ਲਈ 29 ਅਗਸਤ ਤੋਂ ਪੰਜਾਬ ਭਰ ਵਿੱਚ ਪੇਂਡੂ ਖੇਡ ਮੇਲੇ ਸ਼ੁਰੂ ਕਰਵਾਏ ਜਾ ਰਹੇ ਹਨ ਜਿਸ ਨਾਲ ਨੌਜਵਾਨਾਂ ਨੂੰ ਆਪਣੀ ਖੇਡ ਪ੍ਰਤਿਭਾ ਨਿਖਾਰਨ ਤੇ ਅੱਗੇ ਵੱਧਣ ਦਾ ਮੌਕਾ ਮਿਲੇਗਾ।ਇਸ ਮੌਕੇ ਵਿਧਾਇਕ ਫ਼ਤਹਿਗੜ੍ਹ ਸਾਹਿਬ ਐਡਵੋਕੇਟ ਲਖਬੀਰ ਸਿੰਘ ਰਾਏ, ਬਸੀ ਪਠਾਣਾ ਦੇ ਵਿਧਾਇਕ ਸ. ਰੁਪਿੰਦਰ ਸਿੰਘ ਹੈਪੀ, ਏ.ਡੀ.ਜੀ.ਪੀ. ਨਾਗੇਸ਼ਵਰ ਰਾਓ, ਡਿਪਟੀ ਕਮਿਸ਼ਨਰ ਸ੍ਰੀਮਤੀ ਪਰਨੀਤ ਸ਼ੇਰਗਿੱਲ, ਡੀ.ਆਈ.ਜੀ. ਰੋਪੜ ਰੇਂਜ ਸ਼੍ਰੀ ਗੁਰਪ੍ਰੀਤ ਸਿੰਘ ਭੁੱਲਰ, ਜ਼ਿਲ੍ਹਾ ਤੇ ਸ਼ੈਸ਼ਨ ਜੱਜ ਸ. ਨਿਰਭਓ ਸਿੰਘ ਗਿੱਲ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼੍ਰੀ ਅਜੈ ਸਿੰਘ ਲਿਬੜਾ, ਸੀਨੀਅਰ ਆਗੂ ਗੁਰਸਤਿੰਦਰ ਜੱਲ੍ਹਾ, ਰਸਪਿੰਦਰ ਰਾਜਾ, ਅਮਰਿੰਦਰ ਮੰਡੋਫਲ, ਪਾਵੇਲ ਹਾਂਡਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਸ਼ਹਿਰੀ ਪਤਵੰਤੇ ਅਤੇ ਆਮ ਆਦਮੀ ਪਾਰਟੀ ਦੇ ਆਗੂ ਹਾਜ਼ਰ ਸਨ।

# ਬੀ.ਐੱਸ.ਐੱਫ. 116 ਬਟਾਲੀਅਨ ਨੇ ਸਰਹੱਦ 'ਤੇ ਲਹਿਰਾਏ ਤਿਰੰਗੇ ਝੰਡੇ





ਮਮਦੋਟ (ਪੰਜਾਬੀ ਅਖਬਾਰ ਬਿਊਰੋ)- ਦੇਸ਼ ਦੇ ਪ੍ਰਧਾਨਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਦੀ ਆਜ਼ਾਦੀ ਨੂੰ ਲੈ ਕੇ 15 ਅਗਸਤ ਨੂੰ ਘਰ ਘਰ ਤਿਰੰਗਾ ਮੁਹਿੰਮ ਤਹਿਤ ਬੀ ਐੱਸ ਐੱਫ ਦੀ 116ਬਟਾਲੀਅਨ ਮਮਦੋਟ ਦੇ ਜਵਾਨਾਂ ਨੇ ਤਿਰੰਗੇ ਝੰਡੇ ਲਹਿਰਾਏ ਦੱਸਿਆ ਜਾਦਾਂ ਹੈ ਕਿ ਬੀ ਐਸ ਐਫ 116ਬਟਾਲੀਅਨ ਨੇ ਭਾਰਤ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਭਾਰਤ ਪਾਕਿਸਤਾਨ ਸਰਹੱਦ ਤੇ ਪੈਂਦੀਆਂ ਚੌਕੀਆਂ ਦੇ ਅਧੀਨ ਆਉਂਦੀ ਕੰਡਿਆਲੀ ਤਾਰ ਨੇੜੇ ਦੇਸ਼ ਦੀ ਆਜ਼ਾਦੀ ਨੂੰ ਲੈ ਕੇ ਤਿਰੰਗੇ ਝੰਡੇ ਲਹਿਰਾਏ ਤੇ ਨੇੜਲੇ ਪਿੰਡਾ ਦੇ ਲੋਕਾਂ ਨੂੰ ਅਜਾਦੀ ਦਿਵਸ ਤੇ ਵਧਾਈ ਦਿੱਤੀ ।ਜਾਣਕਾਰੀ ਦਿੰਦੇ ਹੋਏ ਬਟਾਲੀਅਨ ਕਮਾਂਡੈਂਟ ਓਮ ਪ੍ਰਕਾਸ਼ ਨੇ ਦੱਸਿਆ ਹੈ ਕਿ 1947 ਦੇਸ ਦੀ ਵੰਡ ਤੋਂ ਪਹਿਲਾਂ ਅੰਗਰੇਜ਼ ਸਰਕਾਰ ਅੰਦਰ ਕੋਈ ਵੀ ਨਾਗਰਿਕ ਆਪਣੇ ਆਪ ਦੀ ਕਾਬਲੀਅਤ ਨੂੰ ਆਮ ਤੋਰ ਤੇ ਪੇਸ਼ ਨਹੀ ਕਰ ਸਕਦਾ ਸੀ ਤੇ ਅੰਗਰੇਜ਼ ਰਾਜ ਅੰਦਰ ਗੁਲਾਮ ਹੋ ਕੇ ਰਹਿਣਾ ਪੈਦਾ ਸੀ ਜਿਸ ਨੂੰ ਲੈ ਕੇ ਆਮ ਨਾਗਰਿਕਤਾ ਤੋਂ ਉਠੇ ਸੂਰਬੀਰ ਯੋਧਿਆਂ ਨੇ ਇਸ ਗੁਲਾਮੀ ਦਾ ਵਿਰੋਧ ਕੀਤਾ ਤੇ ਸਹੀਦੀਆਂ ਦਿੱਤੀਆਂ ਉਨ੍ਹਾਂ ਸੂਰਬੀਰ ਯੋਧਿਆਂ ਦੀਆਂ ਕੁਬਾਨੀਆਂ ਖਾਤਰ ਅੱਜ ਅਸੀਂ ਅਜਾਦ ਦੇਸ ਅੰਦਰ ਤਿਰੰਗੇ ਝੰਡੇ ਦੀ ਛਾਂ ਹੇਠ ਅਜਾਦੀ ਦਾ ਨਿੱਘ ਮਾਣ ਰਹੇ ਹਾਂ ਇਸ ਮੌਕੇ ਉਹਨਾਂ ਨੇ ਬਾਰਡਰ ਪੱਟੀ ਦੇ ਅਧੀਨ ਆਉਂਦੇ ਪਿੰਡਾਂ ਦੇ ਲੋਕਾਂ ਨੂੰ ਘਰ ਘਰ ਤਿਰੰਗਾ ਮੁਹਿੰਮ ਤਹਿਤ ਆਪਣੇ ਘਰ ਦੀਆਂ ਛੱਤਾਂ ਤੇ ਤਿਰੰਗਾ ਝੰਡਾ ਲਹਿਰਾਉਣ ਵਾਲਿਆਂ ਦਾ ਵਿਸ਼ੇਸ਼ ਧੰਨਵਾਦ ਕੀਤਾ ।

# ਵਿਧਾਇਕ ਨੀਨਾ ਮਿੱਤਲ ਨੇ ਬਨੂੜ ਵਿੱਚ ਆਮ ਆਦਮੀ ਕਲੀਨਿਕ ਦਾ ਉਦਘਾਟਨ



ਬਨੂੜ (ਪੰਜਾਬੀ ਅਖਬਾਰ ਬਿਊਰੋ)- ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਸੂਬੇ ਦੇ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰੇਗੀ।ਇਸੇ ਪੜਾਅ ਤਹਿਤ ਅੱਜ 75ਵੇਂ ਸੁਤੰਤਰਤਾ ਦਿਵਸ ਦੀ ਪੂਰਵ ਸੰਧਿਆ 'ਤੇ ਪੰਜਾਬ ਭਰ ਵਿੱਚ 75 ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ ਕੀਤੇ ਗਏ ਹਨ।ਇਹ ਵਿਚਾਰ ਹਲਕਾ ਵਿਧਾਇਕ ਰਾਜਪੁਰਾ ਨੀਨਾ ਮਿੱਤਲ ਨੇ ਪ੍ਰਗਟ ਕੀਤੇ।ਉਹ ਅੱਜ ਬਨੂੜ ਵਿੱਚ ਆਮ ਆਦਮੀ ਕਲੀਨਿਕ ਦਾ ਉਦਘਾਟਨ ਕਰਨ ਆਏ ਹੋਏ ਸਨ। ਟਰੱਕ ਯੂਨੀਅਨ ਦੇ ਪ੍ਰਧਾਨ ਕੁਲਵਿੰਦਰ ਸਿੰਘ ਜੰਗਪੁਰਾ ਨੇ ਵਿਧਾਇਕ ਨੂੰ ਸਿਰੋਪਾਓ ਭੇਟ ਕੀਤਾ। ਸਿਵਲ ਹਸਪਤਾਲ ਦੀ ਐਸ.ਐਮ.ਓ ਡਾ: ਰਵਨੀਤ ਕੌਰ ਨੇ ਗੁਲਦਸਤਾ ਭੇਂਟ ਕੀਤਾ ਅਤੇ ਕਲੀਨਿਕ ਬਾਰੇ ਜਾਣਕਾਰੀ ਦਿੱਤੀ।

**ਲੋਕਾਂ ਦਾ ਸਰਕਾਰ ਵਿੱਚ ਵਿਸ਼ਵਾਸ**

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਨੇ ਕਿਹਾ ਕਿ ਲੋਕਾਂ ਨੂੰ ਸਸਤੀਆਂ ਅਤੇ ਚੰਗੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਆਮ ਆਦਮੀ ਕਲੀਨਿਕ ਵਿਖੇ ਲੋਕਾਂ ਨੂੰ ਮੁਫ਼ਤ ਦਵਾਈਆਂ, ਟੈਸਟ ਦੀ ਸਹੂਲਤ ਦਿੱਤੀ ਜਾ ਰਹੀ ਹੈ। ਵਿਧਾਇਕ ਨੇ ਦੱਸਿਆ ਕਿ ਆਮ ਆਦਮੀ ਕਲੀਨਿਕ ਦੇ ਉਦਘਾਟਨ ਤੋਂ ਪਹਿਲਾਂ ਹੀ 45 ਵਿਅਕਤੀਆਂ ਦੀਆਂ ਓ.ਪੀ.ਡੀ. ਤੋਂ ਪਤਾ ਲੱਗਦਾ ਹੈ ਕਿ ਲੋਕਾਂ ਦਾ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਵਿੱਚ ਵਿਸ਼ਵਾਸ ਹੈ।

**ਸਰਕਾਰ ਰੌਲਾ ਨਹੀਂ ਪਾਉਂਦੀ ਕੰਮ ਦਿਖਾਉਂਦੀ ਹੈ**

ਆਮ ਆਦਮੀ ਪਾਰਟੀ ਦੇ ਹਲਕਾ ਕੋਆਰਡੀਨੇਟਰ ਬਿਕਰਮਜੀਤ ਪਾਸੀ ਨੇ ਕਿਹਾ ਕਿ ਅੱਜ ਤੱਕ ਪੰਜਾਬ 'ਤੇ ਰਾਜ ਕਰਨ ਵਾਲੀਆਂ ਸਰਕਾਰਾਂ ਨੇ ਲੁੱਟ-ਖਸੁੱਟ ਕੀਤੀ ਹੈ।ਉਹ ਸਾਢੇ ਚਾਰ ਸਾਲ ਜਨਤਾ ਦਾ ਪੈਸਾ ਲੁੱਟਦੇ ਹਨ, ਚਾਰ-ਛੇ ਮਹੀਨਿਆਂ ਵਿੱਚ ਛੋਟਾ ਮੋਟਾ ਜਿਹਾ ਕੰਮ ਕਰਨ ਦਾ ਦਿਖਾਵਾ ਕਰਦੇ ਹਨ।

# ਆਜ਼ਾਦੀ ਦਿਵਸ ਦੀ 75ਵੀਂ ਵਰ੍ਹੇਗੰਢ ਮੌਕੇ ਬੀ.ਐੱਮ.ਪੀ.ਐੱਸ. ਬੰਗਾ ਵਿੱਚ ਧੂਮਧਾਮ ਨਾਲ ਮਨਾਇਆ ਅਜ਼ਾਦੀ ਦਾ ਅੰਮ੍ਰਿਤ ਤਿਉਹਾਰ



ਬੰਗਾ ਪੰਜਾਬੀ ਅਖਬਾਰ ਬਿਊਰੋ)- ਭਗਵਾਨ ਮਹਾਵੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੰਗਾ ਵਿਖੇ ਆਜ਼ਾਦੀ ਦਿਹਾੜੇ ਦੀ 75ਵੀਂ ਵਰ੍ਹੇਗੰਢ ਨੂੰ ਸਮਰਪਿਤ ਅਜ਼ਾਦੀ ਦਾ ਅੰਮ੍ਰਿਤ ਮਹੋਤਸਵ ਬੜੀ ਧੂਮ-ਧਾਮ ਨਾਲ ਮਨਾਇਆ ਗਿਆ, ਜਿਸ ਵਿਚ ਪੂਰਾ ਸਕੂਲ ਦੇਸ਼ ਭਗਤੀ ਦੇ ਰੰਗ ਵਿਚ ਰੰਗਿਆ ਗਿਆ। ਘਰ-ਘਰ ਤਿਰੰਗਾ ਲਹਿਰਾਉਣ ਦੀ ਮੁਹਿੰਮ ਦੇ ਚਲਦਿਆਂ ਸਕੂਲ ਦੀ ਹਰ ਜਮਾਤ ਤਿਰੰਗੇ ਅਤੇ ਹਰ ਬੱਚਾ ਤਿੰਨ ਰੰਗਾਂ ਵਿੱਚ ਨਜ਼ਰ ਆਇਆ।ਇਸ ਸੁਤੰਤਰਤਾ ਦਿਵਸ ਨੂੰ ਲੈ ਕੇ ਸਾਰੇ ਵਿਦਿਆਰਥੀਆਂ ਵਿੱਚ ਇੱਕ ਵੱਖਰਾ ਹੀ ਉਤਸ਼ਾਹ ਦੇਖਣ ਨੂੰ ਮਿਲਿਆ। ਅਜ਼ਾਦੀ ਦੇ ਅੰਮ੍ਰਿਤ ਮਹੋਤਸਵ ਪ੍ਰੋਗਰਾਮ ਤਹਿਤ ਸਕੂਲ ਵਿੱਚ ਪਹਿਲੀ ਵਾਰ ਆਏ ਮੁੱਖ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਮੁੱਖ ਮਹਿਮਾਨਾਂ ਵੱਲੋਂ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ ਅਤੇ ਰਾਸ਼ਟਰੀ ਗੀਤ ਗਾਇਆ ਗਿਆ। ਫਿਰ ਵਿਦਿਆਰਥੀਆਂ ਨੇ ਆਜ਼ਾਦੀ ਦਿਵਸ ਮੌਕੇ ਗੀਤ ਅਤੇ ਡਾਂਸ ਦੀ ਰੰਗਾਰੰਗ ਪੇਸ਼ਕਾਰੀ ਦਿੱਤੀ।ਅਧਿਆਪਕਾਂ ਵੱਲੋਂ ਦੇਸ਼ ਭਗਤੀ ਦਾ ਗੀਤ ਵੀ ਪੇਸ਼ ਕੀਤਾ ਗਿਆ। ਉਪਰੰਤ ਕਲਾਸ ਪ੍ਰੀ ਨਰਸਰੀ ਤੋਂ ਕੇ.ਜੀ ਤੱਕ ਦੇ ਛੋਟੇ ਵਿਦਿਆਰਥੀਆਂ ਲਈ ਫੈਂਸੀ ਡਰੈੱਸ ਮੁਕਾਬਲਾ ਕਰਵਾਇਆ ਗਿਆ। ਸਾਰੇ ਵਿਦਿਆਰਥੀ ਵੱਖ-ਵੱਖ ਦੇਸ਼ ਭਗਤਾਂ ਦੇ ਰੂਪ ਵਿਚ ਦਿਖਾਈ ਦਿੱਤੇ। ਇਸ ਤੋਂ ਬਾਅਦ ਸਹਿਯੋਗੀ ਗਤੀਵਿਧੀਆਂ ਦੇ ਜੇਤੂਆਂ ਨੂੰ ਇਨਾਮ ਵੰਡੇ ਗਏ। ਸਕੂਲ ਦੇ ਡਾਇਰੈਕਟਰ ਡਾ: ਵਰੁਣ ਜੈਨ ਨੇ ਸਾਰੇ ਵਿਦਿਆਰਥੀਆਂ ਨੂੰ ਸੁਤੰਤਰਤਾ ਦਿਵਸ ਦੀ ਮਹੱਤਤਾ ਬਾਰੇ ਦੱਸਿਆ ਅਤੇ ਸਾਰਿਆਂ ਨੂੰ ਇਸ ਆਜ਼ਾਦੀ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਸਾਰੇ ਵਿਦਿਆਰਥੀਆਂ ਨੇ ਸਹੁੰ ਚੁੱਕੀ ਅਤੇ ਆਪਣਾ ਕੰਮ ਪੂਰੀ ਇਮਾਨਦਾਰੀ ਨਾਲ ਕਰਨ ਦਾ ਪ੍ਰਣ ਲਿਆ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ. ਵਸੁਧਾ ਜੈਨ ਨੇ ਕਿਹਾ ਕਿ ਸਹੁੰ ਚੁੱਕ ਸਮਾਗਮ 'ਚ ਵਿਦਿਆਰਥੀ ਆਪਣਾ ਕੰਮ ਪੂਰੀ ਇਮਾਨਦਾਰੀ, ਸੱਚਾਈ ਅਤੇ ਇਮਾਨਦਾਰੀ ਨਾਲ ਕਰਨ ਦੀ ਸਹੁੰ ਚੁੱਕਦੇ ਹਨ, ਜਿਸ ਨਾਲ ਉਨ੍ਹਾਂ 'ਚ ਲੀਡਰਸ਼ਿਪ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਆਪਣੇ ਕਰਤੱਵਾਂ ਨੂੰ ਨਿਭਾਉਣ ਵਰਗੇ ਕੰਮਾਂ ਦੀ ਭਾਵਨਾ ਪੈਦਾ ਹੁੰਦੀ ਹੈ। ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਮਨੋਰੰਜਨ ਭਰਪੂਰ ਦਿਲਚਸਪ ਕਹਾਣੀ ਅਧਾਰਤ 'ਲੌਂਗ -ਲਾਚੀ 2'



ਸੁਰਜੀਤ ਜੱਸਲ
9814607737

ਅੰਬਰਦੀਪ ਸਿੰਘ ਪੰਜਾਬੀ ਸਿਨਮੇ ਦਾ ਸਥਾਪਤ ਲੇਖਕ ਨਿਰਦੇਸ਼ਕ ਤੇ ਅਦਾਕਾਰ ਹੈ, ਜਿਸਨੇ ਦਰਸ਼ਕਾਂ ਦੀ ਨਬਜ਼ 'ਤੇ ਹੱਥ ਰੱਖ ਕੇ ਮਨੋਰੰਜਨ ਭਰੇ ਸਿਨਮੇ ਦਾ ਨਿਰਮਾਣ ਕੀਤਾ ਹੈ। ਲੇਖਕ ਤੋਂ ਅਦਾਕਾਰ ਬਣੇ ਅੰਬਰਦੀਪ ਨੇ 2018 ਵਿੱਚ ਨੀਰੂ ਬਾਜਵਾ ਨਾਲ ਬਤੌਰ ਹੀਰੋ ਪਹਿਲੀ ਫ਼ਿਲਮ 'ਲੌਂਗ ਲਾਚੀ' ਕੀਤੀ ਸੀ।ਸਾਦਗੀ ਭਰੇ ਵਿਸ਼ੇ ਦੀ ਇਸ ਫ਼ਿਲਮ ਵਿੱਚ ਭਾਵੇਂ ਅੰਬਰਦੀਪ ਦੀ ਅਦਾਕਾਰੀ ਨੇ ਦਰਸ਼ਕਾਂ ਨੂੰ ਬਹੁਤਾ ਪ੍ਰਭਾਵਤ ਨਾ ਕੀਤਾ ਪ੍ਰੰਤੂ ਇਸ ਫ਼ਿਲਮ ਦੇ ਗੀਤਾਂ ਅਤੇ ਐਮੀ ਵਿਰਕ ਦੀ ਸਮੂਲੀਅਤ ਨੇ ਫ਼ਿਲਮ ਨੂੰ ਸਫ਼ਲਤਾ ਦੇ ਮੁਕਾਮ 'ਤੇ ਪਹੁੰਚਾਇਆ।ਇਸ ਫ਼ਿਲਮ ਦੇ ਟਾਇਟਲ ਗੀਤ ਨੇ ਤਾਂ ਮਕਬੂਲੀਅਤ ਦੇ ਸਾਰੇ ਰਿਕਾਰਡ ਹੀ ਤੋੜ ਦਿੱਤੇ ਸੀ।ਚਰਚਿਤ ਫ਼ਿਲਮੀ ਗੀਤਕਾਰ ਹਰਮਨਜੀਤ ਦਾ ਲਿਖਿਆ ਤੇ ਮੰਨਤ ਨੂਰ ਦਾ ਗਾਇਆ 'ਵੇ ਤੂੰ ਲੌਂਗ ਤੇ ਮੈਂ ਲਾਚੀ...' ਯੂਟਿਊਬ ਦੀ ਦੁਨੀਆ ਵਿੱਚ ਭਾਰਤ ਪੱਧਰ ਤੇ ਪਹਿਲਾ ਗੀਤ ਸੀ ਜਿਸਨੇ ਬਾਲੀਵੁੱਡ ਗੀਤਾਂ ਨੂੰ ਪਛਾੜ ਕੇ ਇੱਕ ਵਿਲੀਅਨ ਨੂੰ ਟੱਚ ਕੀਤਾ। ਇਸ ਫ਼ਿਲਮ ਦੇ ਸੀਕੁਅਲ ਦੀ ਦਰਸ਼ਕਾਂ ਵਲੋਂ ਚਿਰਾਂ ਤੋਂ ਮੰਗ ਸੀ ਜੋ ਹੁਣ ਅੰਬਰਦੀਪ ਤੇ ਉਸਦੀ ਸਮੁੱਚੀ ਟੀਮ ਵਲੋਂ 19 ਅਗਸਤ ਨੂੰ 'ਲੌਂਗ ਲਾਚੀ 2' ਪੰਜਾਬੀ ਸਿਨੇਮਿਆਂ ਦਾ ਸ਼ਿੰਗਾਰ ਬਣੇਗੀ। ਪਹਿਲੀ ਫ਼ਿਲਮ ਦੇ ਮੁਕਾਬਲੇ 'ਲੌਂਗ ਲਾਚੀ 2' ਦੀ ਕਹਾਣੀ ਵਿੱਚ ਨਵਾਂਪਣ ਹੈ। ਫਲੈਸਬੈਕ ਵਿੱਚ ਚਲਦਿਆਂ ਇਹ ਫ਼ਿਲਮ ਕਿਰਦਾਰਾਂ ਦੇ ਪਿਛੋਕੜ ਦੀ ਗੱਲ ਕਰਦੀ ਦਰਸ਼ਕਾਂ ਨੂੰ ਨਵੇਂ ਮਨੋਰੰਜਨ ਨਾਲ ਜੋੜੇਗੀ।



ਪਹਿਲੀ ਫ਼ਿਲਮ ਨਾਲੋਂ ਬੇਹਤਰ ਬਣਾਉਣ ਲਈ ਅੰਬਰਦੀਪ ਨੇ ਇਸ ਫ਼ਿਲਮ 'ਤੇ ਬਹੁਤ ਮੇਹਨਤ ਕੀਤੀ ਹੈ। ਫ਼ਿਲਮ ਦੀ ਕਹਾਣੀ ਨੂੰ ਵਧੇਰੇ ਦਿਲਚਸਪ ਬਣਾਉਣ ਲਈ 1947 ਤੋਂ ਪਹਿਲਾਂ ਦੇ ਪੰਜਾਬ ਦੀ ਗੱਲ ਕੀਤੀ ਹੈ।ਵੱਡੀ ਗੱਲ ਕਿ ਉਸ ਵੇਲੇ ਦੀਆਂ ਲੁਕੇਸ਼ਨਾਂ, ਪਹਿਰਾਵਾ ਤੇ ਬੋਲੀ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ।ਫ਼ਿਲਮ 'ਚ ਵਿਖਾਏ ਵੰਡ ਤੋਂ ਪਹਿਲਾਂ ਦੇ ਪਿੰਡਾਂ ਦਾ ਮਾਹੌਲ ਤੇ ਕਲਚਰ ਪ੍ਰਭਾਵਤ ਕਰੇਗਾ। ਮਨੋਰੰਜਨ ਦੀ ਇਸ ਨਵੀਂ ਖੋਜ ਵਿੱਚ ਅਨੇਕਾਂ ਦਿਲਚਸਪ ਮੋੜ ਹਨ ਜੋ ਦਰਸ਼ਕਾਂ ਨੂੰ ਹੈਰਾਨ ਤੇ ਰੁਮਾਂਚਿਕ ਕਰਨਗੇ।ਐਮੀ ਵਿਰਕ ਦਾ ਕਿਰਦਾਰ ਪਹਿਲੀ ਫ਼ਿਲਮ ਨਾਲੋਂ ਵਧੇਰੇ ਦਿਲਚਸਪ ਹੈ। ਐਮੀ ਵਿਰਕ ,ਅੰਬਰਦੀਪ ਤੇ ਨੀਰੂ ਬਾਜਵਾ ਨੂੰ ਵੇਖਦਿਆਂ ਇਹ ਫ਼ਿਲਮ ਤਿਕੋਣੇ ਪਿਆਰ ਦੀ ਕਹਾਣੀ ਮਹਿਸੂਸ ਹੁੰਦੀ ਹੈ।ਇਸ ਫ਼ਿਲਮ ਦੀ ਖ਼ਾਸ ਗੱਲ ਇਹ ਵੀ ਹੈ ਕਿ ਮਾਲਵੇ ਦੀ ਪ੍ਰਸਿੱਧ ਗਾਇਕਾ ਜਸਵਿੰਦਰ ਬਰਾੜ ਪਹਿਲੀ ਵਾਰ ਵੱਡੇ ਪਰਦੇ 'ਤੇ ਅਹਿਮ ਕਿਰਦਾਰ ਵਿੱਚ ਨਜ਼ਰ ਆਵੇਗੀ। ਇਸ ਤੋਂ ਇਲਾਵਾ ਅਮਰ ਨੂਰੀ ਵੀ ਇਸ ਫ਼ਿਲਮ ਦਾ ਹਿੱਸਾ ਬਣੀ ਹੈ। ਵਿਲੇਜਰਜ਼ ਫ਼ਿਲਮ ਸਟੂਡੀਓ, ਅੰਬਰਦੀਪ ਪ੍ਰੋਡਕਸ਼ਨ, ਅਤੇ ਨੀਰੂ ਬਾਜਵਾ ਐਂਟਰਟੇਨਮੈਂਟ ਦੇ ਸਹਿਯੋਗ ਨਾਲ ਬਣੀ ਇਸ ਫ਼ਿਲਮ ਨੂੰ ਅੰਬਰਦੀਪ ਨੇ ਡਾਇਰੈਕਟ ਕੀਤਾ ਹੈ। ਐਮੀ ਵਿਰਕ, ਨੀਰੂ ਬਾਜਵਾ ਤੇ ਅੰਬਰਦੀਪ, ਜਸਵਿੰਦਰ ਬਰਾੜ, ਅਮਰ ਨੂਰੀ, ਗੁਰਮੀਤ ਸਾਜਨ, ਸਾਹਿਬ ਸਿੰਘ, ਸੁਖਵਿੰਦਰ ਰਾਜ, ਕੁਲਦੀਪ ਸ਼ਰਮਾ ਆਦਿ ਕਲਾਕਾਰਾਂ ਨੇ ਫ਼ਿਲਮ ਵਿੱਚ ਅਹਿਮ ਕਿਰਦਾਰ ਨਿਭਾਏ ਹਨ।ਇਸ ਫ਼ਿਲਮ ਦੇ ਗੀਤਾਂ ਨੂੰ ਹਰਮਨਜੀਤ ਸਿੰਘ, ਪਵਿੱਤਰ ਲਸੋਈ, ਕੇ ਵੀ ਰਿਆਜ਼ ਤੇ ਬਿੰਦਰ ਨੱਥੂਮਾਜਰਾ ਨੇ ਲਿਖਿਆ ਹੈ ਤੇ ਐਮੀ ਵਿਰਕ, ਸਿਮਰਨ ਭਾਰਦਵਾਜ, ਅਮਰ ਨੂਰੀ, ਜਸਵਿੰਦਰ ਬਰਾੜ ਤੇ ਪਵਿੱਤਰ ਲਸੋਈ ਨੇ ਗਾਇਆ ਹੈ।










# 'ਲਾਹੌਰ' ਅਤੇ 'ਅੰਮ੍ਰਿਤਸਰ' ਜੋ ਕਦੇ ਵੱਖ ਹੋ ਗਏ !



ਲਖਵਿੰਦਰ ਜੌਹਲ 'ਧੱਲੇਕੇ'
ਈਮੇਲ:--johallakwinder@gmail.com ਸੰਪਰਕ ਨੰ:- +91 9815959476

ਪੰਜਾਬ ਦੀ ਗੱਲ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਹੋਵੇ ਤਾਂ ਉਸ ਪੰਜਾਬ ਤੋਂ ਬਿਨ੍ਹਾਂ ਸਦਾ ਅਧੂਰੀ ਰਹੇਗੀ ਜੋ ਕਿ ਸੰਤਾਲੀ ਦੀ ਵੰਡ ਤੋਂ ਪਹਿਲਾਂ ਵਾਲਾ 'ਸਾਂਝਾ ਪੰਜਾਬ' ਹੁੰਦਾ ਸੀ।ਉਸਤੋਂ ਅੱਗੇ ਜੇ ਗੱਲ ਸਾਂਝੇ ਪੰਜਾਬ ਦੀ ਕਰੀਏ ਤਾਂ ਇਸਦੇ ਦੋ ਸਿਰਮੌਰ ਸਹਿਰਾਂ 'ਲਾਹੌਰ' ਅਤੇ 'ਅੰਮ੍ਰਿਤਸਰ' ਤੋਂ ਬਿਨ੍ਹਾਂ ਅਧੂਰੀ ਜਾਪਦੀ ਹੈ ਜੋ ਕਿ ਕਿਸੇ ਵੇਲੇ ਇੱਕ ਦੂਸਰੇ ਦੀ ਜਿੰਦ-ਜਾਨ ਹੋਇਆ ਕਰਦੇ ਸਨ।ਕਿਸੇ ਵੇਲੇ ਇੱਥੋਂ ਦੇ ਉਹ ਬਾਸ਼ਿੰਦੇ ਇਨ੍ਹਾਂ ਸਹਿਰਾਂ ਦੀ ਨਬਜ ਹੁੰਦੇ ਸਨ ਜੋ ਵੰਡ ਵੇਲੇ ਮਜਬੂਰਨ ਇਨ੍ਹਾਂ ਸਹਿਰਾਂ ਨੂੰ ਸਦਾ ਲਈ ਛੱਡਕੇ ਨਵੀਆਂ ਬਣੀਆਂ ਸਰਹੱਦਾਂ ਪਾਰ ਕਰਕੇ ਚਲੇ ਗਏ।ਸਦੀਆਂ ਤੋਂ ਪੰਜਾਬ ਦਾ ਦਿਲ ਤੇ ਜਿੰਦ-ਜਾਨ ਰਿਹਾ ਸਹਿਰ 'ਲਾਹੌਰ' ਸੰਤਾਲੀ ਦੀ ਵੰਡ ਵੇਲੇ ਸਾਡੇ ਕੋਲੋਂ ਸਦਾ ਲਈ ਵਿੱਛੜ ਗਿਆ ਅਤੇ ਨਵੇਂ ਬਣੇ ਮੁਲਕ ਪਾਕਿਸਤਾਨ ਦਾ ਹਿੱਸਾ ਬਣ ਗਿਆ। ਸਾਡੇ ਹਿੱਸੇ ਆਇਆ ਇਸਦਾ ਜੁੜਵਾ ਸਹਿਰ 'ਅੰਮ੍ਰਿਤਸਰ' ਜੋ ਕਿ ਉਸ ਵੇਲੇ ਲਾਹੌਰ ਤੋਂ ਬਾਅਦ ਪੰਜਾਬ ਦਾ ਦੂਜਾ ਵੱਡਾ ਸਹਿਰ ਸੀ। ਇਨ੍ਹਾਂ ਦੋਨਾਂ ਜ਼ਿੰਦਾ-ਦਿਲ ਸਹਿਰਾਂ ਦੀ ਕਹਾਣੀ ਸੰਤਾਲੀ ਦੀ ਵੰਡ ਤੋਂ ਵੀ ਕਿਤੇ ਪਹਿਲਾਂ ਦੀ ਹੈ।

ਦੋਨਾਂ ਸਹਿਰਾਂ ਵਿੱਚ ਬਹੁਤ ਸਮਾਨਤਾਵਾਂ ਹੋਣ ਕਰਕੇ ਇਹ ਜੁੜਵਾ ਸਹਿਰਾਂ ( ) ਵਜੋਂ ਜਾਣੇ ਜਾਂਦੇ ਸਨ।ਲਾਹੌਰ ਸਹਿਰ ਰਾਵੀ ਦਰਿਆ ਦੇ ਕੰਢੇ ਤੇ ਸਥਿਤ ਹੈ ਅਤੇ ਅੰਮ੍ਰਿਤਸਰ ਇਸਦੇ ਚੜ੍ਹਦੇ ਪਾਸੇ ਲਗਭਗ ਪੰਜਾਹ ਕਿੱਲੋਮੀਟਰ ਤੇ ਸਥਿਤ ਹੈ। ਦੋਨਾਂ ਸਹਿਰਾਂ ਦੇ ਵਿਚਾਲੇ ਹਿੰਦ-ਪਾਕ ਅੰਤਰਰਾਸਟਰੀ ਸਰਹੱਦ ਹੈ ਜਿਸਨੇ ਸੰਤਾਲੀ ਦੀ ਵੰਡ ਵੇਲੇ ਦੋਵੇਂ ਸਹਿਰ ਵੱਖ ਵੱਖ ਕਰ ਦਿੱਤੇ। ਵੰਡ ਤੋਂ ਪਹਿਲਾਂ ਵਾਲੇ ਸਾਂਝੇ ਪੰਜਾਬ ਦੇ ਨਕਸੇ ਨੂੰ ਜੇ ਵੇਖੀਏ ਤਾਂ ਇਹ ਦੋਨੋਂ ਸਹਿਰ ਪੰਜਾਬ ਦੇ ਬਿਲਕੁਲ ਕੇਂਦਰ ਵਿੱਚ ਆਉਂਦੇ ਹਨ ਅਤੇ ਇਸ ਖ਼ਿੱਤੇ ਨੂੰ 'ਬਾਰੀ ਦੁਆਬ' ਕਿਹਾ ਜਾਂਦਾ ਹੈ।ਪਰ ਇਸ ਇਲਾਕੇ ਦਾ ਨਾਂ 'ਮਾਝਾ' ਜ਼ਿਆਦਾ ਪ੍ਰਚੱਲਿਤ ਹੈ।ਇਸ ਤਰ੍ਹਾਂ ਪੰਜਾਬ ਦੇ ਇਹ ਦੋਵੇਂ ਵੱਡੇ ਸਹਿਰ 'ਮਾਝੇ' ਦੇ ਹਿੱਸੇ ਆਉਂਦੇ ਹਨ।ਇਸਤੋਂ ਬਿਨ੍ਹਾਂ ਦੋਨਾਂ ਸਹਿਰਾਂ ਦੇ ਅੰਦਰੂਨ ਇਲਾਕੇ ਵੀ ਹਨ ਜੋ ਕਿਸੇ ਵੇਲੇ ਸਹਿਰਾਂ ਦੀ ਸੁਰੱਖਿਆ ਲਈ ਬਣੀਆਂ ਹੋਈਆਂ ਕੰਧਾਂ ਦੇ ਅੰਦਰ ਵੱਸੇ ਸਨ। ਹੁਣ ਦੋਨਾਂ ਸਹਿਰਾਂ ਵਿੱਚ ਇਨ੍ਹਾਂ ਕੰਧਾਂ ਦੇ ਸਿਰਫ ਦਰਵਾਜੇ ਹੀ ਬਚੇ ਹੋਏ ਹਨ। ਸੇਰ ਏ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਾਸਨ ਕਾਲ ਵੇਲੇ ਜਿੱਥੇ ਲਾਹੌਰ ਉਨ੍ਹਾਂ ਦੇ ਵਿਸਾਲ 'ਸਿੱਖ ਰਾਜ' ਦੀ ਰਾਜਧਾਨੀ ਸੀ, ਉੱਥੇ ਹੀ ਅੰਮ੍ਰਿਤਸਰ ਵਪਾਰਕ ਕੇਂਦਰ ਵਜੋਂ ਵਿਕਸਿਤ ਹੋ ਰਿਹਾ ਸੀ।

ਮਾਰਚ,1849 ਈਸਵੀ ਵਿੱਚ ਪੰਜਾਬ ਉੱਤੇ ਅੰਗਰੇਜਾਂ ਦਾ ਕਬਜਾ ਹੋ ਗਿਆ ਅਤੇ 1857 ਈਸਵੀ ਵਿੱਚ ਅੰਗਰੇਜਾਂ ਨੇ ਹਿੰਦੁਸਤਾਨੀਆਂ ਦਾ ਵਿਦਰੋਹ ਬੁਰੀ ਤਰ੍ਹਾਂ ਕੁਚਲ ਦਿੱਤਾ। ਇਸਦੇ ਨਾਲ ਹੀ ਪੂਰੇ ਭਾਰਤ ਵਿੱਚ ਬ੍ਰਿਟਿਸ ਈਸਟ ਕੰਪਨੀ ਦਾ ਰਾਜ ਖਤਮ ਹੋ ਗਿਆ ਅਤੇ ਹਕੂਮਤ ਬਰਤਾਨੀਆਂ ਦੇ ਹੁਕਮਰਾਨਾਂ ਦੇ ਹੱਥਾਂ ਵਿੱਚ ਚਲੀ ਗਈ। ਵੀਹਵੀਂ ਸਦੀ ਦੀ ਸੁਰੂਆਤ ਤੱਕ ਪੰਜਾਬ ਵਿੱਚ ਉਹ ਸਮਾਂ ਸੀ ਜਦੋਂ ਅੰਗਰੇਜਾਂ ਨੇ ਇੱਥੇ ਕਈ ਤਰ੍ਹਾਂ ਦੀਆਂ ਤਬਦੀਲੀਆਂ ਕੀਤੀਆਂ। ਸਿੰਜਾਈ ਲਈ ਨਵੀਆਂ ਨਹਿਰਾਂ ਪੁਟਵਾਈਆਂ ਗਈਆਂ।ਰੇਲ ਪਟੜੀਆਂ ਵਿਛਾਈਆਂ ਗਈਆਂ ਅਤੇ ਪੰਜਾਬ ਦੇ ਹਰੇਕ ਜ਼ਿਲ੍ਹੇ ਨੂੰ ਰਾਜਧਾਨੀ ਲਾਹੌਰ ਦੇ ਨਾਲ ਜੋੜਿਆ ਗਿਆ।ਹੁਣ ਇੱਥੇ ਆਪਾਂ ਅੰਗਰੇਜਾਂ ਵੱਲੋਂ ਸਾਲ 1881 ਵਿੱਚ ਕੀਤੀ ਗਈ ਮਰਦਮਸੁਮਾਰੀ ਦੀ ਗੱਲ ਕਰਦੇ ਹਾਂ, ਜਿਸ ਵਿੱਚ ਲਾਹੌਰ ਸਹਿਰ ਦੀ ਅਬਾਦੀ ਉਨ੍ਹਾਂ ਨੇ ਲਗਪਗ 1.49 ਲੱਖ ਦਰਜ ਕੀਤੀ ਅਤੇ ਅੰਮ੍ਰਿਤਸਰ ਦੀ 1.52 ਲੱਖ ਸੀ ਜੋ ਕਿ ਲਾਹੌਰ ਦੀ ਅਬਾਦੀ ਤੋਂ ਜਿਆਦਾ ਸੀ।ਪਰ ਸਾਲ 1941 ਵਿੱਚ ਲਾਹੌਰ ਅਤੇ ਅੰਮ੍ਰਿਤਸਰ ਦੀ ਅਬਾਦੀ ਕ੍ਰਮਵਾਰ 6.71 ਲੱਖ ਅਤੇ 3.91 ਲੱਖ ਦਰਜ ਕੀਤੀ ਗਈ ਸੀ। ਇਸ ਤਰ੍ਹਾਂ ਲਾਹੌਰ, ਅੰਮ੍ਰਿਤਸਰ ਤੋਂ ਅਬਾਦੀ ਅਤੇ ਅਕਾਰ ਵਿੱਚ ਬਹੁਤ ਅੱਗੇ ਲੰਘ ਗਿਆ ਸੀ, ਇਸਦੇ ਪਿੱਛੇ ਵੀ ਕੁਝ ਕਾਰਨ ਸਨ।

ਅੰਗਰੇਜਾਂ ਨੇ ਲਾਹੌਰ ਨੂੰ ਹੀ ਪੰਜਾਬ ਦੀ ਰਾਜਧਾਨੀ ਵਜੋਂ ਮਾਨਤਾ ਦਿੱਤੀ ਅਤੇ ਇਸਨੂੰ ਆਧੁਨਿਕ ਸਿੱਖਿਆ, ਕਲਾ, ਮੀਡੀਆ ਅਤੇ ਫੈਸਨ ਦੇ ਵੱਡੇ ਕੇਂਦਰ ਵਜੋਂ ਵਿਕਸਿਤ ਕੀਤਾ। ਗੌਰਮਿੰਟ ਕਾਲਜ (1864), ਫੋਰਮਨ ਕ੍ਰਿਸਚੀਅਨ ਕਾਲਜ (1866), ਲਾਅ ਕਾਲਜ (1870) ਪੰਜਾਬ ਯੂਨੀਵਰਸਿਟੀ (1882) ਅਤੇ ਐਚੀਸਨ ਕਾਲਜ (1886) ਵਰਗੇ ਉੱਚ ਪੱਧਰੀ ਤਾਲੀਮੀ ਅਦਾਰੇ ਇੱਥੇ ਕਾਇਮ ਕੀਤੇ ਗਏ। ਸਾਲ 1882 ਵਿੱਚ ਲਾਹੌਰ ਹਾਈਕੋਰਟ ਸੁਰੂ ਹੋਈ। ਲਾਹੌਰ ਵਿੱਚ ਕਿੰਗ ਐਡਵਰਡ ਮੈਡੀਕਲ ਕਾਲਜ (1860) ਅਤੇ ਮੇਓ ਹਸਪਤਾਲ (1871) ਉੱਤਰੀ ਬਰਤਾਨਵੀ ਭਾਰਤ ਦੇ ਵੱਡੇ ਮੈਡੀਕਲ ਸਿੱਖਿਆ ਅਤੇ ਸਹੂਲਤਾਂ ਦੇ ਅਦਾਰਿਆਂ ਵਜੋਂ ਹੋਂਦ ਵਿੱਚ ਆਏ। ਨਤੀਜੇ ਵਜੋਂ ਪੰਜਾਬ ਦੇ ਕੋਨੇ ਕੋਨੇ ਤੋਂ ਕਾਮਯਾਬ ਵਪਾਰੀ ਅਤੇ ਕਾਰੋਬਾਰੀ ਆਪਣੀਆਂ ਅਗਲੀਆਂ ਪੀੜ੍ਹੀਆਂ ਦੀ ਚੰਗੀ ਤਾਲੀਮ ਲਈ ਲਾਹੌਰ ਆ ਗਏ।ਉਨ੍ਹਾਂ ਨੇ ਆਪਣੀਆਂ ਰਿਹਾਇਸਾਂ ਅਤੇ ਕਾਰੋਬਾਰ ਵੀ ਇੱਥੇ ਹੀ ਪੱਕੇ ਕਰ ਲਏ। ਇਸ ਤੋਂ ਬਿਨ੍ਹਾਂ ਹੋਰ ਉੱਚ ਤੇ ਮੱਧਵਰਗੀ ਪਰਿਵਾਰਾਂ ਅਤੇ ਕਈ ਸਰਕਾਰੀ ਅਫਸਰਾਂ ਨੇ ਆਪਣੇ ਬੱਚੇ ਲਾਹੌਰ ਦੇ ਇਨ੍ਹਾਂ ਤਾਲੀਮੀ ਅਦਾਰਿਆਂ



ਭਾਈ ਰਾਮ ਸਿੰਘ ਆਰਕੀਟੈਕਟ

ਵਿੱਚ ਭੇਜੇ। ਇਨ੍ਹਾਂ ਵਿੱਚੋਂ ਬਹੁਤੇ ਬਾਅਦ ਵਿੱਚ ਕਾਮਯਾਬ ਡਾਕਟਰ, ਵਕੀਲ, ਇੰਜੀਨੀਅਰ, ਪ੍ਰੋਫੈਸਰ ਅਤੇ ਹੋਰ ਅਫਸਰ ਬਣੇ ਅਤੇ ਪੱਕੇ ਤੌਰ ਤੇ ਇੱਥੇ ਹੀ ਵੱਸ ਗਏ। ਤੇਰਾਂ ਦਰਵਾਜ਼ਿਆਂ ਵਾਲੀ ਕੰਧ ਅੰਦਰਲਾ ਲਾਹੌਰ ਬਾਹਰ ਵੱਲ ਤੇਜੀ ਨਾਲ ਵੱਧਣਾ ਸੁਰੂ ਹੋ ਗਿਆ।'ਆਧੁਨਿਕ ਲਾਹੌਰ ਦੇ ਪਿਤਾਮਾ' ਵਜੋਂ ਜਾਣੇ ਜਾਂਦੇ 'ਸਰ ਗੰਗਾ ਰਾਮ' ਦਾ ਇਸ ਸਹਿਰ ਦੇ ਨਵੀਨੀਕਰਣ ਵਿੱਚ ਬਹੁਤ ਜਿਆਦਾ ਯੋਗਦਾਨ ਸੀ, ਜੋ ਕਿ ਉਸ ਸਮੇਂ ਦੇ ਉੱਚਕੋਟੀ ਦੇ ਸਿਵਲ ਇੰਜਿਨਅਰ ਸਨ। ਸਹਿਰ ਦੀਆਂ ਬਹੁਤੀਆਂ ਸਾਨਦਾਰ ਇਮਾਰਤਾਂ ਅਤੇ ਨਵੇਂ ਰਿਹਾਇਸੀ ਨਗਰ ਉਨ੍ਹਾਂ ਦੀ ਹੀ ਦੇਣ ਹਨ ਜਿਵੇਂ ਕਿ ਲਾਹੌਰ ਜਨਰਲ ਡਾਕਖਾਨਾ, ਲਾਹੌਰ ਮਿਊਜੀਅਮ, ਮੇਓ ਸਕੂਲ ਆਫ ਆਰਟਸ, ਐਚੀਸਨ ਕਾਲਜ, ਮੇਓ ਹਸਪਤਾਲ, ਸਰ ਗੰਗਾਰਾਮ ਹਸਪਤਾਲ, ਲਾਹੌਰ ਹਾਈਕੋਰਟ, ਸਰ ਗੰਗਾਰਾਮ ਹਾਈ ਸਕੂਲ, ਹੈਲੇ ਕਾਮਰਸ ਕਾਲਜ, ਮਾਲ ਰੋਡ ਲਾਹੌਰ ਅਤੇ ਮਾਡਲ ਟਾਊਨ। ਇਨ੍ਹਾਂ ਵਿੱਚੋਂ ਕੁਝ ਇਮਾਰਤਾਂ ਉੱਤੇ ਸਰ ਗੰਗਾ ਰਾਮ ਨੇ ਭਾਈ ਰਾਮ ਸਿੰਘ (ਆਰਕੀਟੈਕਟ) ਨਾਲ ਮਿਲਕੇ ਕੰਮ ਕੀਤਾ ਸੀ।ਸਿਵਲ ਲਾਈਨਜ ਅਤੇ ਮਾਡਲ ਟਾਊਨ ਆਧੁਨਿਕ ਤੇ ਸਾਨਦਾਰ ਰਿਹਾਇਸੀ ਮਹੱਲੇ ਸਨ ਜਿੱਥੇ ਜਿਆਦਾਤਰ ਵਕੀਲ, ਡਾਕਟਰ, ਸਰਕਾਰੀ ਅਫਸਰ, ਯੂਨੀਵਰਸਿਟੀ ਤੇ ਕਾਲਜਾਂ ਦੇ ਪ੍ਰੋਫੈਸਰ, ਸਕੂਲਾਂ ਦੇ ਅਧਿਆਪਕ, ਬੈਂਕਾਂ ਦੇ ਮੁਲਾਜਮ ਅਤੇ ਹੋਰ ਅਮੀਰ ਤਹਿਜੀਬ ਯਾਫਤਾ ਸਹਿਰੀਆਂ ਦੀ ਰਿਹਾਇਸ ਹੁੰਦੀ ਸੀ। ਇਸ ਤਰ੍ਹਾਂ ਲਾਹੌਰ ਬਰਤਾਨਵੀ ਰਾਜ ਦੇ ਸਹਿਰੀ ਵਿਕਾਸ ਅਤੇ ਯੋਜਨਾਬੰਦੀ ਦੀ ਸਭ ਤੋਂ ਸਾਨਦਾਰ ਮਿਸਾਲ ਬਣਿਆਂ।ਇਸ ਦੌਰ ਵਿੱਚ ਹੀ ਲਾਹੌਰ ਛਪਾਈ ਉਦਯੋਗ ਦੇ ਕੇਂਦਰ ਵਜੋਂ ਵੀ ਵਿਕਸਿਤ ਹੋਇਆ। ਇਹ ਵੀ ਕਿਹਾ ਜਾਂਦਾ ਏ ਕਿ ਉਸ ਵਕਤ ਇੱਥੇ ਛਪਣ ਵਾਲੇ ਕਈ ਅਖਬਾਰਾਂ (ਰੋਜਾਨਾ ਤੇ ਹਫਤਾਵਾਰੀ) ਅਤੇ ਰਸਾਲਿਆਂ (ਮਾਸਿਕ,ਤਿਮਾਹੀ ਤੇ ਛਿਮਾਹੀ) ਦੀ ਗਿਣਤੀ 200 ਤੋਂ ਵੀ ਜ਼ਿਆਦਾ ਸੀ।ਅੰਗਰੇਜੀ ਅਖਬਾਰ 'ਦ ਟ੍ਰਿਬਿਊਨ' ਸਭ ਤੋਂ ਪਹਿਲਾਂ ਲਾਹੌਰ ਤੋਂ ਹੀ ਛਪਣਾ ਸੁਰੂ ਹੋਇਆ ਸੀ।ਪੰਜਾਬੀ ਅਖਬਾਰ 'ਅਜੀਤ' ਵੀ ਰੋਜਾਨਾ ਅਖਬਾਰ ਵਜੋਂ ਲਾਹੌਰ ਤੋਂ ਹੀ ਸੁਰੂ ਹੋਇਆ ਸੀ ਜੋ ਉਸ ਸਮੇਂ ਉਰਦੂ ਵਿੱਚ ਛਪਦਾ ਸੀ।ਇਨ੍ਹਾਂ ਤੋਂ ਬਿਨ੍ਹਾਂ 'ਪ੍ਰਤਾਪ', 'ਮਿਲਾਪ' ਅਤੇ 'ਪ੍ਰਭਾਤ'(ਤਿੰਨੇ ਉਰਦੂ ਵਿੱਚ) ਅਖਬਾਰ ਵੀ ਲਾਹੌਰ ਤੋਂ ਹੀ ਛਪਦੇ ਸਨ।

ਸੁਰੂਆਤੀ ਦੌਰ ਵਿੱਚ ਬਣਨ ਵਾਲੀਆਂ ਖਾਮੋਸ ਫਿਲਮਾਂ(ਸਾਈਲੈਂਟ ਮੂਵੀਜ) ਤੋਂ ਬਾਅਦ ਸਾਲ 1931 ਵਿੱਚ ਭਾਰਤ



ਲਾਹੌਰ ਹਾਈਕੋਰਟ ਦੀ ਪੁਰਾਣੀ ਤਸਵੀਰ

ਵਿੱਚ ਬੋਲਣ ਵਾਲੀਆਂ ਫਿਲਮਾਂ(ਟਾਕੀਜ) ਦੀ ਸੁਰੂਆਤ ਹੋ ਗਈ ਸੀ ਅਤੇ ਉਸਤੋਂ ਅਗਲੇ ਹੀ ਸਾਲ 1932 ਵਿੱਚ ਲਾਹੌਰ ਵਿੱਚ ਪਹਿਲੀ ਬੋਲਦੀ ਫ਼ਿਲਮ 'ਹੀਰ ਰਾਂਝਾ' ਉਰਫ 'ਹੂਰ ਏ ਪੰਜਾਬ' ਹਿੰਦੁਸਤਾਨੀ ਭਾਸਾ ਵਿੱਚ ਰਿਲੀਜ ਹੋਈ। ਪੰਜਾਬੀ ਦੀ ਪਲੇਠੀ ਬੋਲਦੀ ਫ਼ਿਲਮ 'ਮਿਰਜਾ ਸਾਹਿਬਾਂ' ਉਰਫ 'ਇਸਕ ਏ ਪੰਜਾਬ' ਸਾਲ 1935 ਵਿੱਚ ਅਤੇ ਦੂਜੀ ਫ਼ਿਲਮ 'ਸੀਲਾ' ਉਰਫ 'ਪਿੰਡ ਦੀ ਕੁੜੀ' ਸਾਲ 1936 ਵਿੱਚ ਲਾਹੌਰ ਵਿੱਚ ਰਿਲੀਜ ਹੋਈਆਂ।ਇਨ੍ਹਾਂ ਦੋਨਾਂ ਫਿਲਮਾਂ ਦੀ ਅਪਾਰ ਸਫਲਤਾ ਤੋਂ ਪ੍ਰਭਾਵਿਤ ਕਈ ਨਿਰਮਾਤਾ ਤੇ ਨਿਰਦੇਸਕਾਂ ਦਾ ਧਿਆਨ ਪੰਜਾਬੀ ਫਿਲਮਾਂ ਤਿਆਰ ਕਰਨ ਵੱਲ ਖਿੱਚਿਆ ਗਿਆ। ਜਿਨ੍ਹਾਂ ਵਿੱਚੋਂ ਕੇ. ਡੀ. ਮਹਿਰਾ, ਆਰ ਐੱਲ ਸੋਰੀ, ਦਲਸੁਖ ਐੱਮ ਪੰਚੋਲੀ, ਰੂਪ ਕੇ ਸੋਰੀ, ਬੀ. ਐੱਸ ਰਾਜਹੰਸ ਆਦਿ ਨਾਮ ਪ੍ਰਮੁੱਖ ਨੇ।ਇਨ੍ਹਾਂ ਨੇ ਪੰਜਾਬੀ ਫਿਲਮਾਂ ਦੇ ਨਿਰਮਾਣ ਲਈ ਆਪਣੇ ਦਫਤਰ ਅਤੇ ਸਟੂਡੀਓ ਲਾਹੌਰ ਵਿੱਚ ਖੋਲ੍ਹੇ।ਨਿਰੰਜਣ ਟਾਕੀਜ, ਪ੍ਰਭਾਤ ਟਾਕੀਜ, ਕਰਾਊਨ ਟਾਕੀਜ, ਰੀਜੈਂਟ ਸਿਨੇਮਾ ਅਤੇ ਪ੍ਰਭਾਤ ਸਿਨੇਮਾ ਵਰਗੇ ਸਿਨੇਮਾਘਰ ਲਾਹੌਰ ਵਿੱਚ ਬਣੇ।ਇਸ ਤਰ੍ਹਾਂ ਲਾਹੌਰ ਪੰਜਾਬੀ ਤੇ ਕੁਝ ਹਿੰਦੀ/ਉਰਦੂ ਫਿਲਮਾਂ ਬਣਾਉਣ ਅਤੇ ਰਿਲੀਜ ਕਰਕੇ ਬੰਬਈ ਅਤੇ ਕੱਲਕੱਤਾ ਦੇ ਫ਼ਿਲਮ ਨਿਰਮਾਣ ਕੇਂਦਰਾਂ ਦੇ ਮੁਕਾਬਲੇ ਵਿੱਚ ਤੀਜੇ ਉੱਭਰਦੇ ਕੇਂਦਰ ਵਜੋਂ ਹੋਂਦ ਵਿੱਚ ਆਇਆ। ਜਿਸ ਕਰਕੇ ਅਦਾਕਾਰੀ ਅਤੇ ਗੀਤ ਸੰਗੀਤ ਜਗਤ ਨਾਲ ਜੁੜੀਆਂ ਨਾਮੀ ਹਸਤੀਆਂ ਨੇ ਲਾਹੌਰ ਵਿੱਚ ਰਹਿਣ ਬਸੇਰਾ ਬਣਾਇਆ। ਫਨਕਾਰਾਂ ਅਤੇ ਹੋਰ ਕਲਾਕਾਰਾਂ ਦੇ ਇੱਥੇ ਵੱਸਣ ਦਾ ਇੱਕ ਹੋਰ ਵੀ ਕਾਰਨ ਇੱਥੇ ਨਵੇਂ ਰੇਡੀਓ ਸਟੇਸਨ ਦੀ ਸੁਰੂਆਤ ਹੋਣਾ ਵੀ ਸੀ। ਸਾਲ 1937 ਵਿੱਚ ਇੱਥੇ 'ਆਲ ਇੰਡੀਆ ਰੇਡੀਓ' ਦਾ 'ਲਾਹੌਰ ਸਟੇਸਨ' ਸੁਰੂ ਹੋਇਆ।ਇਸ ਰੇਡੀਓ ਸਟੇਸਨ ਤੇ ਲਾਹੌਰ ਦੇ ਕਲਾਕਾਰਾਂ ਤੋਂ ਇਲਾਵਾ ਦੂਰ ਦਰਾਜ ਤੋਂ ਵੀ ਕਈ ਗਾਇਕ, ਰਾਗੀ, ਕੀਰਤਨੀਏ ਅਤੇ ਹੋਰ ਸੰਗੀਤ ਘਰਾਣਿਆਂ ਦੀਆਂ ਨਾਮਵਰ ਸਖਸੀਅਤਾਂ ਆਪਣੇ ਪ੍ਰੋਗਰਾਮ ਪੇਸ ਕਰਦੀਆਂ ਸਨ।

ਲਾਹੌਰ ਦੇ 'ਅਨਾਰਕਲੀ ਬਜਾਰ' ਵਿੱਚ ਹੀ 'ਪੰਜਾਬ ਨੈਸਨਲ ਬੈਂਕ(1894)' ਦੀ ਸੁਰੂਆਤ ਇਸਦੇ ਪਹਿਲੇ ਦਫਤਰ ਦੇ ਖੁੱਲ੍ਹਣ ਨਾਲ ਹੋਈ।ਸਾਲ 1946-47 ਦੇ ਦਰਮਿਆਨ ਹੋਰ ਵੀ ਬੈਂਕਾਂ ਆਪਣੀਆਂ 97 ਬ੍ਰਾਂਚਾਂ ਨਾਲ ਇਸ ਸਹਿਰ ਵਿੱਚ ਚੱਲਦੀਆਂ ਸਨ ਅਤੇ 80 ਬੀਮਾ ਕੰਪਨੀਆਂ ਵੀ ਇੱਥੇ ਮੌਜੂਦ ਸਨ। ਪੰਜਾਬ ਦੀ ਰਾਜਧਾਨੀ ਹੋਣ ਕਰਕੇ ਉੱਤਰੀ ਭਾਰਤ ਦੇ ਵੱਡੇ ਸਿਆਸੀ ਅਤੇ ਮਾਲੀ ਕੇਂਦਰ ਵਜੋਂ ਵੀ ਇਸਦੀ ਵੱਖਰੀ ਪਹਿਚਾਣ ਸੀ।ਇੱਥੋਂ ਦੇ ਤਹਿਜੀਬ ਯਾਫਤਾ ਸਹਿਰੀ ਲੋਕ ਸਿੱਖਿਆ, ਕਲਾ ਅਤੇ ਫੈਸਨ ਦੇ ਇਸ ਕੇਂਦਰ ਵਿੱਚ ਰਹਿੰਦੇ ਹੋਣ ਕਰਕੇ ਵਿਕਸਿਤ, ਅਮੀਰ ਅਤੇ ਸੁਧਰੇ ਹੋਏ ਸਹਿਰੀ ਸੱਭਿਆਚਾਰ ਦੇ ਮਾਲਕ ਵੀ ਸਨ।ਯੂਰਪੀਅਨਾਂ ਵੱਲੋਂ ਲਾਹੌਰ ਨੂੰ ਇੱਕ ਨਵਾਂ ਨਾਮ 'ਪੂਰਬ ਦਾ ਪੈਰਿਸ' ਵੀ ਮਿਲਿਆ।ਪੰਜਾਬੀ ਵਿੱਚ ਇਹ ਅਖਾਣ ਹੁਣ ਵੀ ਪ੍ਰਚੱਲਿਤ ਹੈ ਕਿ, 'ਜੀਹਨੇ ਲਾਹੌਰ ਨਈ ਵੇਖਿਆ, ਉਹ ਜੰਮਿਆਂ ਈ ਨਹੀਂ' ।ਇਸ ਤਰ੍ਹਾਂ ਵੰਡ ਤੋਂ ਪਹਿਲਾਂ ਸਾਂਝੇ ਪੰਜਾਬ ਦਾ ਦਿਲ ਸਹਿਰ 'ਲਾਹੌਰ', ਪੰਜਾਬੀ ਬੋਲੀ ਅਤੇ ਸੱਭਿਆਚਾਰ ਦਾ ਕੇਂਦਰ ਬਣਿਆਂ। ਵੰਡ ਹੋਣ ਤੋਂ ਇੱਕ ਸਾਲ ਪਹਿਲਾਂ ਤੱਕ ਭਾਂਵੇ ਅੰਮ੍ਰਿਤਸਰ ਨੇ ਲਾਹੌਰ ਜਿੰਨਾਂ ਵਾਧਾ ਨਹੀਂ ਕੀਤਾ, ਪਰ ਫਿਰ ਵੀ ਇਸਦੀ ਆਪਣੀ ਵੱਖਰੀ ਪਹਿਚਾਣ ਸੀ ਜੋ ਉਸ ਸਮੇਂ ਲਾਹੌਰ ਤੋਂ ਬਾਅਦ ਪੰਜਾਬ ਦਾ ਦੂਜਾ ਵੱਡਾ ਸਹਿਰ ਸੀ। ਇਹ ਪੰਜਾਬ ਦੀ ਉਦਯੋਗਿਕ ਅਤੇ ਵਪਾਰਕ ਰਾਜਧਾਨੀ ਸੀ। ਚੌਥੇ ਸਿੱਖ ਗੁਰੂ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਵਸਾਏ ਗਏ ਇਸ ਸਹਿਰ ਦੀ ਪਹਿਲੀ ਪਹਿਚਾਣ 'ਗੁਰੂ ਕੀ ਨਗਰੀ' ਵਜੋਂ ਹੈ।ਸਿੱਖ ਜਗਤ ਦਾ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਇਸ ਸਹਿਰ ਵਿੱਚ ਹੀ ਸੁਸੋਭਿਤ ਹੈ।ਗੁਰੂ ਸਾਹਿਬ ਜੀ ਨੇ ਜਦੋਂ ਇਹ ਪਵਿੱਤਰ ਸਹਿਰ ਵਸਾਇਆ ਸੀ ਤਾਂ ਵੱਖ ਵੱਖ ਕਿੱਤਿਆਂ ਨਾਲ ਜੁੜੇ ਕਾਰੀਗਰ ਅਤੇ ਵਪਾਰੀ ਵੀ ਇੱਥੇ ਵੱਡੀ ਗਿਣਤੀ ਵਿੱਚ ਵਸਾਏ ਗਏ ਸਨ। ਚੌਥੇ ਅਤੇ ਪੰਜਵੇਂ ਗੁਰੂ ਸਾਹਿਬ (ਸ੍ਰੀ ਗੁਰੂ ਅਰਜੁਨ ਦੇਵ ਜੀ) ਦੇ ਸਮੇਂ 'ਗੁਰੂ ਬਜਾਰ' ਵਰਗਾ ਵਪਾਰਕ ਕੇਂਦਰ ਇੱਥੇ ਹੋਂਦ ਵਿੱਚ ਆਇਆ ਅਤੇ ਇਹ ਮੰਨਿਆਂ ਜਾਂਦਾ ਹੈ ਕਿ ਇਸ



ਆਧੁਨਿਕ ਲਾਹੌਰ ਦੇਂ ਪਿਤਾਮਾ 'ਸਰ ਗੰਗਾ ਰਾਮ'

ਬਜਾਰ ਤੋਂ ਹੀ ਇਸ ਸਹਿਰ ਦੇ ਵਪਾਰਕ ਕੇਂਦਰ ਬਣਨ ਦੀ ਸੁਰੂਆਤ ਹੋਈ।ਸਿੱਖ ਮਿਸਲਾਂ ਦੇ ਸਮੇਂ ਦੌਰਾਨ ਅਹਿਮਦ ਸਾਹ ਅਬਦਾਲੀ ਦੇ ਹਮਲਿਆਂ ਨਾਲ ਬਰਬਾਦ ਹੋਇਆ ਇਹ ਸਹਿਰ ਇੱਕ ਵਾਰ ਫਿਰ ਤੋਂ ਵੱਸਣਾ ਸੁਰੂ ਹੋਇਆ।ਸ੍ਰੀ ਦਰਬਾਰ ਸਾਹਿਬ ਦੀ ਮੁੜ ਉਸਾਰੀ ਦੀ ਸੇਵਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਦੇਖ-ਰੇਖ ਵਿੱਚ ਹੋਈ ਅਤੇ ਇਸ ਦੇ ਦੁਆਲੇ ਅਲੱਗ ਅਲੱਗ ਮਿਸਲਾਂ ਤੇ ਉਨ੍ਹਾਂ ਦੇ ਸਰਦਾਰਾਂ ਅਤੇ ਹੋਰਨਾਂ ਸਰਦਾਰਾਂ ਵੱਲੋਂ ਬੁੰਗਿਆਂ ਅਤੇ ਕੱਟੜਿਆਂ ਦਾ ਨਿਰਮਾਣ ਹੋਇਆ।ਈਸਵੀ ਸਾਲ 1805 ਵਿੱਚ ਅੰਮ੍ਰਿਤਸਰ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਹੋਇਆ ਤਾਂ ਉਨ੍ਹਾਂ ਨੇ ਇੱਥੇ ਹੋਰ ਨਵੇਂ ਕਟੜਿਆਂ ਦਾ ਨਿਰਮਾਣ ਕਰਵਾਇਆ। ਹਰੇਕ ਕਟੜੇ ਦਾ ਆਪਣਾ ਬਜਾਰ ਅਤੇ ਮੰਡੀ ਹੁੰਦੀ ਸੀ। ਇਸੇ ਸਮੇਂ ਦੌਰਾਨ ਉਨ੍ਹਾਂ ਦੇ ਅਧੀਨ ਇਲਾਕੇ ਅਤੇ ਇਸਦੇ ਬਾਹਰੋਂ ਵੀ ਅਮੀਰ ਵਪਾਰੀਆਂ ਅਤੇ ਕਾਰੋਬਾਰੀਆਂ ਨੇ ਅੰਮ੍ਰਿਤਸਰ ਦਾ ਰੁੱਖ ਕੀਤਾ।

1830 ਈਸਵੀ ਦੇ ਸਮੇਂ ਦੌਰਾਨ ਕਸਮੀਰ ਵਿੱਚ ਭਿਆਨਕ ਸੋਕੇ ਦੀ ਵਜ੍ਹਾ ਨਾਲ ਪਏ ਕਾਲ ਕਾਰਨ ਰੋਜਗਾਰ ਦੀ ਭਾਲ ਵਿੱਚ ਕਈ ਮੁਸਲਮਾਨ ਕਸਮੀਰੀ ਕਾਮਿਆਂ ਨੇ ਅੰਮ੍ਰਿਤਸਰ ਦਾ ਰੁੱਖ ਕੀਤਾ। ਜੋ ਵਿੱਚ ਬਾਅਦ ਇੱਥੇ ਪੱਕੇ ਤੌਰ ਵੱਸ ਗਏ ਤੇ ਪੰਜਾਬ ਦੀ ਵੰਡ ਹੋਣ ਤੱਕ ਇੱਥੇ ਹੀ ਰਹੇ।ਸਹਿਰ ਦੀ ਕੰਧ ਦੇ ਨਾਲ ਨਾਲ ਤੇ ਕਟੜਾ ਕਰਮ ਸਿੰਘ, ਕਟੜਾ ਗਰਬਾ ਸਿੰਘ, ਕਟੜਾ ਖਜਾਨਾ, ਕਟੜਾ ਹਕੀਮਾਂ, ਕੂਚਾ ਕਾਜੀਆਂ, ਕੂਚਾ ਰਾਗੀਆਂ, ਕੂਚਾ ਰਬਾਬੀਆਂ ਅਤੇ ਸੇਖਾਂ ਬਜਾਰ ਵਿੱਚ ਵੱਸ ਗਏ।ਇਨ੍ਹਾਂ ਦੇ ਇੱਥੇ ਵੱਸਣ ਨਾਲ 'ਸਾਲ ਉਦਯੋਗ' ਵੱਡੇ ਪੱਧਰ ਤੇ ਸੁਰੂ ਹੋਇਆ ਅਤੇ 1947 ਈਸਵੀ ਤੱਕ ਇੱਥੇ ਸਾਲ ਬਣਾਉਣ ਤੇ ਉਨ੍ਹਾਂ ਦੇ ਵਪਾਰ ਵਾਲੀਆਂ ਲਗਪਗ ਦੋ ਹਜਾਰ ਦੁਕਾਨਾਂ ਕਾਇਮ ਹੋ ਚੁੱਕੀਆਂ ਸਨ। ਇੱਥੋਂ ਬਹੁਤ ਹੀ ਸੁੰਦਰ ਅਤੇ ਭਾਰੀ ਪਸਮੀਨੇ ਦੀਆਂ ਸਾਲਾਂ ਵਿਦੇਸਾਂ ਵਿੱਚ ਵਿਕਣ ਲਈ ਜਾਂਦੀਆਂ ਸਨ। ਅੰਮ੍ਰਿਤਸਰ ਸਹਿਰ ਵਿੱਚ ਉਸ ਸਮੇਂ ਕਈ ਮਸਹੂਰ ਹਿੰਦੂ ਖੱਤਰੀ, ਅਰੋੜੇ, ਬਾਣੀਏ, ਕਸਮੀਰੀ ਅਤੇ ਅਫਗਾਨ ਵਪਾਰੀ ਵੀ ਬਹੁਤ ਪ੍ਰਸਿੱਧ ਹੋਏ ਸਨ। ਕਈਆਂ ਦੇ ਨਾਵਾਂ ਨਾਲ ਬੜੇ ਮਸਹੂਰ ਕਟੜੇ ਤੇ ਹਵੇਲੀਆਂ ਇੱਥੇ ਬਣੀਆਂ। ਇਸੇ ਸਮੇਂ ਵਿੱਚ ਹੀ ਲੱਕੜ ਅਤੇ ਪੱਥਰ ਉੱਪਰ ਖੁਦਾਈ ਵਾਲੇ, ਹਾਥੀ ਦੰਦ ਤੋਂ ਚੀਜਾਂ ਬਣਾਉਣ ਅਤੇ ਧਾਤਾਂ ਦੇ ਕੰਮ ਵਾਲੇ ਬਹੁਤ ਕਾਰੀਗਰ ਇੱਥੇ ਮੌਜੂਦ ਸਨ।ਭਾਰਤ ਦੇ ਹੋਰਨਾਂ ਹਿੱਸਿਆਂ ਤੋਂ ਮੱਧ ਏਸੀਆ ਤੱਕ ਰੇਸਮ ਦੇ ਕੱਪੜੇ ਅਤੇ ਮੇਵਿਆਂ ਦਾ ਵਪਾਰ ਅੰਮ੍ਰਿਤਸਰ ਜਰੀਏ ਹੋਣ ਲੱਗਾ। 1830 ਈਸਵੀ ਦੇ ਦਰਮਿਆਨ ਇੱਕ ਫਰਾਂਸੀਸੀ ਯਾਤਰੀ ਜੈਕੋਮੈਂ ਅੰਮ੍ਰਿਤਸਰ ਆਇਆ, ਉਸਦੇ ਅੰਦਾਜੇ ਮੁਤਾਬਕ ਇਸ ਸਮੇਂ ਸਹਿਰ ਦੀ ਅਬਾਦੀ ਇੱਕ ਲੱਖ ਤੋਂ ਵੀ ਜ਼ਿਆਦਾ ਸੀ। ਦੀਵਾਲੀ, ਮੱਸਿਆ ਅਤੇ ਸੰਗ੍ਰਾਂਦ ਵਰਗੇ ਮੌਕਿਆਂ ਤੇ ਜਿੱਥੇ ਸਰਧਾਲੂ ਗੁਰਧਾਮਾਂ ਦੇ ਦਰਸਨਾਂ ਲਈ ਆਉਂਦੇ ਸਨ ਉੱਥੇ ਹੀ ਵਪਾਰੀ ਵੀ ਵੱਡੀ ਗਿਣਤੀ ਵਿੱਚ ਪਹੁੰਚਦੇ ਸਨ। ਅੰਮ੍ਰਿਤਸਰ ਬਾਰੇ ਇੱਕ ਟਰੈਕਟ ਵਿੱਚ ਹਊਗਲ ਨਾਮ ਦੇ ਕਿਸੇ ਯੂਰਪੀਅਨ ਦਾ ਜ਼ਿਕਰ ਵੀ ਮਿਲਦਾ ਹੈ ਜਿਸਦੇ ਕਥਨ ਅਨੁਸਾਰ ਪੂਰੇ ਉੱਤਰੀ ਭਾਰਤ ਵਿੱਚ ਜੇ ਕੋਈ ਅਮੀਰ ਸਹਿਰ ਸੀ ਤਾਂ ਉਹ ਸ੍ਰੀ ਅੰਮ੍ਰਿਤਸਰ ਸੀ। ਇਤਿਹਾਸਕਾਰ ਗਣੇਸ ਦਾਸ ਅਨੁਸਾਰ ਅੰਮ੍ਰਿਤਸਰ ਤੋਂ ਵੱਡਾ ਕੋਈ ਹੋਰ ਸਹਿਰ ਸਾਰੇ 'ਸਿੱਖ ਰਾਜ' ਵਾਲੇ ਪੰਜਾਬ ਵਿੱਚ ਨਹੀਂ ਸੀ।

ਅੰਗਰੇਜਾਂ ਨੇ ਜਦੋਂ ਪੰਜਾਬ ਉੱਪਰ ਕਬਜੇ ਤੋਂ ਬਾਅਦ 'ਲਾਹੌਰ' ਨੂੰ ਵਿਕਸਿਤ ਕਰਨਾ ਸੁਰੂ ਕੀਤਾ ਤਾਂ ਕਈ ਅਮੀਰ ਕਾਰੋਬਾਰੀਆਂ, ਵਪਾਰੀਆਂ ਅਤੇ ਹੋਰ ਅਮੀਰਾਂ ਨੇ ਇੱਥੇ ਵੱਸਣ ਨੂੰ ਤਰਜੀਹ ਦਿੱਤੀ। ਅੰਮ੍ਰਿਤਸਰ ਦੇ ਵੀ ਕਈ ਸਹਿਰੀ ਲਾਹੌਰ ਵਿੱਚ ਵੱਸ ਗਏ।ਪਰ ਉਨ੍ਹਾਂ ਦੇ ਛੋਟੇ ਵੱਡੇ ਵਪਾਰ ਅਤੇ ਕਾਰਖਾਨੇ ਅੰਮ੍ਰਿਤਸਰ ਵਿੱਚ ਹੀ ਚਲਦੇ ਰਹੇ। ਇੰਨ੍ਹਾਂ ਵਿੱਚ ਕੰਮ ਕਰਨ ਵਾਲੇ ਕਾਰੀਗਰ ਜੋ ਕਿ ਜਿਆਦਾਤਰ ਮੁਸਲਮਾਨ ਸਨ, 'ਅੰਮ੍ਰਿਤਸਰ' ਵਿੱਚ ਹੀ ਟਿਕੇ ਰਹੇ। ਇਸ ਲਈ ਵਪਾਰਕ ਪੱਖੋਂ 'ਅੰਮ੍ਰਿਤਸਰ' ਮੁੱਖ ਆਕਰਸਣ ਕੇਂਦਰ ਹੀ ਰਿਹਾ। ਅੰਗਰੇਜਾਂ ਨੇ ਸਾਲ 1862 ਵਿੱਚ ਰੇਲ ਰਸਤੇ ਰਾਹੀਂ ਇਸਨੂੰ ਲਾਹੌਰ ਅਤੇ ਸਾਲ 1870 ਵਿੱਚ ਦਿੱਲੀ ਨਾਲ ਜੋੜਿਆ ਤਾਂ ਇਸਦੀ ਸਨਅਤ ਅਤੇ ਤਜਾਰਤ ਨੂੰ ਹੋਰ ਵੱਧਣ ਫੁੱਲਣ ਦਾ ਮੌਕਾ ਮਿਲਿਆ। ਅੰਗਰੇਜਾਂ ਨੇ 1852 ਈਸਵੀ ਵਿੱਚ ਪਹਿਲਾ ਮਿਸਨਰੀ ਸਕੂਲ ਬਜਾਰ ਕਸੇਰੀਆਂ ਵਿੱਚ ਖੋਲ੍ਹਿਆ ਅਤੇ ਸੇਂਟ ਪਾਊਲ ਚਰਚ (1853) ਦਾ ਨਿਰਮਾਣ ਕਰਵਾਇਆ। ਅੰਮ੍ਰਿਤਸਰ ਨੂੰ ਟਾਊਨ ਹਾਲ (1862, ਹੁਣ ਪਾਰਟੀਸਨ ਮਿਊਜੀਅਮ), ਹਾਲ ਬਜਾਰ (1875), ਸਰਕਟ ਹਾਊਸ (1863), ਡੀ. ਸੀ. ਦਫਤਰ (1876), ਲੜਕੀਆਂ ਦੀ ਸਿੱਖਿਆ ਲਈ ਐਲੇਗਜੈਂਡਰ ਸਕੂਲ (1878), ਗੌਰਮਿੰਟ ਮੈਡੀਕਲ ਕਾਲਜ (1920), ਵਿਕਟੋਰੀਆ ਜੁਬਲੀ ਹਸਪਤਾਲ (1891) ਦੀਆਂ ਸਾਨਦਾਰ ਇਮਾਰਤਾਂ ਅੰਗਰੇਜਾਂ ਦੀ ਹੀ ਦੇਣ ਹਨ।ਬ੍ਰਿਟਿਸ ਰਾਜ ਦੌਰਾਨ ਹੀ ਕੁਝ ਸਿੱਖ ਵਿਦਵਾਨਾਂ ਨੇ ਸਿੱਖਾਂ ਅਤੇ ਪੰਜਾਬੀਆਂ ਨੂੰ ਉੱਚ ਸਿੱਖਿਆ ਪ੍ਰਦਾਨ ਕਰਨ ਲਈ ਸੋਚਿਆ। ਸਿੱਖ ਰਿਆਸਤਾਂ ਦੇ ਰਾਜਿਆਂ, ਅਮੀਰ ਸਿੱਖ ਪਰਿਵਾਰਾਂ ਅਤੇ ਹੋਰ ਸਿੱਖਾਂ ਦੀ ਮਦਦ ਨਾਲ 1892 ਈਸਵੀ ਵਿੱਚ 'ਖਾਲਸਾ ਕਾਲਜ' ਦੀ ਸੁਰੂਆਤ ਹੋਈ।ਇਸਦੀ ਸਾਨਦਾਰ ਇਮਾਰਤ ਦਾ ਡਿਜਾਇਨ ਭਾਈ ਰਾਮ ਸਿੰਘ ਵੱਲੋਂ ਬਣਾਇਆ ਗਿਆ ਸੀ।1881-1921 ਦੇ ਸਾਲਾਂ ਦਰਮਿਆਨ ਸਹਿਰ ਦੀ ਅਬਾਦੀ ਵਿੱਚ ਕੋਈ ਖਾਸ ਵਾਧਾ ਨਹੀਂ ਹੋਇਆ, ਕੁਝ ਇਤਿਹਾਸਕਾਰਾਂ ਦੇ ਮੁਤਾਬਕ ਇਸਦਾ ਕਾਰਨ ਇਨ੍ਹਾਂ ਸਾਲਾਂ ਦੌਰਾਨ ਫੈਲਣ ਵਾਲੀਆਂ ਮਹਾਂਮਾਰੀਆਂ ਸਨ। ਪਰ 1921-1941 ਦੌਰਾਨ ਸਹਿਰ ਦੀ ਅਬਾਦੀ ਵਿੱਚ ਬਹੁਤ ਜ਼ਿਆਦਾ ਵਾਧਾ ਹੋਇਆ।



ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਪੁਰਾਣੀ ਝਲਕ

ਲਾਹੌਰ ਅਤੇ ਅੰਮ੍ਰਿਤਸਰ ਦੇ ਕਾਰੋਬਾਰੀਆਂ ਅਤੇ ਵਪਾਰੀਆਂ ਦੇ ਦੋਨਾਂ ਸਹਿਰਾਂ ਵਿੱਚ ਹੀ ਕਾਰੋਬਾਰ ਅਤੇ ਵਪਾਰ ਹਰ ਛੋਟੇ ਵੱਡੇ ਪੱਧਰ ਤੇ ਚੱਲਦੇ ਸਨ।ਕਿਉਂਕਿ ਦੋਨਾਂ ਸਹਿਰਾਂ ਵਿਚਕਾਰ ਕੋਈ ਖਾਸ ਦੂਰੀ ਨਹੀਂ ਸੀ, ਇਸ ਲਈ ਆਮ ਲੋਕਾਂ ਦਾ ਵੀ ਇਨ੍ਹਾਂ ਦੋਨਾਂ ਸਹਿਰਾਂ ਵਿਚਕਾਰ ਆਮ ਆਉਣ ਜਾਣ ਸੀ।ਰੋਜਾਨਾ ਹਰ ਘੰਟੇ ਬਾਅਦ ਦੋਨਾਂ ਸਹਿਰਾਂ ਵਿਚਕਾਰ ਰੇਲਗੱਡੀ ਤੋਂ ਇਲਾਵਾ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਬੱਸਾਂ ਦੀ ਵੀ ਚੰਗੀ ਸਹੂਲਤ ਹੁੰਦੀ ਸੀ। ਅੰਮ੍ਰਿਤਸਰੀਆਂ ਅਤੇ ਲਾਹੌਰੀਆਂ ਦੀਆਂ ਆਪਸ ਵਿੱਚ ਰਿਸਤੇਦਾਰੀਆਂ ਵੀ ਬਹੁਤ ਹੁੰਦੀਆਂ ਸਨ।ਦੋਨਾਂ ਸਹਿਰਾਂ ਦੀ ਇੱਕੋ ਜਿਹੀ ਪੰਜਾਬੀ ਬੋਲੀ ਅਤੇ ਸੱਭਿਆਚਾਰ ਸੀ। ਦੋਨਾਂ ਸਹਿਰਾਂ ਦੇ ਰੰਗ ਢੰਗ ਇੱਕੋ ਜਿਹੇ ਸਨ।ਉਸ ਜਮਾਨੇ ਦੇ ਜਿੰਨ੍ਹਾਂ ਲੋਕਾਂ ਨੇ ਇਹ ਦੋਵੇਂ ਸਹਿਰ ਵੇਖੇ ਸਨ, ਉਨ੍ਹਾਂ ਦੇ ਮੁਤਾਬਕ ਦੋਵੇਂ ਸਹਿਰਾਂ ਵਿੱਚੋਂ ਕਿਸੇ ਇੱਕ ਸਹਿਰ ਵਿੱਚ ਪਹੁੰਚਣ ਤੇ ਇਹ ਮਹਿਸੂਸ ਨਹੀਂ ਸੀ ਹੁੰਦਾ ਕਿ ਤੁਸੀਂ ਦੂਜੇ ਸਹਿਰ ਵਿੱਚ ਆ ਗਏ। ਇਸ ਲਈ ਇਨ੍ਹਾਂ ਦੋਨਾਂ ਸਹਿਰਾਂ ਨੂੰ ਜੁੜਵਾ ਸਹਿਰ ਵੀ ਕਿਹਾ ਜਾਂਦਾ ਸੀ। ਇੱਕ ਸਹਿਰ ਪੰਜਾਬ ਦਾ ਦਿਲ ਅਤੇ ਦੂਜਾ ਸਹਿਰ ਧੜਕਨ ਸੀ।ਪਰ ਅੱਗੇ ਆਉਣ ਵਾਲੇ ਸਮੇਂ ਨੂੰ ਕੁਝ ਹੋਰ ਹੀ ਮਨਜੂਰ ਸੀ ਅਤੇ ਪੰਜਾਬ ਦੀ ਵੰਡ ਕਾਰਨ ਦੋਵੇਂ ਸਹਿਰ ਇੱਕ ਦੂਜੇ ਕੋਲੋਂ ਵੱਖ ਹੋ ਗਏ।ਸੰਤਾਲੀ ਦੇ ਖੂਨ ਖਰਾਬੇ ਨਾਲ ਵੱਡੇ ਸਹਿਰ ਹੋਣ ਕਾਰਨ ਦੋਨਾਂ ਸਹਿਰਾਂ ਦਾ ਨੁਕਸਾਨ ਵੀ ਬਹੁਤ ਜ਼ਿਆਦਾ ਹੋਇਆ। ਜਦੋਂ ਦਿੱਲੀ, ਕਰਾਚੀ ਅਤੇ ਨਵੇਂ ਅਜਾਦ ਹੋਏ ਦੋਨਾਂ ਮੁਲਕਾਂ ਦੇ ਹੋਰਨਾਂ ਹਿੱਸਿਆਂ ਵਿੱਚ ਨਵੀਂ ਮਿਲੀ ਅਜਾਦੀ ਦੇ ਜਸਨ ਮਨਾਏ ਜਾ ਰਹੇ ਸਨ ਤਾਂ ਉਦੋਂ ਸਾਰੇ ਪੰਜਾਬ ਸਮੇਤ 'ਲਾਹੌਰ' ਅਤੇ 'ਅੰਮ੍ਰਿਤਸਰ' ਲੁੱਟੇ ਅਤੇ ਸਾੜੇ ਫੂਕੇ ਜਾ ਰਹੇ ਸਨ।

ਸੰਨ 1946 ਵਿੱਚ ਹੋਈਆਂ ਸੂਬਾਈ ਚੋਣਾਂ ਦੌਰਾਨ ਪੰਜਾਬ ਵਿੱਚ ਮੁਸਲਿਮ ਲੀਗ ਦੀ ਪਕੜ ਮਜਬੂਤ ਹੋ ਗਈ ਅਤੇ ਇਸੇ ਹੀ ਸਾਲ ਬੰਗਾਲ, ਬਿਹਾਰ ਅਤੇ ਸੰਯੁਕਤ ਪ੍ਰਾਂਤਾਂ(ਯੂ. ਪੀ.) ਦੇ ਕਈ ਸਹਿਰਾਂ ਕਸਬਿਆਂ ਵਿੱਚ ਹਿੰਸਾ ਅਤੇ ਸਾੜਫੂਕ ਦੀਆਂ ਘਟਨਾਵਾਂ ਵਾਪਰੀਆਂ। ਇਨ੍ਹਾਂ ਘਟਨਾਵਾਂ ਤੋਂ ਇਲਾਵਾ ਅਗਲੇ ਸਾਲ ਜਨਵਰੀ ਤੋਂ ਮਾਰਚ ਦੇ ਸੁਰੂ ਹੋਣ ਤੱਕ ਕੁਝ ਸਿਆਸੀ ਘਟਨਾਕ੍ਰਮ ਲਾਹੌਰ ਵਿੱਚ ਵਾਪਰੇ। ਆਉਣ ਵਾਲੇ ਸਮੇਂ ਦੌਰਾਨ ਪੰਜਾਬ ਲਈ ਇਸ ਸਾਰੇ ਘਟਨਾਕ੍ਰਮ ਦਾ ਸਿੱਟਾ ਬਹੁਤ ਭਿਆਨਕ ਨਿਕਲਿਆ।ਮਾਰਚ ਸੁਰੂ ਹੁੰਦੇ ਹੀ ਰਾਵਲਪਿੰਡੀ ਡਵੀਜਨ ਵਿੱਚ ਫਸਾਦਾਂ ਦੀ ਸੁਰੂਆਤ ਹੋ ਗਈ ਅਤੇ ਨਾਲ ਹੀ 'ਲਾਹੌਰ' ਤੇ 'ਅੰਮ੍ਰਿਤਸਰ' ਵੀ ਇਸਦੀ ਚਪੇਟ ਵਿੱਚ ਆਉਣ ਤੋਂ ਬਚ ਨਾ ਸਕੇ। ਮਾਰਚ ਤੋਂ ਜੂਨ ਤੱਕ ਪੰਜਾਬ ਦੇ ਇੰਨ੍ਹਾਂ ਦੋਨਾਂ ਵੱਡੇ ਸਹਿਰਾਂ ਵਿੱਚ ਲੁੱਟ-ਮਾਰ, ਸਾੜਫੂਕ, ਛੁਰੇਬਾਜੀ ਅਤੇ ਦੇਸੀ ਬੰਬ ਚੱਲਣ ਦੀਆਂ ਘਟਨਾਵਾਂ ਦੀਆਂ ਖਬਰਾਂ ਰੋਜਾਨਾ ਅਖਬਾਰਾਂ ਵਿੱਚ ਛਪਣ ਲੱਗੀਆਂ।ਦੋਵੇਂ ਸਹਿਰਾਂ ਵਿੱਚ ਕਰਫਿਊ ਲਗਾਏ ਜਾਣ ਦੇ ਬਾਵਜੂਦ ਵੀ ਸਭ ਕੁਝ ਜਾਰੀ ਰਿਹਾ।ਸੁਰੂਆਤੀ ਹਿੰਸਾ ਦੇ ਇਸ ਦੌਰ ਵਿੱਚ ਲਾਹੌਰ ਵਿੱਚ ਹਜਾਰਾਂ ਦੁਕਾਨਾਂ ਅਤੇ ਮਕਾਨ ਸਾੜ ਦਿੱਤੇ ਗਏ।ਲਾਹੌਰ ਵਿੱਚ 22 ਜੂਨ (ਐਤਵਾਰ), 1947 ਵਾਲੀ ਸਵੇਰ ਨੂੰ ਸਾਹਆਲਮੀ ਦਰਵਾਜੇ ਅਤੇ ਰਿਹਾਇਸੀ ਇਲਾਕੇ ਵਿੱਚ ਅੱਗ ਲਗਾ ਦਿੱਤੀ ਗਈ।ਸਹਿਰ ਦਾ ਇਹ ਹਿੱਸਾ ਹਿੰਦੂ ਬਹੁਗਿਣਤੀ ਕਾਰੋਬਾਰੀ ਅਤੇ ਰਿਹਾਇਸੀ ਇਲਾਕਾ ਸੀ ਜੋ ਪੂਰੀ ਤਰ੍ਹਾ ਤਬਾਹ ਹੋ ਗਿਆ ਸੀ। ਇਸ ਘਟਨਾ ਤੋਂ ਬਾਅਦ ਹਿੰਦੂ ਸਿੱਖ ਅਬਾਦੀ ਨੇ ਵੱਡੇ ਪੱਧਰ ਤੇ ਲਾਹੌਰ ਤੋਂ ਪੂਰਬੀ ਪੰਜਾਬ ਵੱਲ ਹਿਜਰਤ ਸੁਰੂ ਕਰ ਦਿੱਤੀ।ਲਾਹੌਰ ਦੀ ਲਗਪਗ ਸੱਤ ਲੱਖ ਸਹਿਰੀ ਅਬਾਦੀ ਵਿੱਚੋਂ ਤਿੰਨ ਲੱਖ ਹਿੰਦੂ ਸਿੱਖ ਅਬਾਦੀ ਸੀ। ਅਗਸਤ ਦੇ ਦੂਜੇ ਹਫਤੇ ਤੱਕ ਇਸ ਵਿੱਚੋਂ ਸਿਰਫ ਦਸ ਹਜਾਰ ਹਿੰਦੂ ਸਿੱਖ ਹੀ ਸਹਿਰ ਵਿੱਚ ਰਹਿ ਗਏ ਸਨ ਤੇ ਅਖੀਰਲੇ ਹਫਤੇ ਤੱਕ ਇਹ ਗਿਣਤੀ 1000 ਹੀ ਰਹਿ ਗਈ। ਜੋ ਲਾਹੌਰ ਛੱਡ ਗਏ, ਉਹ ਇਸ ਆਸ ਵਿੱਚ ਸਹਿਰ ਛੱਡ ਗਏ ਸਨ ਕਿ ਮਾਹੌਲ ਠੀਕ ਹੋਣ ਤੋਂ ਬਾਅਦ ਉਹ ਵਾਪਸ ਆ ਜਾਣਗੇ।ਜਿਹੜੇ ਅਗਸਤ ਤੱਕ ਵੀ ਇੱਥੇ ਰਹੇ ਉਹ ਇਸ ਆਸ ਨਾਲ ਰੁਕੇ ਰਹੇ ਕਿ 'ਲਾਹੌਰ' ਭਾਰਤ ਨੂੰ ਦਿੱਤਾ ਜਾਵੇਗਾ।ਕਿਉਕਿ ਸਹਿਰ ਦੀ ਅਰਥ ਵਿਵਸਥਾ ਵਿੱਚ ਹਿੰਦੂ ਸਿੱਖ ਭਾਈਚਾਰੇ ਦਾ ਪੂਰਾ ਦਬਦਬਾ ਸੀ। ਲਾਹੌਰ ਦੀਆਂ ਸੱਤਰ ਤੋਂ ਅੱਸੀ ਫੀਸਦੀ ਦੁਕਾਨਾਂ, ਫੈਕਟਰੀਆਂ-ਕਾਰਖਾਨਿਆਂ ਅਤੇ ਹੋਰ ਕਾਰੋਬਾਰਾਂ ਦੇ ਮਾਲਕ ਹਿੰਦੂ ਸਿੱਖ ਸਨ।ਸਹਿਰ ਦੀ ਅੱਧੀ ਤੋਂ ਜਿਆਦਾ ਨਿੱਜੀ ਜਾਇਦਾਦ ਦੇ ਮਾਲਕ ਵੀ ਹਿੰਦੂ ਸਿੱਖ ਸਨ। ਦੂਜੇ ਪਾਸੇ ਅੰਮ੍ਰਿਤਸਰ ਦੀ ਤਕਰੀਬਨ ਚਾਰ ਲੱਖ ਅਬਾਦੀ ਵਿੱਚੋਂ ਦੋ ਲੱਖ ਮੁਸਲਮਾਨ ਸਨ।ਮਾਰਚ ਦੀ ਸੁਰੂਆਤ ਤੋਂ ਅਗਸਤ ਦੇ ਅੱਧ ਤੱਕ ਸਹਿਰ ਵਿੱਚ ਹੋਈ ਕਤਲੋਗਾਰਤ ਤੇ ਸਾੜ ਫੂਕ ਕਾਰਨ ਕਟੜਾ ਜੈਮਲ ਸਿੰਘ, ਕਟੜਾ ਮਹਾਂ ਸਿੰਘ ਅਤੇ ਹਾਲ ਬਜਾਰ ਪੂਰੀ ਤਰ੍ਹਾਂ ਤਬਾਹ ਹੋ ਗਏ ਸਨ। ਚੌਂਕ ਪ੍ਰਾਗਦਾਸ ਵਿੱਚ ਵੱਡੇ ਪੱਧਰ ਤੇ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ, ਦੁਕਾਨਾਂ ਤੇ ਘਰ ਬਾਰ ਸਾੜ ਦਿੱਤੇ ਗਏ।ਇਨ੍ਹਾਂ ਘਟਨਾਵਾਂ ਕਰਕੇ ਕਈ ਮੁਸਲਮਾਨਾਂ ਨੇ ਅੰਮ੍ਰਿਤਸਰ ਛੱਡ ਦਿੱਤਾ ਅਤੇ ਬਾਕੀ ਵੱਡੀ ਗਿਣਤੀ ਵਿੱਚ ਸਰੀਫਪੁਰਾ ਮੁਹੱਲੇ ਵਿੱਚ ਇਕੱਠੇ ਹੋਏ।ਇਹ ਇੱਥੇ ਇਸ ਆਸ ਵਿੱਚ ਅਗਸਤ ਤੱਕ ਬੈਠੇ ਰਹੇ ਕਿ ਅੰਮ੍ਰਿਤਸਰ ਪਾਕਿਸਤਾਨ ਦਾ ਹਿੱਸਾ ਬਣੇਗਾ। ਇਸ ਤਰਾਂ ਅਪ੍ਰੈਲ ਤੋਂ ਅਗਸਤ ਤੱਕ ਲਾਹੌਰ ਵਿੱਚ ਹਿੰਦੂ ਸਿੱਖ ਰਿਹਾਇਸੀ ਮੁਹੱਲੇ ਤੇ ਬਜਾਰ ਅਤੇ ਅੰਮ੍ਰਿਤਸਰ ਵਿੱਚ ਮੁਸਲਮਾਨਾਂ ਦੇ ਘਰ ਤੇ ਦੁਕਾਨਾਂ ਵੱਡੇ ਪੱਧਰ ਲੁੱਟੇ ਤੇ ਸਾੜੇ ਗਏ।

14 ਅਤੇ 15 ਅਗਸਤ, 1947 ਨੂੰ 'ਪਾਕਿਸਤਾਨ' ਅਤੇ 'ਭਾਰਤ' ਦੀ ਅਜਾਦੀ ਦਾ ਐਲਾਨ ਤਾਂ ਹੋ ਗਿਆ ਪਰ ਦੋਵਾਂ ਦੇਸਾਂ ਦੀ ਹੱਦ ਦਾ ਹਜੇ ਐਲਾਨ ਨਹੀਂ ਕੀਤਾ ਗਿਆ ਸੀ। ਲਾਹੌਰ ਤੇ ਅੰਮ੍ਰਿਤਸਰ ਸਹਿਰਾਂ ਵਿੱਚ ਦੋਵਾਂ ਦੇਸਾਂ ਦੇ ਨਾਹਰਿਆਂ ਤੋਂ ਬਿਨ੍ਹਾਂ ਹੋਰ ਧਾਰਮਿਕ ਨਾਹਰੇ ਵੀ ਲੱਗਦੇ ਰਹੇ, ਕਤਲੇਆਮ, ਸਾੜ-ਫੂਕ ਅਤੇ ਹਿਜਰਤ ਜਾਰੀ ਰਹੀ। 17 ਅਗਸਤ, 1947 ਨੂੰ ਆਖਰ ਉਹ ਦਿਨ ਆਇਆ ਜਦੋਂ ਇਨ੍ਹਾਂ ਦੋਨਾਂ ਸਹਿਰਾਂ ਦੀ ਕਿਸਮਤ ਦਾ ਫੈਸਲਾ ਵੀ ਹੋ ਗਿਆ। ਲਾਹੌਰ ਪਾਕਿਸਤਾਨ ਨੂੰ ਦੇ ਦਿੱਤਾ ਗਿਆ ਅਤੇ ਅੰਮ੍ਰਿਤਸਰ ਭਾਰਤ ਦੇ ਹਿੱਸੇ ਆਇਆ।ਲਾਹੌਰ ਵਿੱਚ ਬਾਕੀ ਬਚੇ ਹਿੰਦੂ ਸਿੱਖਾਂ ਨੇ ਲਾਹੌਰ ਅਤੇ ਮੁਸਲਮਾਨਾਂ ਨੇ ਅੰਮ੍ਰਿਤਸਰ ਛੱਡ ਦਿੱਤਾ।'ਲਾਹੌਰ' ਨੇ ਆਪਣੇ ਅਮੀਰ ਤਹਿਜੀਬ ਯਾਫਤਾ ਸਹਿਰੀ ਹਿੰਦੂ-ਸਿੱਖ ਅਤੇ ਅੰਮ੍ਰਿਤਸਰ ਨੇ ਆਪਣੇ ਬਿਹਤਰੀਨ ਸਹਿਰੀ ਮੁਸਲਮਾਨ ਕਾਰੀਗਰ ਸਦਾ ਲਈ ਗਵਾ ਲਏ।ਦੋਨਾਂ ਸਹਿਰਾਂ ਵਿਚਕਾਰ ਖਿੱਚੀ ਗਈ ਲਕੀਰ ਨੇ ਦੋਵੇਂ ਸਹਿਰ ਵੱਖ ਕਰ ਦਿੱਤੇ। ਵੰਡ ਤੋਂ ਬਾਅਦ ਲਾਹੌਰ ਨੇ ਤਾਂ ਅੰਮ੍ਰਿਤਸਰ ਤੋਂ ਆਉਣ ਵਾਲੇ ਤਕਰੀਬਨ ਸਾਰੇ ਮੁਸਲਮਾਨਾਂ ਨੂੰ ਸੰਭਾਲ ਲਿਆ।ਪਰ ਅੰਮ੍ਰਿਤਸਰ ਸਾਰੇ ਲਾਹੌਰੀਆਂ ਨੂੰ ਸਾਂਭ ਨਾ ਸਕਿਆ ਕਿਉਂਕਿ ਲਾਹੌਰ ਨਾਲੋਂ ਇਹ ਛੋਟਾ ਸਹਿਰ ਸੀ ਅਤੇ ਸਰਨਾਰਥੀਆਂ ਨਾਲ ਪੂਰੀ ਤਰ੍ਹਾਂ ਭਰ ਗਿਆ ਸੀ।ਇਸ ਤਰ੍ਹਾਂ ਲਾਹੌਰ ਛੱਡਣ ਵਾਲੇ ਸਹਿਰੀ ਲਾਹੌਰੀਏ ਥੋੜ੍ਹੀ ਗਿਣਤੀ ਹੀ ਅੰਮ੍ਰਿਤਸਰ ਅਤੇ ਪੰਜਾਬ ਦੇ ਹੋਰ ਸਹਿਰਾਂ ਵਿੱਚ ਵਸਾਏ ਗਏ।ਲਾਹੌਰ ਜਿਹਾ ਕੋਈ ਹੋਰ ਵੱਡਾ ਅਤੇ ਵਿਕਸਿਤ ਸਹਿਰ ਪੂਰਬੀ ਪੰਜਾਬ ਵਿੱਚ ਨਾ ਹੋਣ ਦੀ ਸੂਰਤ ਵਿੱਚ ਇਹ ਸਹਿਰੀ ਲਾਹੌਰੀਏ ਵੱਡੀ ਗਿਣਤੀ ਵਿੱਚ ਦਿੱਲੀ ਅਤੇ ਭਾਰਤ ਦੇ ਹੋਰ ਸਹਿਰਾਂ ਵਿੱਚ ਚਲੇ ਗਏ।ਜਿੱਥੇ ਬਾਅਦ ਵਿੱਚ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਅਮੀਰ ਅਤੇ ਵਿਕਸਿਤ ਸਹਿਰੀ ਲਾਹੌਰੀ ਬੋਲੀ ਅਤੇ ਸੱਭਿਆਚਾਰ ਨੂੰ ਸੰਭਾਲ ਨਾ ਸਕੀਆਂ। ਲਾਹੌਰ ਅੱਜ ਪਾਕਿਸਤਾਨ ਦਾ ਦੂਜਾ ਵੱਡਾ ਸਹਿਰ ਹੈ ਅਤੇ ਅੰਮ੍ਰਿਤਸਰ ਹੁਣ ਦੇ ਭਾਰਤੀ ਪੰਜਾਬ ਦਾ ਦੂਜਾ ਵੱਡਾ ਸਹਿਰ ਹੈ। ਆਉਣ ਵਾਲੇ ਸਮੇਂ ਵਿੱਚ ਲਾਹੌਰ ਨੇ ਬਹੁਤ ਤਰੱਕੀ ਕੀਤੀ।ਪਰ ਅੰਮ੍ਰਿਤਸਰ ਨੇ ਪਹਿਲਾਂ ਸੰਤਾਲੀ ਦੀ ਵੰਡ ਵੇਲੇ ਉਹ ਕਾਰੀਗਰ ਗਵਾਏ ਜਿੰਨਾਂ ਦਾ ਘਾਟਾ ਕਦੇ ਪੂਰਾ ਨਾ ਹੋ ਸਕਿਆ। ਉਸਤੋਂ ਬਾਅਦ ਭਾਰਤ-ਪਾਕ ਜੰਗਾਂ ਦੌਰਾਨ ਇੱਥੋਂ ਸਨਅਤ ਅਤੇ ਕਾਰੋਬਾਰ ਨੂੰ ਫੇਰ ਤਬਾਹੀ ਦਾ ਸਾਹਮਣਾ ਕਰਨਾ ਪਿਆ। ਅੱਸੀਵਿਆਂ ਦੇ ਦੌਰ ਵਿੱਚ ਜਦੋਂ ਪੰਜਾਬ ਦੇ ਹਲਾਤ ਖਰਾਬ ਹੋਏ ਤਾਂ ਉਦੋਂ ਵੀ ਇਸ ਸਹਿਰ ਨੇ ਆਪਣੀ ਅਬਾਦੀ ਬਹੁਤ ਗਵਾ ਲਈ।ਨਤੀਜਾ ਇਹ ਹੋਇਆ ਕਿ ਸਾਲ 1991 ਵਿੱਚ ਅੰਮ੍ਰਿਤਸਰ ਦੀ ਅਬਾਦੀ ਮਿਲੀਅਨ ਤੋਂ ਵੀ ਘੱਟ ਸੀ ਜਦੋਂਕਿ ਲਾਹੌਰ ਸੱਤ ਮਿਲੀਅਨ ਦੀ ਅਬਾਦੀ ਤੱਕ ਪਹੁੰਚ ਗਿਆ।

ਅਕਸਰ ਹੀ ਜ਼ਿਹਨ ਵਿੱਚ ਕਦੇ ਕਦੇ ਇਹ ਸਵਾਲ ਉੱਠਦਾ ਹੈ ਕਿ ਜੇ ਇਹ ਦੋਵੇਂ ਸਹਿਰ ਕਦੇ ਵੱਖ ਨਾ ਹੁੰਦੇ, ਤਾਂ ਇਹ ਕਿਹੋ ਜਿਹੇ ਹੁੰਦੇ ? ਸਾਇਦ ਅੱਜ ਦੋਵੇਂ ਸਹਿਰ ਬਹੁਤ ਜ਼ਿਆਦਾ ਵੱਧਕੇ ਇੱਕ ਦੂਜੇ ਨਾਲ ਮਿਲਕੇ ਸੌ ਕਿਲੋਮੀਟਰ ਤੋਂ ਵੀ ਵੱਧ ਦੇ ਦਾਇਰੇ ਵਿੱਚ ਫੈਲ ਗਏ ਹੁੰਦੇ ਅਤੇ ਭਾਰਤੀ ਉਪ-ਮਹਾਂਦੀਪ ਦੇ ਵੱਡੇ ਮਹਾਂਨਗਰਾਂ ਦੀ ਗਿਣਤੀ ਵਿੱਚ ਆਉਂਦੇ। ਦੋਵਾਂ ਸਹਿਰਾਂ ਵਿਚਕਾਰ ਗੁਰਬਖਸ ਸਿੰਘ ਪ੍ਰੀਤਲੜੀ ਦਾ ਵਸਾਇਆ 'ਪ੍ਰੀਤ ਨਗਰ' ਦੋਵਾਂ ਸਹਿਰਾਂ ਵਿੱਚੋਂ ਕਿਸੇ ਇੱਕ ਦਾ ਉਪਨਗਰ ਬਣ ਗਿਆ ਹੁੰਦਾ, ਜਿਵੇਂ ਕਿ ਉਨ੍ਹਾਂ ਨੂੰ ਇਸਦੀ ਆਸ ਸੀ।ਲਾਹੌਰ ਦੀ ਪੰਜਾਬੀ ਫ਼ਿਲਮ ਸਨਅਤ ਜੋ ਵੰਡ ਵੇਲੇ ਤਬਾਹ ਹੋ ਗਈ ਸੀ, ਸਾਇਦ ਅੱਜ ਆਪਣੇ ਸਿਖਰ ਤੇ ਹੁੰਦੀ। ਦੋਵਾਂ ਸਹਿਰਾਂ ਵਿਚਕਾਰ ਪਹਿਲਾਂ ਵਾਂਗ ਹੀ ਆਮ ਆਉਣ ਜਾਣ ਹੁੰਦਾ ਤਾਂ ਅੱਜ ਵੀ ਲਾਹੌਰੀਆਂ ਅਤੇ ਅੰਮ੍ਰਿਤਸਰੀਆਂ ਦੀਆਂ ਆਪਸ ਵਿੱਚ ਗੂੜ੍ਹੀਆਂ ਯਾਰੀਆਂ ਅਤੇ ਰਿਸਤੇਦਾਰੀਆਂ ਹੁੰਦੀਆਂ। ਵੱਡੀ ਗੱਲ ਇਹ ਕਿ ਜੇ ਦੋਵੇਂ ਸਹਿਰ ਇਕੱਠੇ ਹੁੰਦੇ ਤਾਂ ਅੱਜ ਚੰਡੀਗੜ੍ਹ ਦਾ ਕੋਈ ਵਜੂਦ ਨਾ ਹੁੰਦਾ। ਪਰ ਅਜਿਹਾ ਹੋ ਨਾ ਸਕਿਆ, ਸਮੇਂ ਨੂੰ ਕੁਝ ਹੋਰ ਹੀ ਮਨਜੂਰ ਸੀ।ਕੀ ਭਵਿੱਖ ਵਿੱਚ ਇਨ੍ਹਾਂ ਦੋਨਾਂ ਸਹਿਰਾਂ ਦਾ ਆਪਸ ਵਿੱਚ ਕਦੇ ਮਿਲਣਾ ਮੁਮਕਿਨ ਹੈ ਜਾਂ ਨਾਮੁਮਕਿਨ ? !ਇਸਦਾ ਜਵਾਬ ਵੀ ਆਉਣ ਵਾਲਾ ਸਮਾਂ ਹੀ ਦੱਸ ਸਕੇਗਾ।

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।




ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
Unbeatable Price!
All Type of Frames!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500






# "ਸਿੰਧੜੀਏ ਨੀ ਸਾਡਾ ਫੁੱਲ ਪਰਤਾ ਦੇ ਅਸੀਂ ਪਾਰ ਪੰਜਾਬੋਂ ਆਏ"

ਅਹਿਮਦ ਰਾਹੀ ਪੰਜਾਬੀ ਦਾ ਬਹੁਤ ਵੱਡਾ ਸ਼ਾਇਰ ਸੀ। ਉਸਨੇ ਪਹਿਲੀ ਕਿਲਕਾਰੀ ਤਾਂ ਅਣਵੰਡੇ ਪੰਜਾਬ ਦੇ ਅੰਮ੍ਰਿਤਸਰ ਸ਼ਹਿਰ ਵਿੱਚ 12 ਨਵੰਬਰ 1923 ਨੂੰ ਮਾਰੀ ਸੀ ਤੇ ਸਪੁਰਦੇ ਖਾਕ ਟੋਟੇ ਹੋ ਚੁੱਕੇ ਪੰਜਾਬ ਦੇ ਸ਼ਹਿਰ ਲਾਹੌਰ ਵਿੱਚ 2 ਸਤੰਬਰ 2002 ਨੂੰ ਕੀਤਾ ਗਿਆ।

ਉਸਦੇ ਲਿਖੇ ਗੀਤ ਅੱਜ ਵੀ ਰੇਡੀਓ ਤੇ ਵਜਦੇ ਨੇ, ਯੂ ਟਿਊਬ ਤੇ ਵੀ ਪਏ ਨੇ ਪਰ ਅਫਸੋਸ ਇਹ ਕਿ ਅੱਜ ਦੀ ਪੀੜ੍ਹੀ ਅਹਿਮਦ ਰਾਹੀ ਨੂੰ ਭੁੱਲ ਚੁੱਕੀ ਐ ਜਦੋਂ ਕਿ ਉਹਦੇ ਗੀਤ ਪਾਕਿਸਤਾਨ ਵਿੱਚ ਤਾਂ ਨਵੀਂ ਪੀੜ੍ਹੀ ਦੇ ਗਾਇਕ ਵੀ ਰਾਹੀ ਦਾ ਨਾਮ ਲਏ ਬਿਨਾਂ ਹੀ ਗਾ ਕੇ ਨਾਮ ਤੇ ਨਾਵਾਂ ਕਮਾ ਰਹੇ ਨੇ।

"ਮੇਰੀ ਚੁੰਨੀ ਦੀਆਂ ਰੇਸ਼ਮੀ ਤੰਦਾ ਵੇ ਮੈਂ ਘੁੱਟ ਘੁੱਟ ਦੇਨੀ ਆਂ ਗੰਢਾਂ ਕਿ ਚੰਨਾਂ ਤੇਰੀ ਯਾਦ ਨਾ ਭੁੱਲੇ"
ਤੇਰੇ ਦਰ 'ਤੇ ਆ ਕੇ ਸੱਜਣਾ ਵੇ
ਅਸੀਂ ਝੋਲੀ ਖਾਲੀ ਲੈ ਚੱਲੇ
ਲੱਖਾਂ ਆਸਾਂ ਲੈਕੇ ਆਏ ਸਾਂ
ਦੋ ਨੈਣ ਸਵਾਲੀ ਲੈ ਚੱਲੇ ।

**ਐਨੀ ਗੱਲ ਦੱਸ ਦਿਓ, ਨਿੱਕੇ ਨਿੱਕੇ ਤਾਰਿਓ**
**ਤੁਸੀਂ ਕਿਹੜੇ ਚੰਨ ਦੇ**
**ਵਿਛੋੜਿਆਂ ਦੇ ਮਾਰੇ ਓ**
**ਸੁੰਞੇ ਦਿਲ ਵਾਲੇ ਬੂਹੇ**
**ਅਸੀਂ ਅਜੇ ਨਹੀਂ ਓ ਢੋਏ**
**ਵੇ ਤੂੰ ਜੰਮ ਜੰਮ ਆਵੀਂ**
**ਚੰਨਾ ਤਾਰਿਆਂ ਦੀ ਲੋਏ**

ਪੰਜਾਬ ਦੀ ਵੰਡ ਦਾ ਦਰਦ ਕਸੀਰ ਬਣ ਕੇ ਹਮੇਸ਼ਾ ਈ ਅਹਿਮਦ ਰਾਹੀ ਦੀ ਅੱਖ ਵਿੱਚ ਰੜਕਦਾ ਰਿਹਾ ਜਿਸਦਾ ਵਰਨਣ ਉਸਦੇ ਗੀਤਾਂ 'ਚ ਮਿਲਦਾ ਹੈ।

**ਚੰਨਾਂ ਵੇ ਤੇਰੀ ਚਾਨਣੀ**
**ਤਾਰਿਆ ਵੇ ਤੇਰੀ ਲੌਅ**
**ਮੇਰੇ ਹਾਸੇ ਲੁੱਟਕੇ ਖੇੜਿਆਂ**
**ਮੇਰੇ ਦਿੱਤੇ ਹੋਂਠ ਪਰੋ**
**ਮੈਂ ਅਮਾਨਤ ਰਾਂਝੇ ਚਾਕ ਦੀ**
**ਮੇਰੇ ਨਾਲ ਹੋਇਆ ਧ੍ਰੋਹ**
**ਉਮਰਾਂ ਦੀਆਂ ਸਾਂਝਾ ਟੁੱਟੀਆਂ**
**ਅੱਜ ਗਏ ਨਖੇੜੇ ਹੋ**
**ਚੰਨਾ ਵੇ ਤੇਰੀ ਚਾਨਣੀ**
**ਤਾਰਿਆ ਵੇ ਤੇਰੀ ਲੋਅ**

ਉਸਿੰਧੜੀਏ ਨੀ ਸਾਡਾ ਫੁੱਲ ਪਰਤਾ ਦੇ ਅਸੀਂ ਪਾਰ ਪੰਜਾਬੋਂ ਆਏ" ਲਿਖਣ ਵਾਲਾ ਅਜ਼ੀਮ ਪੰਜਾਬੀ ਸ਼ਾਇਰ ਅਹਿਮਦ ਰਾਹੀ ਪੰਜਾਬੀਆਂ ਦੇ ਦਿਲਾਂ ਚ ਹਮੇਸ਼ਾ ਜਿਉਂਦਾ ਰਹੇਗਾ।ਇਹ ਨਜ਼ਮ ਉਸਨੇ ਅਮਰ ਪੰਜਾਬੀ ਇਸ਼ਕ ਗਾਥਾ ਸੋਹਣੀ-ਮਹੀਵਾਲ ਦੀ ਨਾਇਕਾ ਸੋਹਣੀ ਦੀ ਯਾਦ ਵਿੱਚ ਲਿਖੀ ਸੀ।ਦੱਸਿਆ ਜਾਂਦਾ ਕਿ ਸੋਹਣੀ ਚਨਾਬ ਦਰਿਆ ਜਿਸ ਨੂੰ ਅਸੀਂ ਮੁਕਾਮੀ ਜ਼ਬਾਨ ਵਿੱਚ ਝਨਾਂ ਆਖਦੇ ਹਾਂ ਵਿੱਚ ਡੁੱਬ ਮੋਈ ਸੀ ਤੇ ਉਸ ਦੀ ਲਾਸ਼ ਤਰਦੀ ਤਰਦੀ ਅੱਗੋਂ ਸਿੰਧ ਦੇ ਇਲਾਕੇ ਚ ਜਾ ਕੇ ਮਿਲੀ ਸੀ। ਇਸ ਕਰਕੇ ਉਸ ਦਾ ਮਜ਼ਾਰ ਸਿੰਧ ਵਿੱਚ ਬਣਿਆ ਸੀ ਉਸੇ ਮਜ਼ਾਰ ਤੇ ਜਦੋਂ ਅਹਿਮਦ ਰਾਹੀ ਪਹੁੰਚਿਆ ਤਾਂ ਇੱਕ ਪੰਜਾਬੀ ਹੋਣ ਦੇ ਨਾਤੇ ਪੰਜਾਬ ਦੀ ਧੀ ਸੋਹਣੀ ਦੀ ਮੁਹੱਬਤ ਵਿੱਚ ਦਰਿਆ ਸਿੰਧ ਨੂੰ ਤਾਅਨਾ ਦੇ ਮਾਰਿਆ।

"ਸਿੰਧੜੀਏ ਨੀ ਸਾਡਾ ਫੁੱਲ ਪਰਤਾ ਦੇ ਅਸੀਂ ਪਾਰ ਪੰਜਾਬੋਂ ਆਏ"

ਪ੍ਰਸਿੱਧ ਅਭਿਨੇਤਾ ਤੇ ਲੇਖਕ ਬਲਰਾਜ ਸਾਹਨੀ ਦੇਸ਼ ਦੀ ਵੰਡ ਤੋਂ ਬਾਅਦ ਆਪਣੇ ਮਿੱਤਰਾਂ ਨੂੰ ਮਿਲਣ ਪਾਕਿਸਤਾਨ ਗਿਆ।ਵਾਪਸੀ ਵੇਲੇ 'ਅਹਿਮਦ ਰਾਹੀ' ਸਾਹਨੀ ਸਾਹਿਬ ਨੂੰ ਵਿਦਾ ਕਰਨ ਵੇਲੇ ਭਾਵੁਕ ਹੋ ਗਿਆ। ਉਸਦੇ ਭਾਵਕ ਮਨ ਵਿੱਚ ਜੋ ਸਤਰਾਂ ਆਈਆਂ ਉਹ ਉਸਨੇ ਲਾਹੌਰ ਰੇਲਵੇ ਸਟੇਸ਼ਨ ਤੇ ਭਾਰਤ ਵਿਦਾ ਕਰਨ ਤੋਂ ਪਹਿਲਾਂ ਬਲਰਾਜ ਸਾਹਨੀ ਨਾਲ ਸਾਂਝੀਆਂ ਕੀਤੀਆਂ ।


ਰਾਜਨ ਸ਼ਾਹ, ਅਹਿਮਦ ਰਾਹੀ, ਬਲਰਾਜ ਸਾਹਨੀ, ਤੇ ਅਬਦੁੱਲਾ ਮਲਿਕ ਲਹੌਰ ਰੇਲਵੇ ਸਟੇਸ਼ਨ ਦੇ ਬਾਹਰ ਨਜ਼ਰ ਆ ਰਹੇ ਹਨ ।

ਉਸ ਵੇਲੇ ਦੀਆਂ ਉਹ ਸਤਰਾਂ ਜਦੋਂ ਬਲਰਾਜ ਸਾਹਨੀ ਨੇ ਕਿਹਾ ਕਿ

*"ਦੇਸਾਂ ਵਾਲਿਓ*
*ਆਪਣੇ ਹੀ ਦੇਸ ਅੰਦਰ*
*ਅਸੀਂ ਆਏ ਹਾਂ*
*ਵਾਂਗ ਪਰਦੇਸੀਆਂ ਦੇ"*

ਉਸਦੇ ਜਵਾਬ ਵਿੱਚ ਅਹਿਮਦ ਰਾਹੀ ਦੇ ਬੋਲ, ਆਹ ਪੜ੍ਹਿਓ ਅਹਿਮਦ ਰਾਹੀ ਆਪਣੇ ਮਿੱਤਰ ਬਲਰਾਜ ਸਾਹਨੀ ਨੂੰ ਭਾਰਤ ਵਿਦਾ ਕਰਨ ਵੇਲੇ ਕੀ ਕਹਿੰਦੈ

**ਤੇਰੇ ਲਈ ਪਰਦੇਸ ਏ ਦੇਸ ਮੇਰਾ**
**ਮੇਰੇ ਲਈ ਪਰਦੇਸ ਏ ਦੇਸ ਤੇਰਾ**
**ਚਿੱਟ ਵੇਸੀਆ ਜੋਗੀਆ ਵਸਦਾ ਰਹੁ**
**ਮੇਰਾ ਇੱਥੇ ਡੇਰਾ, ਤੇਰਾ ਉੱਥੇ ਡੇਰਾ**
**ਨੀਰ ਡੁਲ੍ਹਦੇ ਜੱਗ ਤੇ ਲੱਖ ਵੇਖੇ**
**ਆਪਾਂ ਉਹ ਨੀਰ ਵੇਖੇ**
**ਜਿਹੜੇ ਡੁਲ੍ਹੇ ਵੀ ਨਾ**
**ਭਾਵੇਂ ਇਹਨਾਂ ਦਾ ਕਿਸੇ ਨਹੀਂ ਮੁੱਲ ਪਾਇਆ**
**ਮੋਤੀ ਅੱਖੀਆਂ ਦੇ ਅਣਮੁਲੇ ਵੀ ਨਾ**
**ਜਿਹੜੇ ਯਾਦਾਂ ਦੀ ਕੈਦ ਵਿੱਚ ਬੰਦ ਹੋ ਗਏ**
**ਉਹ ਦਿਲ ਕੈਦੀ ਕਦੇ ਖੁੱਲ੍ਹੇ ਵੀ ਨਾ**
**ਜਿਹੜੇ ਸਮੇਂ ਹਵਾਵਾਂ ਦੇ ਨਾਲ ਉੱਡੇ**
**ਅਸਾਂ ਲੱਖ ਭੁਲਾਏ ਉਹ ਭੁੱਲੇ ਵੀ ਨਾ**
**ਤੂੰ ਹੈਂ ਦੇਸ ਗਿਓਂ,,,, ਕਿ ਗਿਆ ਦੇਸੋਂ ?**
**ਗਿਓਂ ਜਦੋਂ ਦਾ ਇਹੋ ਹੈ ਸੋਚ ਮੈਨੂੰ**
**ਜਿਹੜੀ ਸੋਚ ਨੇ ਖੋਹ ਲਈ ਨੀਂਦ ਮੇਰੀ**
**ਜਿਉਣ ਦੇਵੇਗੀ ਕਿਵੇਂ ਉਹ ਸੋਚ ਤੈਨੂੰ**
**ਬੇੜੀ ਆਸਾਂ ਦੀ ਅੱਧ ਦਰਿਆ ਡੁੱਬੀ**
**ਕੁੱਝ ਡੁੱਬ ਗਏ, ਕੁੱਝ ਤਰੇ ਵੀ ਨਾ**
**ਮੇਰੀ ਪੀੜ ਦੇ ਅਜ਼ਲੀ ਸਾਂਝੀਆ ਓਏ**
**ਤੇਰੇ ਜ਼ਖਮ ਹਰੇ,,, ਮੇਰੇ ਭਰੇ ਵੀ ਨਾ**
**ਮੇਰੇ ਦੇਸ ਆਏ ਪਰਦੇਸੀਆ ਓਏ**
**ਜਿਹੜਾ ਦਰਦ ਮੇਰਾ,,,, ਓਹੋ ਦਰਦ ਤੇਰਾ**
**ਏਥੋਂ ਜਾਂਦਿਆਂ ਚੀਕੀ ਸੀ ਰੂਹ ਤੇਰੀ**
**ਉਥੋਂ ਆਇਆਂ ਰੋਇਆ ਸੀ ਦਿਲ ਮੇਰਾ**
**ਐਦੂੰ ਵੱਧ ਕੇ ਹੋਰ ਕੀ ਦੁੱਖ ਹੋਊ**
**ਤੇਰੀ ਅੱਖ ਇੱਥੇ,,, ਮੇਰੀ ਅੱਖ ਉੱਥੇ**
**ਟੁੱਟੇ ਦਿਲਾਂ ਦਾ ਕੀ ਸ਼ੁਮਾਰ ਕਰੀਏ**
**ਕਈ ਲੱਖ ਇੱਥੇ ਕਈ ਲੱਖ ਉੱਥੇ**
**ਇਹੋ ਜਿਹਾ ਆਲ੍ਹਣਾ ਉਜੜਿਆ ਏ**
**ਕਈ ਕੱਖ ਇੱਥੇ ਕਈ ਕੱਖ ਉੱਥੇ**

ਦੋਸਤੋ ਜਦੋਂ ਮੈਂ ਇਹ ਪੋਸਟਾਂ ਲਿਖਦਾ ਹਾਂ ਮੇਰੇ ਨੈਣੋਂ ਨੀਰ ਵਹਿ ਤੁਰਦੈ ।ਭਾਵੇਂ ਉਸ ਵੰਡ ਦਾ ਸੰਤਾਪ ਮੈਂ ਆਪਣੇ ਤਨ ਤੇ ਨਹੀਂ ਹੰਢਾਇਆ ਪਰ ਮੈਨੂੰ ਮਹਿਸੂਸ ਹੁੰਦੈ, ਫੇਸਬੁੱਕ ਤੇ ਸ਼ੋਸ਼ਲ ਮੀਡੀਏ ਤੇ ਸਰਗਰਮ ਫਿਰਕੂ ਤਾਕਤਾਂ ਨੂੰ ਮੇਰੀ ਅਰਜੋਈ ਐ ਕਿ ਅਸੀਂ ਬਹੁਤ ਕੁੱਝ ਗੁਆ ਚੁੱਕੇ ਹਾਂ, ਸਾਡੇ ਪੱਲੇ ਕੁੱਝ ਨਹੀਂ ਰਿਹਾ, ਅਸੀਂ ਆਪਣੇ ਆਲ੍ਹਣੇ ਦਾ ਤੀਲ੍ਹਾ ਤੀਲ੍ਹਾ ਕਰ ਚੁੱਕੇ ਹਾਂ, ਕਿਰਪਾ ਕਰਕੇ ਕੋਈ ਐਸੀਆਂ ਗੱਲਾਂ ਕਰੀਏ ਜਿਸ ਨਾਲ ਭਾਈਚਾਰਕ ਸਾਂਝ ਪੈਦਾ ਹੋ ਸਕੇ.




**ਹਮ ਪਹਿਲੇ ਪੱਤੋਂ ਕੀ ਏਕ ਸ਼ਾਖ ਥੇ ਮਗਰ**
**ਕਾਟੇ ਗਏ ਹੈਂ ਇਤਨਾ ਕਿ ਤਲਵਾਰ ਹੋ ਗਏ।**
**(ਬਸ਼ੀਰ ਬਦਰ)**

ਕਿਹਾ ਜਾਂਦਾ ਹੈ ਕਿ ਤਬਦੀਲੀ ਆਉਣਾ ਕੁਦਰਤ ਦਾ ਅਟੱਲ ਨਿਯਮ ਹੈ। ਚੜ੍ਹਦੀ ਉਮਰੇ ਜਦੋਂ ਸਾਡੇ ਖ਼ੂਨ ਨੂੰ, ਸਾਡੀਆਂ ਸੋਚਾਂ ਨੂੰ ਜਾਂ ਸਾਡੀ ਦੇਹੀ ਦੇ ਰੋਮ ਰੋਮ ਨੂੰ ਉਬਾਲ਼ ਜਿਹਾ ਆ ਰਿਹਾ ਹੁੰਦੈ, ਖੌਲਦੇ ਸਮੁੰਦਰ ਵਰਗੀਆਂ ਰੀਝਾਂ ਨਾਲ ਅਸੀਂ ਕੁੱਲ ਦੁਨੀਆਂ ਦੀ ਬੇ-ਤਰਤੀਬੀ ਨੂੰ ਨਵੇਂ ਸਿਰਿਉਂ ਵਿਉਂਤ ਕੇ ਬਦਲ ਦੇਣ ਦੀ ਲੂਹਰੀ ਪਾਲ਼ਦੇ ਹਾਂ। ਸਾਡੇ ਦੁਆਲੇ ਹਾਲਾਤ, ਰੁੱਤਾਂ, ਦਿਨ ਰਾਤ, ਮਾਹੌਲ, ਉਮਰ ਅਤੇ ਸਾਡੀ ਦੇਹੀ ਸਭ ਇਸ ਬਦਲਾਅ ਦੇ ਰਾਹ ਪਏ ਦਿਸਦੇ ਹਨ। ਸਾਡੀ ਲੰਘ ਚੱਲੀ ਪੀੜ੍ਹੀ ਨੇ ਰੰਗਾਂ ਦੀ ਇਹ ਤਬਦੀਲੀ ਬਹੁਤ ਨੇੜੇ ਹੋ ਕੇ ਹੰਢਾਈ ਹੈ। ਪਹਿਲਾਂ ਲੋਕ ਬਹੁਤ ਭਾਵੁਕ ਸਨ ਜਿਹੜੇ ਰਿਸ਼ਤੇ ਪਾਲ਼ਦੇ ਤੇ ਸੰਭਾਲ਼ਦੇ ਰਹੇ। ਫੇਰ ਲੋਕ ਪੇਸ਼ੇਵਰ (ਪ੍ਰੋਫੈਸ਼ਨਲ) ਹੁੰਦੇ ਗਏ ਕਿ ਜਦੋਂ ਤੱਕ ਲੋੜ ਹੈ ਰਿਸ਼ਤਾ ਨਿਭਾਓ ਤੇ ਹੁਣ ਲੋਕ ਵਿਹਾਰਕ (ਪ੍ਰੈਕਟੀਕਲ) ਹੋ ਕੇ ਸੋਚਦੇ ਨੇ ਜਿੱਥੇ ਲੋੜ ਹੈ ਉੱਥੇ ਹੀ ਰਿਸ਼ਤਾ ਗ਼ਰਜ਼ ਪੂਰੀ ਹੋਣ ਤੱਕ ਨਿਭਾਓ। ਹੁਣ ਲੋਕ ਕਾਇਦਾ ਜਾਂ ਵਾਇਦਾ ਨਹੀਂ ਬਸ ਫ਼ਾਇਦਾ ਹੀ ਦੇਖਦੇ ਹਨ। ਪਿਛਲੇ ਕੁੱਝ ਅਰਸੇ ਤੋਂ ਤਾਂ ਟੈਕਨਾਲੋਜੀ ਨੇ ਕੁੱਲ ਦੁਨੀਆਂ ਨੂੰ ਹੀ ਪਲ ਪਲ ਬਦਲ ਦੇ ਰਾਹ ਤੋਰ ਲਿਆ ਹੈ। ਪਹਿਲਾਂ ਸੌ ਸਾਲ ਵਿਚ ਕੋਈ ਇੱਕ ਖੋਜ ਹੁੰਦੀ ਲੋਕਾਂ ਦੀ ਮਾਨਸਿਕਤਾ ਵਿਚ ਉਥਲ ਪੁਥਲ ਕਰਦੀ ਸੀ ਪਰ ਹੁਣ ਇੱਕ ਦਿਨ ਵਿਚ ਹੋ ਰਹੀਆਂ ਸੌ ਖੋਜਾਂ ਨੇ ਸਾਡੇ ਮਨਾਂ ਵਿਚ ਤਰਥੱਲੀ ਪਾ ਧਰੀ ਹੈ। ਮੀਲਾਂ ਦੀ ਦੂਰੀ ਸਮੇਟ ਕੇ ਇੱਕੋ ਛੱਤ ਹੇਠ ਦੋ ਜੀਆਂ ਵਿਚ ਪੂਰਾ ਮਾਰੂਥਲ ਵਿਛਾ ਧਰਿਆ ਹੈ। ਉਪਰੋਥਲੀ ਵਰਤ ਰਹੀਆਂ ਹੋਣੀਆਂ ਨੇ ਸਾਨੂੰ ਝੰਬ ਸੁੱਟਿਆ ਹੈ। ਕਹਿੰਦੇ ਹਨ ਇੱਕ ਨਵੀਂ ਵਿਆਹੀ ਪਤਨੀ ਨੇ ਪਤੀ ਨੂੰ ਟੋਕਣਾ ਸ਼ੁਰੂ ਕੀਤਾ - ਤੁਸੀਂ ਆਹ ਰੰਗ ਨਾ ਪਾਇਆ ਕਰੋ, ਤੁਸੀਂ ਇਉਂ ਨਾ ਉੱਠਿਆ ਬੈਠਿਆ ਕਰੋ ਜਾਂ ਇਹ ਨਾ ਖਾਇਆ ਕਰੋ ਵਗੈਰਾ ਵਗੈਰਾ। ਜਦੋਂ ਪਤੀ ਸਭ ਕੁੱਝ ਮੰਨਣ ਲੱਗ ਪਿਆ ਤਾਂ ਪਤਨੀ ਗਿਲਾ ਕਰਨ ਲੱਗੀ ਕਿ ਹੁਣ ਤੁਸੀਂ ਪਹਿਲਾਂ ਵਰਗੇ ਨਹੀਂ ਰਹੇ। ਇਉਂ ਹੀ ਅਸੀਂ ਹੋਰਾਂ ਦੇ ਆਖੇ ਲੱਗ ਆਪਣਾ ਸਭ ਕੁਛ ਸਮਰਪਣ ਕਰਦੇ ਹੋਰ ਦੇ ਹੋਰ ਹੋ ਜਾਂਦੇ ਹਾਂ। ਕਿਸੇ ਨੂੰ ਹਾਲਾਤ, ਬੀਮਾਰੀ, ਦੌਲਤ, ਰਿਸ਼ਤੇ, ਸ਼ੋਹਰਤ ਜਾਂ ਰੁਤਬਾ ਵੀ ਬਦਲ ਧਰਦੇ ਹਨ। ਉਹ ਆਖਣ ਲੱਗ ਜਾਂਦਾ ਹੈ -

ਅਸੀਂ ਉਹ ਨਹੀਂ ਰਹਿ ਗਏ ਜੀ।

ਸਭ ਤੋਂ ਵੱਧ ਕਾਰਗਰ,ਹਾਂਦਰੂ ਤੇ ਪੱਕੀ ਤਬਦੀਲੀ ਗਿਆਨ ਨਾਲ ਆਉਂਦੀ ਹੈ ਜੋ ਅਰਜੁਨ ਨੂੰ ਹਥਿਆਰ ਚੁਕਵਾ ਵੀ ਸਕਦੀ ਹੈ ਤੇ ਅਸ਼ੋਕ ਵਰਗੇ ਸ਼ਹਿਨਸ਼ਾਹ ਦੇ ਹੱਥੋਂ ਚੁੱਕੇ ਹੋਏ ਹਥਿਆਰ ਸੁਟਵਾ ਵੀ ਸਕਦੀ ਹੈ। ਗਿਆਨ ਦੀ ਪ੍ਰਾਪਤੀ ਕਿਸੇ ਸਿਧਾਰਥ ਨੂੰ ਮਹਾਤਮਾ ਬੁੱਧ ਬਣਾ ਸਕਦੀ ਹੈ। ਓਹੀ ਬੁੱਧ ਗਿਆਨ ਦੀ ਸ਼ਰਨ ਵਿਚ ਜਾ ਕੇ ਇਨਸਾਨੀਅਤ ਲਈ ਨਿਰਵਾਣ ਦਾ ਰਾਹ ਲੱਭਣ ਲੱਗੇ ਸਨ। ਅਕਸਰ ਕੰਪਨੀਆਂ ਸਿਖਲਾਈ (ਟਰੇਨਿੰਗ) ਨਾਲ ਤਬਦੀਲੀ ਅਪਨਾਉਣ ਵਿਚ ਕਾਮਯਾਬ ਹੁੰਦੀਆਂ ਹਨ। ਟੀ.ਵੀ ਤੇ ਵਸਤਾਂ ਦੇ ਵਿਕਣ ਲਈ ਇਸ਼ਤਿਹਾਰਾਂ ਦੀ ਚਕਾਚੌਂਧ ਵੀ ਸਾਨੂੰ ਭਰਮਾ ਲੈਂਦੀ ਹੈ। ਪਰ ਜਦੋਂ ਕੋਈ ਬਦਲਾਅ ਜ਼ਬਰਦਸਤੀ ਵਾਪਰਦਾ ਹੈ ਜਾਂ ਬਾਹਰੋਂ ਥੋਪਿਆ ਹੁੰਦਾ ਹੈ ਤਾਂ ਸਾਨੂੰ ਔਖਾ ਲਗਦਾ ਹੈ, ਜਿਵੇਂ ਮੁਲਕ ਬਦਲਣ ਨਾਲ ਬਿਗਾਨੀ ਹਵਾ ਵਿਚ ਸਾਹ ਲੈਣਾ ਪਹਿਲਾਂ ਔਖਾ ਲਗਦਾ ਹੈ। ਅੱਜ ਦਾ ਮਨੁੱਖ ਵਰ੍ਹੇ ਨਹੀਂ ਜਿਉਂਦਾ, ਦਿਨ ਤੇ ਛਿਣ ਜਿਉਂ ਰਿਹਾ ਲਗਦਾ ਹੈ। ਇਉਂ ਬਾਹਰੋਂ ਪੈ ਰਿਹਾ ਪ੍ਰਭਾਵ ਉਸ ਨੂੰ ਅੰਦਰੋਂ ਖੋਖਲਾ ਕਰ ਰਿਹਾ ਹੈ ਜਿਸ ਨਾਲ ਮਾਨਸਿਕ ਵਿਕਾਰ ਪੈਦਾ ਹੋ ਰਹੇ ਹਨ। ਜਦੋਂ ਤੋਂ ਜੀਵਨ ਦੇ ਹਰ ਖੇਤਰ ਵਿਚ ਪੁਰਾਣੀ ਸੋਚ ਨੂੰ ਮੇਟ ਕੇ ਨਵੀਆਂ ਲੀਹਾਂ ਸਿਰਜਣ ਦੀ ਬਿਰਤੀ ਜਨਮੀ ਹੈ ਜੀਵਨ ਵਧੇਰੇ ਗੁੰਝਲਦਾਰ ਹੋ ਰਿਹਾ ਹੈ। ਅਸਲ ਵਿਚ ਅਸੀਂ ਸਭ ਨੂੰ ਬਦਲਣ ਦੇ ਰਾਹ ਪੈ ਗਏ ਹਾਂ ਪਰ ਆਪਣੇ ਆਪ ਨੂੰ ਬਦਲਣ ਦੀ ਸੋਚ ਕਦੇ ਪਾਲ਼ ਹੀ ਨਹੀਂ ਸਕੇ। ਅਨੁਭਵ ਨਾਲ ਹੰਢਾਈ ਪੁਰਾਣੀ ਸੋਚ ਨਾ ਤਾਂ ਪੂਰੀ ਤਰ੍ਹਾਂ ਮੇਟੀ ਜਾ ਸਕਦੀ ਹੈ ਤੇ ਨਾ ਹੀ ਨਵੇਂ ਸਿਰੇ ਤੋਂ ਕੋਈ ਵੱਖਰੀ ਸੋਚ ਪਾਲ਼ੀ ਜਾ ਸਕਦੀ ਹੈ। ਬਾਹਰੋਂ ਬਦਲਾਅ ਕਬੂਲਣ ਦੀ ਥਾਂ ਅੰਤਰਮਨ ਵਿਚ ਸਹਿਜ-ਸੁਭਾਅ ਆਈ ਤਬਦੀਲੀ ਹੀ ਸਹੀ ਕਹੀ ਜਾ ਸਕਦੀ ਹੈ। ਇਹ ਤਬਦੀਲੀ ਸੁਖਦ ਲਗਦੀ ਹੈ ਜੋ ਸਭ ਦੀ ਭਲਾਈ ਲਈ ਹੁੰਦੀ ਹੈ। ਸਾਨੂੰ ਔਖ ਹੁੰਦੀ ਹੈ ਜਦ ਰਿਸ਼ਤੇ ਗਰਜ਼ਾਂ ਕੋਲ ਗਿਰਵੀ ਟਿਕ ਰਹੇ ਹੋਣ। ਪਹਿਲਾਂ ਇਹ ਤਬਦੀਲੀ ਧੀਮੀ ਸੀ ਪਰ ਹੁਣ ਹਜ਼ਮ ਕਰਨੀ ਮੁਹਾਲ ਹੋ ਰਹੀ ਹੈ।

**ਵਧੀ ਹੈ ਨੇੜਤਾ ਜਿਉਂ ਜਿਉਂ ਦਿਲਾਂ ਵਿਚ ਫ਼ਾਸਲਾ ਹੋਇਆ।**
**ਅਜੋਕੇ ਦੌਰ ਵਿਚ ਇਹ ਕਿਸ ਤਰ੍ਹਾਂ ਦਾ ਹਾਦਸਾ ਹੋਇਆ।**
**(ਹਰਦਮ ਮਾਨ)**

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

facebook — ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਭਾਊ, ਕੀ ਹਾਲ਼ ਏ ਤੇਰਾ ? ਤੂੰ ਮਜਬ ਬਦਲ ਕੇ ਕਿਤੇ ਆਪਣੀ ਭੈਣ ਜਮਨਾ ਨੂੰ ਭੁੱਲ ਤਾਂ ਨਈਂ ਗਿਆ।



ਬੰਦੇ ਖਾਣੀ..... ਪਿੰਡ ਛੱਡਣਾ ਮਨਜ਼ੂਰ ਨਹੀਂ ਸੀ ਸੋ ਜਾਨ ਬਚਾਉਣ ਦਾ ਮਾਰਾ ਬਟਵਾਰੇ ਤੋਂ ਬਾਅਦ ਤਿਲਕ ਰਾਜ ਪਾਕਸਤਾਨ 'ਚ ਰਹਿਕੇ ਅਬਦੁਲ ਰਹੀਮ ਹੋ ਗਿਆ। ਹੁੰਦਾ ਏ ਏਦਾਂ ਅਕਸਰ ਬਹੁਗਿਣਤੀ ਦਾ ਦਾਬਾ ਚੱਲ ਜਾਂਦਾ ਏ।

ਕਿੰਨੇ ਈ ਚਾਚੇ-ਤਾਏ ਸਨ ਤੇ ਅਗਾਂਹ ਉਹਨਾਂ ਦੇ ਬਾਲ਼-ਬੱਚੇ, ਤਕਰੀਬਨ ਤੀਹ-ਪੈਂਤੀ ਜੀਅ। ਨਿੱਕੇ-ਮੋਟੇ ਮੇਲੇ ਜਿੰਨੀ ਰੌਣਕ ਤਾਂ ਘਰੇ ਅੱਠੋ-ਪਹਿਰ ਲੱਗੀ ਰਹਿੰਦੀ ਸੀ। ਬਟਵਾਰੇ ਨੇ ਦੇਸ ਤਾਂ ਵੰਡਿਆ ਈ ਟੱਬਰ ਵੀ ਵੰਡ ਘੱਤੇ। ਅੱਧੇ ਤੋਂ ਵੱਧ ਜੀਆਂ ਨੇ ਹਿੰਦੋਸਤਾਨ ਨੂੰ ਚਾਲੇ ਪਾ ਦਿੱਤੇ ਤੇ ਦਰਜਨ ਕੁ ਪਿੱਛਾਂਹ ਰਹਿ ਗਏ।

ਫੇਸਬੁੱਕ, ਵੱਟਸਐਪ, ਯੂਟਿਊਬ ਊਂ ਤਾਂ ਨਿਰਾ ਟੈਮ ਬਰਬਾਦ ਆ ਪਰ ਜਿਹੜੇ ਇਹਨਾਂ ਨੇ ਮੁੱਦਤਾਂ ਦੇ ਵਿੱਛੜੇ ਮਰਨ ਤੋਂ ਪਹਿਲਾਂ ਇੱਕ ਵਾਰ ਮਿਲਾ ਦਿੱਤੇ ਨੇ ਉਹਤੋਂ ਵੱਡਾ ਪੁੰਨ ਦਾ ਕੰਮ ਵੀ ਨਹੀਂ ਹੋ ਸਕਦਾ।

ਸੱਤਰ ਵਰ੍ਹਿਆਂ ਬਾਅਦ ਬਿਲਕੁਲ ਉਸੇ ਦਿਨ ਜਿਸ ਦਿਨ ਵਿੱਛੜੇ ਸਨ ਆਪਣੇ ਚਾਚੇ ਦੀ ਕੁੜੀ ਜਮਨਾ ਨਾਲ਼ ਫ਼ੋਨ 'ਤੇ ਗੱਲ ਕਰਦਿਆਂ ਤਿਲਕ ਰਾਜ ਬਨਾਮ ਅਬਦੁਲ ਰਹੀਮ ਰਾਮ-ਰਾਮ ਦੀ ਜਗ੍ਹਾ ਸਲਾਮ ਕਹਿ ਬੈਠਾ।

ਭਾਊ, ਕੀ ਹਾਲ਼ ਏ ਤੇਰਾ ? ਤੂੰ ਮਜਬ ਬਦਲ ਕੇ ਕਿਤੇ ਆਪਣੀ ਭੈਣ ਜਮਨਾ ਨੂੰ ਭੁੱਲ ਤਾਂ ਨਈਂ ਗਿਆ।

ਪੌਣੀ ਸਦੀ ਬਾਅਦ ਭੈਣ ਦੇ ਦਰਸ਼ਨ ਕਰਕੇ ਹੁਬਕੀਂ ਰੋਂਦਾ ਅਬਦੁਲ ਕਹਿੰਦਾ, ਭੈਣ ਮੇਰੀਏ, ਬਿਨ ਦਰਵਾਜਿਉਂ ਚੁਗਾਠਾਂ ਬਣਕੇ ਰਹਿ ਗਏ ਆਂ!

ਜਮਨਾ ਤੋਂ ਵੀ ਅੱਥਰੂ ਤੇ ਲੇਰਾਂ ਡੱਕੀਆਂ ਨਾ ਜਾਣ, ਵਿੱਚੇ ਕਹੀ ਜਾਵੇ, ÷ਮਨ 'ਤੇ ਨਾ ਲਾ, ਮੇਰਾ ਭਰਾ। ਡਾਢਿਆਂ ਅੱਗੇ ਜ਼ੋਰ ਨਈਂ ਚੱਲਦੇ ਹੁੰਦੇ! ਤੈਨੂੰ ਯਾਦ ਏ ਜਦੋਂ ਓਸ ਕਾਲ਼ੀ-ਬੋਲ਼ੀ ਰਾਤ ਨੂੰ ਅਸੀਂ ਵੱਸਦੇ ਘਰਾਂ ਨੂੰ ਜੰਦਰੇ ਮਾਰ ਕੇ ਤੁਰੇ ਸਾਂ ਤੇ ਤੁਸੀਂ ਮਗਰ ਰਹਿ ਗਏ ਸਾਂ, ਉਸੇ ਰਾਤ ਰਾਹ 'ਚ ਅੰਮਾਂ, ਆਪਣੀ ਦਾਦੀ ਦੀ ਮੌਤ ਹੋ ਗੀ ਸੀ, ਸੰਸਕਾਰ ਵੀ ਨੀ ਕੀਤਾ ਗਿਆ, ਰੋਹੀਆਂ 'ਚ ਕਰੀਰਾਂ ਦੇ ਓਲ੍ਹੇ ਚਾਦਰ ਉੱਤੇ ਪਾ ਕੇ ਅੱਗੇ ਤੁਰ ਪਏ ਸਾਂ, ਪਤਾ ਨਈਂ ਕੀ ਹੋਇਆ ਓਵੇਗਾ ਮਗਰੋਂ। ਕਈ ਦਿਨ ਭੁੱਖਣ-ਭਾਣੇ, ਧਿਆਏ ਦਿਨ ਵੇਲ਼ੇ ਕਮਾਦਾਂ 'ਚ ਲੁਕਦੇ ਤੇ ਰਾਤ ਵੇਲ਼ੇ ਤੁਰਦੇ ਅੰਤ ਸਹੀ-ਸਲਾਮਤ ਅੰਬਰਸਰ ਪਹੁੰਚੇ ਸਾਂ! ਅੰਮਾਂ ਕਿੰਨੀ ਹੱਥਾਂ ਦੀ ਦਾਨੀ ਤੇ ਸੱਤ ਬੇਗਾਨੇ ਨਾਲ਼ ਵੀ ਦ੍ਵੈਤ ਨਾ ਕਰਨ ਵਾਲ਼ੀ ਬੁੜ੍ਹੀ ਸੀ, ਪਤਾ ਨਈਂ ਉੱਪਰ ਵਾਲ਼ੇ ਨੂੰ ਕੀ ਮਨਜ਼ੂਰ ਏ! ਅਸਾਂ ਵੀ ਲੁਕ-ਲੁਕ ਕੇ ਜਾਨ ਬਚਾਈ। ਤੈਨੂੰ ਯਾਦ ਏ ਤਾਇਆ ਚੌਧਰੀ ਫ਼ਰਜੰਦ ਜੋ ਭਾਈਏ ਹੁਰਾਂ ਦਾ ਯਾਰ ਹੁੰਦਾ ਸੀ, ਉਹਨਾਂ ਨੇ ਹਵੇਲੀ 'ਚ ਲੁਕਾਕੇ ਰੱਖਿਆ। ਮਹੌਲ ਸ਼ਾਂਤ ਹੋਣ 'ਤੇ ਘਰੇ ਜਾਣ ਦਿੱਤਾ, ਰੱਬ ਸੁਰਗਾਂ 'ਚ ਵਾਸਾ ਕਰੇ।÷

ਸਾਨੂੰ ਤਾਂ ਬੱਸ, ਆਹੀ ਦੁੱਖ ਮਾਰ ਗਏ। ਤੈਨੂੰ ਯਾਦ ਏ ਨਾ ਆਪਾਂ ਨਿੱਕੇ ਹੁੰਦੇ ਦਵਾਲ਼ੀ 'ਤੇ ਲੱਛਮੀਂ ਮਾਤਾ ਦੀ ਪੂਜਾ ਕਰਦੇ ਹੁੰਦੇ ਸੀ, ਜਨਮਸ਼ਟਮੀਂ 'ਤੇ ਝਾਈ ਪੂੜੇ ਪਕਾਇਆ ਕਰਦੀ ਸੀ, ਉਹੋ ਜਹੀ ਗੱਲ ਨਈਂ ਬਣੀ ਕਦੇ ਇੰਦੋਸਤਾਨ ਆ ਕੇ ?

ਉਹ ਜਮਾਨੇ ਕਿਵੇਂ ਭੁੱਲ ਸਕਦੇ ਆ, ਹੁਣ ਆਲ਼ਿਆਂ ਨੂੰ ਏਹ ਵੀ ਕਿੱਥੇ ਪਤਾ ਹੋਣੈਂ ਸਾਡੇ ਪਿਉਆਂ ਦੇ ਸੱਤ ਹਲ਼ ਚੱਲਦੇ ਸੀ। ਜਮਨਾ, ਤੈਨੂੰ ਆਪਣਾ ਅੰਦਰਲਾ ਘਰ ਯਾਦ ਏ ?

ਕਦੇ ਉਹ ਕੰਧਾਂ-ਕੰਧੋਲ਼ੀਆਂ ਭੁੱਲਦੀਆਂ ਨੇ ਲੁਕਣ-ਮੀਟੀ ਖੇਡਦਿਆਂ ਜਿੰਨ੍ਹਾਂ ਦੇ ਓਹਲੇ ਲੁਕੇ ਹੋਈਏ! ਚਰਨੋਂ ਨੈਣ ਨਾਲ਼ ਆਪਣੀ ਬਾਹਰਲੀ ਕੰਧ ਲਿੱਪਦੀ ਮੈਂ ਪੌੜੀ ਤੋਂ ਡਿੱਗ ਪਈ ਸਾਂ, ਮਸਾਂ ਈ ਬਾਂਹ ਟੁੱਟਣੋਂ ਬਚੀ ਸੀ। ਏਧਰ ਸਾਡੀ ਗੁਆਂਢਣ ਏ ਰਾਜੋ, ਮੁਸਲਮਾਨਾਂ ਦੀ ਕੁੜੀ ਏ, ਰਜੀਆ ਨਾਂ ਸੀ, ਜਦੋਂ ਆ ਜਾਂਦੀ ਏ ਦੁੱਖੜੇ ਛੇੜ ਲੈਂਦੀ ਏ, ਫਿਰ ਜ਼ਖ਼ਮ ਰਿਸ ਪੈਂਦੇ ਨੇ।

ਤੈਨੂੰ ਯਾਦ ਹੋਣੈਂ ਤਾਏ ਦੁਰਗਾ ਦਾਸ ਦਾ ਵੱਡਾ ਮੁੰਡਾ ਰਾਮ ਦਿਆਲ, ਉਹ ਵੀ ਪਿੱਛੇ ਰਹਿਕੇ ਮੁਸਲਮਾਨ ਹੋ ਗਿਆ ਸੀ, ਮਰਨ ਕਿਨਾਰੇ ਏ, ਕਦੇ-ਕਦਾਈਂ ਹਾਲ਼-ਚਾਲ਼ ਪੁੱਛਣ ਚਲਿਆ ਜਾਂਦਾ ਆਂ। ਕਹਿੰਦਾ ਏ,' ਕੀ ਵੱਟਿਆ ਏਥੇ ਰਹਿਕੇ, ਅੱਧੇ ਰਹਿਗੇ, ਏਦੂੰ ਤਾਂ ਉਦੋਂ ਈ ਮਰ ਜਾਂਦੇ ਤੇ ਘਾਣੀ ਮੁੱਕ ਜਾਂਦੀ, ਹੁਣ ਨਾ ਮਰਿਆਂ 'ਚ ਨਾ ਜਿਊਂਦਿਆਂ 'ਚ!' ਤੇ ਗੱਲਾਂ ਕਰਦਾ ਭੁੱਬਾਂ ਮਾਰ ਰੋ ਪੈਂਦਾ ਏ। ਭਾਊ, ਛੇਕੜਲੇ ਵੇਲ਼ੇ ਬੰਦੇ ਕੋਲ਼ ਯਾਦਾਂ ਤੋਂ ਸਿਵਾ ਹੋਰ ਕੁਝ ਨਈਂ ਰਹਿ ਜਾਂਦੈ। ਮਾਪੇ ਤੇ ਨਾਲ਼ ਦੇ ਜੰਮੇ-ਜਾਏ ਯਾਦ ਆਉਂਦੇ ਆ!

ਮੁਸਲਮਾਨ ਹੋਣ ਤੇ ਤੈਨੂੰ ਮੇਰੇ ਤੋਂ ਨਫ਼ਰਤ ਜਹੀ ਤਾਂ ਨੀਂ ਹੋ ਰਈ ?

ਨਾ ਭਾਊ, ਏਹ ਤੂੰ ਕੀ ਆਖਿਆ ? ਡਾਢਿਆਂ ਅੱਗੇ ਜ਼ੋਰ ਨਈਂ ਚੱਲਦੇ ਹੁੰਦੇ! ਫੇਰ ਕੀ ਏ ਖ਼ੂਨ ਤਾਂ ਸਾਡਾ ਇੱਕ ਏ ਨਾ! ਖ਼ੂਨ ਮਾਰ ਕਰਦਾ ਹੁੰਦੈ! ਹੋਰ ਮੇਰੀ ਭਰਜਾਈ ਤੇ ਭਤੀਜੇ-ਭਤੀਜੀਆਂ ਬਾਰੇ ਦੱਸ।

ਰੱਬ ਦੀ ਬੰਦੀ ਏ ਜੇ ਮੈਂ ਅੰਦਰ ਵੜਕੇ ਕਦੇ-ਕਦਾਈਂ ਹਨੂੰਮਾਨ ਚਲੀਸਾ ਪੜ੍ਹ ਲੈਂਦਾ ਵਾਂ ਤਾਂ ਕੋਈ ਭੈੜ ਨਈਂ ਮੰਨਦੀ ਉਹ! ਦੇਸ ਰਾਜ ਤੇ ਬਲਦੇਵ ਰਾਜ ਬਾਰੇ ਦੱਸ।

ਓਧਰ ਪ੍ਰਵਾਰ ਇੱਕ-ਜੁੱਟ ਸੀ, ਬਰਕਤਾਂ ਸੀ ਸਾਂਝੇ ਘਰ 'ਚ। ਏਧਰ ਆ ਕੇ ਸਾਰੇ ਖੇਰੂੰ-ਖੇਰੂੰ ਹੋ ਗਏ, ਕੋਈ ਕਿਤੇ ਵਸ ਗਿਆ ਤੇ ਕੋਈ ਕਿਤੇ। ਕੋਈ ਕਿਸੇ ਪਿੰਡ 'ਚ ਰਹਿਣ ਲੱਗ ਪਿਆ ਤੇ ਕੋਈ ਸ਼ਹਿਰ। ਝੋਰੇ ਮਾਰ ਗਏ ਸਭ ਨੂੰ, ਸਾਰੇ ਮਰ-ਮੁੱਕ ਗਏ, ਮੈਂ ਈ ਬਚੀ ਆਂ ਸਾਰੇ ਭੈਣ-ਭਰਾਵਾਂ 'ਚੋਂ, ਨਦੀ ਕਿਨਾਰੇ ਰੁੱਖੜਾ!

ਕੱਖ ਨਾ ਰਵੇ ਕਾਫ਼ਰਾਂ ਦਾ ਜਿੰਨ੍ਹਾਂ ਕਰਕੇ ਏਹ ਸਭ ਹੋਇਐ, ਜੀਆਂ ਦੇ ਜੀਅ ਆਪਣੇ ਟੱਬਰਾਂ ਤੋਂ ਵਿੱਛੜ ਗਏ, ਜਾਨਾਂ ਗਵਾਈਆਂ, ਇੱਜਤਾਂ ਗਵਾਈਆਂ, ਬਣੇ ਬਣਾਏ ਘਰ ਪਿੱਛੇ ਛੱਡ ਕੇ ਟੱਪਰੀਵਾਸਾਂ ਵਾਂਗ ਰੁਲ਼ਣਾ ਪਿਆ। ਹਿਸਾਬ ਦੇਣਾ ਪਊ ਇੱਕ ਦਿਨ ਰੱਬ ਦੀ ਦਰਗਾਹ 'ਚ।

ਭਾਊ, ਉਹਨਾਂ ਨੇ ਕਾਹਦਾ ਸਾਭ ਦੇਣਾ, ਸਾਭ ਤਾਂ ਆਪਾਂ ਦਿੱਤੈ ਸਾਰੀ ਉਮਰ, ਮਸੂਮਾਂ, ਬਦੋਸ਼ਿਆਂ ਨੇ!÷ ਜਮਨਾ ਨੇ ਡੂੰਘਾ ਹੌਕਾ ਲਿਆ ਤੇ ਫ਼ੋਨ ਹੱਥੋਂ ਡਿੱਗ ਪਿਆ। ਅਬਦੁਲ ਰਹੀਮ ਨੇ ਬਾਰ-ਬਾਰ ਹੈਲੋ ਕਿਹਾ ਕੋਈ ਫੋਟੋ ਨਹੀਂ ਆ ਰਹੀ ਸੀ, ਅੰਤ ਕਿਸੇ ਨੇ ਫ਼ੋਨ ਚੱਕ ਕੇ ਕਿਹਾ,÷ਮਾਮਾ, ਬੀਬੀ ਨੂੰ ਕੁਝ ਹੋ ਗਿਆ ਏ ਬਾਦ 'ਚ ਗੱਲ ਕਰਦੇ ਆਂ! ਰੱਬ ਨੂੰ ਮੰਨਣ ਵਾਲ਼ਿਆਂ ਦਾ ਆਖ਼ਰੀ ਉਲ੍ਹਾਮਾ ਰੱਬ ਨੂੰ ਹੁੰਦਾ ਏ, ਹਕੂਮਤਾਂ ਅਕਸਰ ਦੋਸ਼ ਤੋਂ ਬਰੀ ਹੋ ਜਾਂਦੀਆਂ ਨੇ। ਘੰਟੇ ਕੁ ਬਾਅਦ ਜਮਨਾ ਦੇ ਹਸਪਤਾਲ ਵਿੱਚ ਪੂਰੇ ਹੋਣ ਦੀ ਖ਼ਬਰ ਜਾਣ ਕੇ ਅਬਦੁਲ ਰਹੀਮ ਬਨਾਮ ਤਿਲਕ ਰਾਜ ਦੀ ਨਿਗ੍ਹਾ ਉੱਪਰ ਅਸਮਾਨ ਵੱਲ਼ ਨੂੰ ਗਈ,÷ ਵਾਹ, ਓਏ ਡਾਢਿਆ ਰੱਬਾ, ਤੈਨੂੰ ਪਤਾ ਲੱਗਜੇ ਕੀ ਹੁੰਦੀ ਏ ਜੁਦਾਈ, ਤੇਰਾ ਵੀ ਕਦੇ ਯਾਰ ਵਿੱਛੜੇ! ਏਸ ਸਾਲ਼ੀ ਚੌਦਾਂ-ਪੰਦਰਾਂ 'ਗਸਤ ਨੇ ਇੱਕ ਵਾਰ ਉਦੋਂ ਵਿਛੋੜਿਆ ਸੀ ਤੇ ਅੱਜ ਸਦਾ ਲਈ ਵਿਛੋੜ ਧਰਿਆ ਏ! ਮੂੰਹ ਕਾਲ਼ਾ ਹੋਵੇ ਏਸ ਬਲ਼ਾ ਦਾ!

**(ਬਲਜੀਤ ਖ਼ਾਨ ਪੁੱਤਰ ਜਨਾਬ ਬਿੱਲੂ ਖ਼ਾਨ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ।)**

A-CHOICE DRIVING SCHOOL
Bay# 324, 4774 Westwinds Dr NE
Calgary Alberta T3J 0L9
Tel: 403-473-1682



# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਸਿੱਧੂ ਪਰਿਵਾਰ ਦੇ ਲੜਕੇ ਉਮਰ 33 ਸਾਲ,ਕੱਦ 5 ਫੁੱਟ 8 ਇੰਚ, ਸਟੱਡੀ ਡਿਪਲੋਮਾਂ ਮਕੈਨੀਕਲ ਇੰਜੀਨੀਅਰ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਬਿਜਨਿਸ ਹੈ। ਸੰਪਰਕ: 780 600 3600 ***203***

## ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਬਰਾੜ ਪਰਿਵਾਰ ਦੀ ਬੈਂਕ ਵਿੱਚ ਜੌਬ ਕਰਦੀ ਲੜਕੀ, ਜਨਮ 1992,ਕੱਦ 5 ਫੁੱਟ 5 ਇੰਚ, ਮਾਸਟਰ ਡਿਗਰੀ ਹੋਲਡਰ ਲਈ ਬਰਾਬਰ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਸਿਰਫ ਵਟਸਐਪ ਕਾਲ 917814432511 ***207***

## ਲੜਕੀ ਦੀ ਲੋੜ
ਜੱਟ ਸਿੱਖ ਪਰਿਵਾਰ ਦੇ ਸਪੇਨ ਵਿੱਚ ਪੱਕੇ ਤੌਰ ਤੇ ਰਹਿ ਰਹੇ ਸੋਹਣੇ ਸੁਨੱਖੇ ਲੜਕੇ ਉਮਰ 28 ਸਾਲ,ਕੱਦ 6 ਫੁੱਟ 2 ਇੰਚ,ਵਿਦਿਅਕ ਯੋਗਤਾ ਪਲੱਸ 2 ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈਟਲਡ ਹੈ । ਸੰਪਰਕ: 604 967 1374 ਜਾਂ 604 967 2682 ***202***

## ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਵੈਸ਼ਨੂੰ, ਪੜੀ ਲਿਖੀ ਲੜਕੀ ਉਮਰ 37 ਸਾਲ (ਅਨਮੈਰਿਡ) ਕੱਦ 5 ਫੁੱਟ 6 ਇੰਚ ਲਈ ਕਨੇਡਾ ਵਿੱਚ ਹੀ ਸੈਟਲਡ ਨਸ਼ਾ ਰਹਿਤਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 500 3744 ***202***

## ਲੜਕੇ ਦੀ ਲੋੜ
ਕੈਲਗਰੀ ਵਾਸੀ ਸਵਰਨਕਾਰ ਸਦਿਓੜਾ ਸਿੱਖ ਲੜਕੀ ,ਉਮਰ 23 ਸਾਲ,ਕੱਦ 5 ਫੁੱਟ 5 ਇੰਚ, ਕਨੇਡੀਅਨ ਪੀ ਆਰ,ਬੈਂਕ ਨਾਲ ਐਸੋਸੀਏਟ ਫਾਈਨੈਂਸਲ ਐਡਵਾਈਜ਼ਰ ਤੌਰ ਤੇ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਉੱਚ ਜਾਂ ਬਰਾਬਰ ਯੋਗਤਾ ਵਾਲੇ ਹੀ ਸੰਪਰਕ ਕਰਨ । ਕਾਲ: 587 583 7939 ***206***

## ਲੜਕੀ ਦੀ ਲੋੜ
ਸਰਾਂ ਪਰਿਵਾਰ ਦੇ ਪੰਜਾਬ ਰਹਿੰਦੇ ਲੜਕੇ ਉਮਰ 29 ਸਾਲ ,ਕੱਦ 6 ਫੁੱਟ, ਵਿਦਿਅਕ ਯੋਗਤਾ ਕੰਪਿਊਟਿਰ ਸਾਇੰਸ(ਬੀ ਟੈੱਕ ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 403 909 5003***206***

## ਲੜਕੇ ਦੀ ਲੋੜ
Jatt Sikh family seek a suitable match for their 5ft. 8inch / 29 years old daughter. She is a Engineering Graduate from Canadian University and working as a Professional Engineer within a reputed company. Boy should be born or raised in Canada and a well settled equally qualified Professional. Contact only Jatt Sikh families. Contact: (403) 828 7973 or acheema8811@gmail.com ***205***

## ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ,ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ,ਉਮਰ 30 ਸਾਲ, ਕੱਦ 5 ਫੁੱਟ 7 ਇੰਚ, ਨਸ਼ਾ ਰਹਿਤ, ਹਿਊਮਨ ਰਿਸੋਰਸ ਡਿਪਲੋਮਾਂ ਹੋਲਡਰ, ਪੁਲਿਸ ਵਿੱਚ ਕੰਮ ਕਰਦੇ ਲੜਕੇ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 1 204 908 0011 ਜਾਂ 1 204 421 7001 ***205***

## ਲੜਕੀ ਦੀ ਲੋੜ
ਕਨੇਡੀਅਨ ਪੀ ਆਰ,ਜੱਟ ਸਿੱਖ ਸਿੱਧੂ ਪਰਿਵਾਰ ਦੇ ਪੱਗ ਬੰਨਦੇ ਲੜਕੇ ਉਮਰ 29 ਸਾਲ,ਕੱਦ 5 ਫੁੱਟ 8 ਇੰਚ, ਡਬਲ ਐਮ ਏ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 639 883 0000 ***205***

## ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ਸਿੱਖ ਰਾਜਪੂਤ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 9 ਇੰਚ, ਕਲੀਨਸੇਵ,ਨਾਨ ਡਰਿੰਕਰ,ਨਾਨ ਵੈਜੀਟੇਰੀਅਨ, ਵਿੰਡਸਰ ਯੂਨੀਵਰਿਸਟੀ ਤੋਂ ਕੰਪਿਊਟਿਰ ਸਾਇੰਸ ਗਰੈਜੂਏਟ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ 75000 ਡਾਲਰ ਪਲੱਸ ਬੈਨੀਫਿਟ ਸਾਫਟਵੇਅਰ ਇੰਜੀਨੀਅਰ ਦੀ ਜੌਬ ਕਰ ਰਿਹਾ ਹੈ। ਲੜਕੇ ਦੇ ਪਿਤਾ ਦਾ ਆਪਣਾ ਬਿਜਨਿਸ ਹੈ। ਸੰਪਰਕ: 1 647 629 7764 ਜਾਂ ਵਟਸਐਪ: 9815012079***201***

## ਲੜਕੇ ਦੀ ਲੋੜ
ਜੱਟ ਸਿੱਖ ਘੁਮਾਣ ਪਰਿਵਾਰ ਦੀ ਲੜਕੀ 1991, ਕੱਦ 5 ਫੁੱਟ, ਵਿਦਿਅਕ ਯੋਗਤਾ: ਬੀ ਐਸ ਸੀ ਨਰਸਿੰਗ, ਬੈਚੂਲਰਜ ਇਨ ਪਬਲਿਕ ਹੈਲਥ ,ਹੁਣ ਵਰਕ ਪਰਮਿਟ ਤੇ ਕੰਮ ਕਰਦੀ ਲੜਕੀ ਲਈ ਕਨੇਡਾ ਤੋਂ ਹੀ ਬਰਾਬਰ ਦੀ ਯੋਗਤਾ ਵਾਲੇ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਵਿਜਟਿਰ ਜਾਂ ਵਰਕ ਪਰਮਿਟ ਵਾਲਾ ਵੀ ਵਿਚਾਰਨ ਯੋਗ ਹੈ। । ਵਟਸਐਪ: 9417969248 ਜਾਂ 403 690 2947 e Mail: amardhaliwalca@yahoo.ca ***205***

## ਲੜਕੀ ਦੀ ਲੋੜ
ਸਿੱਧੂ ਪਰਿਵਾਰ ਦੇ ਪਲੱਸ ਟੂ ਪਾਸ ਵਿਜਟਿਰ ਵੀਜੇ ਉੱਪਰ ਆਏ ਲੜਕੇ, ਉਮਰ 24 ਸਾਲ, ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ ਸੰਪਰਕ: 1 306 450 0239 ***204***

## ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ,ਪਨੇਸਰ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 10 ਇੰਚ, ਯੂਨੀਵਰਿਸਟੀ ਆਫ ਕੈਲਗਰੀ ਤੋਂ ਸਿਵਲ ਇੰਜੀਨੀਅਰ ਡਿਗਰੀ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਸਿਟੀ ਆਫ ਕੈਲਗਰੀ ਵਿਖੇ ਸਰਕਾਰੀ ਜੌਬ ਉੱਪਰ ਹੈ । ਸੰਪਰਕ: 403 560 0934 ***204***

## ਲੜਕੇ ਦੀ ਲੋੜ
ਕਨੇਡਾ ਵਰਕ ਪਰਮਿਟ ਉੱਪਰ ਰਹਿ ਰਹੀ ਧਾਲੀਵਾਲ ਪਰਿਵਾਰ ਦੀ ਲੜਕੀ ਉਮਰ 31 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ : Master's in Software Engineering from McGill University (Montreal) and Bachelor's in Electronics & Com। Engineering from India ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡਾ ਹੀ ਰਹਿੰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਹੁਣ ਸੌਫਟ ਇੰਜੀਨੀਅਰ ਦੇ ਤੌਰ ਤੇ ਕੰਮ ਕਰ ਰਹੀ ਹੈ। ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ: 1 778 836 3046, 1 (647) 763-4584 ***204***

## ਲੜਕੇ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਆਹਲੂਵਾਲੀਆ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਮਾਸਟਰ ਇਨ ਆਈ ਟੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ । ਲੜਕੀ ਦਾ ਵੱਡਾ ਭਰਾ ਕੈਲਗਰੀ ਪੱਕੇ ਤੌਰ ਤੇ ਸੈਟਲਡ ਹੈ। ਸੰਪਰਕ : 1 306 881 7883 ahluwalia_1986@yahoo.com ***204***

## ਲੜਕੀ ਦੀ ਲੋੜ
ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 25 ਸਾਲ, ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਵੈਸ਼ਨੂੰ ਹੈ ਅਤੇ ਉਸ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***203***

## ਲੜਕੇ ਦੀ ਲੋੜ
ਇੰਡੀਆ ਤੋਂ ਇੰਗਲੈਂਡ (ਲੰਡਨ) ਵਿੱਚ ਪੜ੍ਹਨ ਲਈ ਆਈ ਹਿੰਦੂ ਅਰੋੜਾ ਪਰਿਵਾਰ ਦੀ ਲੜਕੀ ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਮੰਗਲੀਕ ਨਹੀ ਅਤੇ ਉਸਦੀ ਉਮਰ 31 ਸਾਲ ਹੈ। ਲੜਕੀ ਦੀ ਪੜ੍ਹਾਈ ਪੂਰੀ ਹੋ ਚੁੱਕੀ ਹੈ ਅਤੇ ਹੁਣ ਵਾਪਿਸ ਜਾਕੇ ਵਿਆਹ ਇੰਡੀਆ ਵਿੱਚ ਕਰਨਾ ਹੈ। ਪਰਿਵਾਰ ਵਿੱਚ ਲੜਕੀ ਦੀ ਮਾਂ ਹੈ ਅਤੇ ਲੜਕੀ ਦਾ ਨਾਨਕਾ ਪਰਿਵਾਰ ਕਨੇਡਾ ਸੈਟਲ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ । ਵਰਕ ਪਰਮਿਟ ਉੱਪਰ ਆਏ ਲੜਕੇ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ: 780 257 2020 ***203***

## ਲੜਕੀ ਦੀ ਲੋੜ
Looking for a suitable girl for Canadian citizen Ramgharia boy, age 29 years, height - 5'9. Education - Diploma in business - finance 2 years, Red seal autobody technician 4 years. Work - autobody refinisher in an autobody Shop. Living in Canada for 10 years. Contact: 403-880-4806, 403-607-0413 ***203***

## ਲੜਕੀ ਦੀ ਲੋੜ
ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਦਿਉਲ ਪਰਿਵਾਰ ਦੇ ਲੜਕੇ ਉਮਰ 35 ਸਾਲ ,ਕੱਦ 5 ਫੁੱਟ 7 ਇੰਚ, ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਡਿਵੋਰਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 778 682 4844 ਜਾਂ 1 431 998 0513 ***201***

## ਲੜਕੀ ਦੀ ਲੋੜ
ਕੈਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਆਟੋਮੋਬਾਇਲ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:403 466 6317 ਜਾਂ 403 402 7511***201***

## ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ਬਡਵਾਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 30 ਸਾਲ, ਕੱਦ 5 ਫੁੱਟ 10 ਇੰਚ,ਵਿਦਿਅਕ ਯੋਗਤਾ : ਕੰਪਿਊਟਿਰ ਸਿਸਟਮ ਟੈਕਨੀਸ਼ਨ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 1 639 999 2726 ***201***

## ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਪੰਜਾਬ ਦੇ ਜਲੰਧਰ ਜਿਲੇ ਨਾਲ ਸਬੰਧਿਤ ਹਿੰਦੂ ਖੱਤਰੀ ਪਰਿਵਾਰ ਦੀ ਵਿਧਵਾ ਲੜਕੀ ,ਉਮਰ 34 ਸਾਲ, ਵਿਦਿਅਕ ਯੋਗਤਾ :ਸੀ ਏ , ਸੀ ਐਫ ਏ ਲੈਵਲ ਵਨ ਅਤੇ ਬੀ ਕਾਮ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਰਿਸ਼ਤਾ ਹਿੰਦੂ ਜਾਂ ਸਿੱਖ ਖੱਤਰੀ ਪਰਿਵਾਰ ਦਾ ਹੀ ਵਿਚਾਰਿਆ ਜਾਵੇਗਾ ਪਰ ਕਨੇਡੀਅਨ ਰਿਸ਼ਤੇ ਨੂੰ ਪਹਿਲ ਹੋਵੇਗੀ।ਲੜਕੀ ਕੋਲ ਇੱਕ ਬੇਟਾ ਹੈ ਜਿਸ ਦੀ ਉਮਰ 7 ਸਾਲ ਹੈ। ਸੰਪਰਕ: 587 830 6511 ਜਾਂ 919417327521 ***201***

## ਲੜਕੇ ਦੀ ਲੋੜ
Respectable well educated simple Sikh Saini family seeking a suitable match for their beautiful daughter birth 89,5'5"tall,Canadian citizen, bachelor with honours from university of Calgary and well settled in Calgary. The boy should be Canadian/ US citizen ,professionally well educated,clean shaven, good looking tall handsome with modern values. Please contact with recent picture and bio data of the boy to raminder5@hotmail.com or call 403 400 7413. ***201***

## ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 31 ਸਾਲ, ਕੱਦ 5 ਫੁੱਟ 3 ਇੰਚ,ਵਿਦਿਅਕ ਯੋਗਤਾ ਪਲੱਸ ਟੂ ਵਾਸਤੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਲੜਕਾ ਸਿਰਫ ਦੁਆਬਾ ਖੇਤਰ ਨਾਲ ਸਬੰਧਿਤ ਹੋਵੇ । ਸੰਪਰਕ:403 998 8473***203***

## ਲੜਕੇ ਦੀ ਲੋੜ
ਕਨੇਡੀਅਨ ਜੱਟ ਸਿੱਖ ਲੜਕੀ 1991/ ਕੱਦ 5 ਫੁੱਟ 2 ਇੰਚ, ਚੰਗੀ ਵਿਦਿਆ ਪ੍ਰਾਪਤ ਕਰਨ ਉਪਰੰਤ ਕੈਨੇਡਾ ਵਿੱਚ ਹੈਲਥ ਕੇਅਰ ਲੀਡਰਸਿੱਪ ਦੀ ਜੌਬ ਕਰਦੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਵਟਸਐਪ ਵੀ ਕਰ ਸਕਦੇ ਹੋ। ਸੰਪਰਕ: 1 204 894 0793

## ਲੜਕੀ ਦੀ ਲੋੜ
ਪੰਜਾਬ ਰਹਿੰਦੇ ਚੰਗੇ ਪੜੇ ਲਿਖੇ ਰਵੀਦਾਸੀਆ ਸਿੱਖ (ਮੋਹਲ) ਪਰਿਵਾਰ ਦੇ ਲੜਕੇ ਜਨਮ 1994/ ਕੱਦ 5 ਫੁੱਟ 9 ਇੰਚ, ਰੰਗ ਕਣਕਵੰਨਾ,ਵਿਦਿਅਕ ਯੋਗਤਾ : ਬੀ ਏ ਐਲ ਐਲ ਬੀ,ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਿਤਾ ਏਡੀਸੀ ਵਿਕਾਸ ਦੇ ਦਫਤਰੋਂ ਸੁਪਰਡੈਂਟ ਰਿਟਾਇਰ ਹੋਇਆ ਹੈ ਅਤੇ ਮਾਤਾ ਮੌਜਦਾ ਸਮੇ ਪੰਚਾਇਤ ਅਫਸਰ ਲੱਗੀ ਹੋਈ ਹੈ। ਲੜਕਾ ਇਸ ਵੇਲੇ ਆਪਣੀ ਪ੍ਰੈਕਟਿਸ ਕਰ ਰਿਹਾ ਹੈ । ਪੂਰਾ ਪਰਿਵਾਰ,ਸਮਾਜ ਸੇਵੀ,ਅਗਾਂਹਵਧੂ ਕਦਰਾ ਕੀਮਤਾਂ ਦਾ ਧਾਰਨੀ ਹੈ। ਪਿਛਲੇ 40 ਸਾਲਾਂ ਤੋਂ ਪਰਿਵਾਰ ਅੰਦਰ ਦਾਜ ਬੰਦ ਹੈ। ਸੰਪਰਕ: 0091 80541 16006 ***202***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

ਅੱਜ ਹੀ ਕਾਲ ਕਰੋ:
403 680 0436

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ

A1 Roofing & Siding Ltd.
• ROOFING
• SIDING
• SOFFIT
• STUCCO
• HARDIE
• FASCIA
• EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094
Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ
ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ । ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।
aerosignandprintinc@gmail.com
AERO

## ਲੜਕੇ ਦੀ ਲੋੜ
ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੁਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***210***

**Hiring !**
Daffodils Cargologistics Inc. islooking for Class 1 Drivers forlong - HaulBest pay packages upto 58 cents per mile Applicants should have minimum of 7 - 12 months driving experience Please contact with your drivinglicense and commercialdriving abstract
Email: dclogistics4@gmail.com
Phone : 204-396-1696 , 204-891-0031

**Hiring**
Hair and face art salon islooking for hairdresser (NOC CODE 6341) Applicants should have minimum of 1-2 years of experience.
Number of Vacancies :2
Wage rate: 20/hour fulltime job
Interested candidates please send your resume at email: hairandfaceart994@gmail.com

## Name Change
I, **Gurkirat Kaur,** daughter of Jagteshwar Singh, permanent resident of D 14/721 B Gali no. 3, Amarkot P.O. Khalsa College, Amritsar. PIN 143001 Punjab, India , and presently residing at 307 Rundlefield Road NE Calgary, Alberta, T1Y 2V9, Canada do hereby change my name from **Gurkirat Kaur** to **Eden Grace David**, with immediate effect.
Date: 10 Aug 2022

## ਮਿਸਰ ਦੇ ਚਰਚ ਵਿੱਚ ਭਿਆਨਕ ਅੱਗ ਲੱਗਣ ਕਾਰਨ 41 ਲੋਕਾਂ ਦੀ ਮੌਤ- ਕਈ ਜ਼ਖਮੀ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਮਿਸਰ ਦੇ ਗੀਜ਼ਾ ਸ਼ਹਿਰ ਵਿੱਚ ਬੀਤੇ ਦਿਨੀ ਇੱਕ ਚਰਚ ਵਿੱਚ ਭਿਆਨਕ ਅੱਗ ਲੱਗ ਗਈ, ਜਿਸ ਵਿੱਚ ਘੱਟੋ-ਘੱਟ 41 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਨਿਊਜ਼ ਏਜੰਸੀ ਰਾਇਟਰਜ਼ ਦੀ ਰਿਪੋਰਟ ਮੁਤਾਬਕ ਇਮਬਾਬਾ ਇਲਾਕੇ ਦੇ ਅਬੂ ਸਿਫਿਨ ਚਰਚ 'ਚ 5000 ਲੋਕ ਇਕੱਠੇ ਹੋਏ ਸਨ।ਇਸ ਦੌਰਾਨ ਸ਼ਾਰਟ ਸਰਕਟ ਕਾਰਨ ਅੱਗ ਲੱਗ ਗਈ। ਅੱਗ ਲੱਗਣ ਤੋਂ ਬਾਅਦ ਚਰਚ ਵਿੱਚ ਭਗਦੜ ਮੱਚ ਗਈ।ਰਾਸ਼ਟਰਪਤੀ ਦਫ਼ਤਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਅਬਦੇਲ ਫਤਾਹ ਅਲ-ਸੀਸੀ ਨੇ ਮ੍ਰਿਤਕਾਂ ਪ੍ਰਤੀ ਸੰਵੇਦਨਾ ਜ਼ਾਹਰ ਕਰਨ ਲਈ ਕਾਪਟਿਕ ਕ੍ਰਿਸ਼ਚੀਅਨ ਪੋਪ ਤਾਵਾਦਰੋਸ-2 ਨਾਲ ਫ਼ੋਨ 'ਤੇ ਗੱਲ ਕੀਤੀ। ਅਲ-ਸੀਸੀ ਨੇ ਫੇਸਬੁੱਕ 'ਤੇ ਵੀ ਇਸ ਦੁਰਘਟਨਾ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ।

# Painted Sky in Langdon & TELUS Partnership

**Calgary (PAB)** Qualico Communities Calgary is excited to announce a partnership TELUS to offer Internet and Optik TV in the community of Painted Sky in Langdon.

Residents in Painted Sky will benefit from the availability of state-of-the-art TELUS Optik TV and Optik internet. The 100 per cent pure fibre network is unique in its symmetrical upload and download speeds, meaning someone can easily be working from home and uploading large files while others are gaming, streaming Netflix, or surfing the web. The customizable Optik TV packages will also be available to the community, offering residents the ability to bundle their favourite streaming services together with live TV – giving them the content they want, all in one place.

"Qualico Communities is thrilled to partner with TELUS in the community of Painted Sky," says Nina Wulder, Communications and Marketing Coordinator, Qualico Communities Calgary. "Not only will this be a great deal for the residents of Painted Sky but it will be the first to have Purefibre in the community which will mean higher internet speeds for residents."

TELUS has also designed exclusive offers for home buyers in Painted Sky, providing significant savings on TELUS's best Internet, Wireless and TV products.

"TELUS and Qualico Communities Calgary share a goal to connect people and give Canadian's access to the technology and world-leading networks that improve our daily lives," said Michael LaCouvee, Interim Vice President & General Manager, National Direct to Consumer Channels at TELUS. "Residents living in the Qualico community of Painted Sky in Langdon will have access to TELUS PureFibre, Alberta's largest and only 100 per cent pure fibre-to-the-home network."

Painted Sky features three home types by Qualico exclusive builders Front Garage models starting in the mid $600's from Broadview Homes, laned models, starting in the mid $500's from NuVista Homes and Front Garage Wide Shallow Models starting in the low $600's from Sterling homes.

Painted Sky is Qualico Communities Calgary's first community in the hamlet of Langdon adding to the almost 40 previously established and current communities in the Calgary Region. Painted Sky is comprised of 266 acres and once complete with have 9 phases. The community will feature 2.8 kms of pathways, 5 park, and 4 playgrounds. This brand- new community will have all the important amenities like access to schools, daycares, medical services, parks, pathways, and retail. Residents can take pride in knowing that Qualico builds legacy communities that inspire pride, enrich lives and endure in value.

**About Qualico :** Qualico Communities has been in the home building and land development industry for 70 years and is based out of Winnipeg. Qualico has offices in Calgary, Surrey, Vancouver, Saskatoon, Regina, Fort McMurray, Edmonton, Dallas and Austin Texas. Qualico Communities is a company with philanthropic roots and supports many organizations and charities. Current active Qualico Communities include Ambleton, Redstone, Crestmont View, Hotchkiss, Harmony in Springbank, Rivercrest in Cochrane, Ravenswood in Airdrie and Dawson's Landing in Chestermere, Painted Sky in Langdon. Upcoming communities include Vermilion Hill in SW Calgary.



# ਕੈਨੇਡਾ ਦੇ ਮੂਲ ਨਿਵਾਸੀਆਂ ਦਾ ਇਤਿਹਾਸ - ਕੈਨਾਟਾ ਤੋਂ ਕੈਨੇਡਾ ਤਕ



ਜਗਦੇਵ ਸਿੱਧੂ
403 351 1136

ਕੈਨੇਡਾ ਦੇ ਮੂਲਨਿਵਾਸੀਆਂ ਦਾ ਕੋਈ ਲਿਖਿਤ ਇਤਿਹਾਸ ਨਹੀਂ ਮਿਲਦਾ। ਭਾਵੇਂ ਇਨ੍ਹਾਂ ਕਬੀਲਿਆਂ ਦੀਆਂ ਆਪੋ ਆਪਣੀਆਂ ਭਾਸ਼ਾਵਾਂ ਹਨ ਪਰ ਲਿਖਣ ਦੀ ਕਲਾ ਜਾਂ ਰਿਵਾਜ ਨਹੀਂ ਸੀ। ਇਨ੍ਹਾਂ ਦੇ ਰੀਤੀ - ਰਿਵਾਜ, ਨਾਚ- ਗਾਣੇ, ਮਿਥਿਹਾਸਕ ਬਾਤਾਂ ਵਗੈਰਾ ਇਨ੍ਹਾਂ ਦੀਆਂ ਕਹਾਣੀਆਂ ਵਿਚ ਸਾਂਭੇ ਚਲੇ ਆ ਰਹੇ ਹਨ ਜੋ ਪੀੜ੍ਹੀਓ-ਪੀੜ੍ਹੀ ਪੁਰਖਿਆਂ ਦੁਆਰਾ ਸੁਣਾਈਆਂ ਜਾਂਦੀਆਂ ਰਹੀਆਂ ਹਨ। ਕਹਿ ਸਕਦੇ ਹਾਂ ਕਿ ਇਨ੍ਹਾਂ ਕੋਲ ਜ਼ਬਾਨੀ ਇਤਿਹਾਸ ਹੈ ਜੋ ਮੰਨਣਯੋਗ ਹੈ। ਹੁਣ ਤਾਂ ਅਦਾਲਤਾਂ ਵੀ ਇਸ ਜ਼ਬਾਨੀ ਇਤਿਹਾਸ ਨੂੰ ਸਬੂਤ ਦਾ ਦਰਜਾ ਦੇ ਰਹੀਆਂ ਹਨ ਜਿਸ ਦੇ ਅਧਾਰ ਤੇ ਇਨ੍ਹਾਂ ਦੇ ਹਜ਼ਾਰਾਂ ਭੂਮੀ-ਦਾਵੇ (ਲੈਂਡ ਕਲੇਮ) ਨਿਪਟਾਏ ਜਾ ਰਹੇ ਹਨ। ਸੋ ਇਨ੍ਹਾਂ ਦੇ ਮੂਲ ਅਤੇ ਪੂਰਵ-ਇਤਿਹਾਸ ਨੂੰ ਇਨ੍ਹਾਂ ਬਾਤਾਂ-ਕਹਾਣੀਆਂ ਜਾਂ ਪੁਰਾਤੱਤਵ ਖੋਜਾਂ ਦੇ ਅਧਾਰ ਤੇ ਲਿਖਿਆ ਗਿਆ ਅਤੇ ਹੋਰ ਲਿਖਿਆ ਜਾ ਰਿਹਾ ਹੈ।

ਉੱਤਰੀ ਅਮਰੀਕਾ ਵਿਚ ਮਨੁੱਖੀ ਵਸੋਂ ਬਾਰੇ ਮੁੱਢਲਾ ਸਬੂਤ ਪੁਰਾਤੱਤਵ ਖੋਜਾਂ ਮੁਤਾਬਕ 14,000 ਸਾਲ ਪਹਿਲਾਂ ਦਾ ਮਿਲਦਾ ਹੈ। ਆਮ ਸਹਿਮਤੀ ਇਸ ਧਾਰਨਾ ਤੇ ਬਣ ਗਈ ਹੈ ਕਿ ਸਾਇਬੇਰੀਆ ਤੋਂ ਮੰਗੋਲੀਅਨ ਲੋਕਾਂ ਦੇ ਜੱਥੇ ਜਾਂ ਕਹਿ ਲਓ ਟੋਲੇ, ਬੈਰਿੰਗ ਸਟਰੇਟ ਦੇ ਰਸਤੇ ਅਲਾਸਕਾ ਪਹੁਚਦੇ ਰਹੇ ਜੋ ਮਗਰੋਂ ਸਾਰੇ ਉੱਤਰੀ ਅਮਰੀਕਾ ਅੰਦਰ ਖਿੰਡ ਗਏ। ਫੈਸਲਾਕੁਨ ਹਿਜਰਤ ਕੋਈ 12,500 ਸਾਲ ਪਹਿਲਾਂ ਹੋਣ ਦਾ ਪਤਾ ਲਗਦਾ ਹੈ। ਲਗਭਗ 10,000 ਸਾਲ ਪਹਿਲਾਂ ਬਰਫ਼ ਪਿਘਲਣ ਦਾ ਅਮਲ ਸ਼ੁਰੂ ਹੋਇਆ। ਉਸ ਦੇ ਫਲਸਰੂਪ ਪੌਣਪਾਣੀ, ਜਲ ਸਤਰ ਅਤੇ ਜੀਵ-ਜੰਤੂਆਂ ਦੀ ਹੋਂਦ ਤਕਰੀਬਨ ਹੁਣ ਵਰਗੀ ਅਨੁਕੂਲ ਹੋ ਗਈ ਸੀ। ਕਾਲ਼-ਵੰਡ ਅਨੁਸਾਰ ਵੇਰਵੇ ਇਸ ਤਰ੍ਹਾਂ ਸੰਕਲਿਤ ਕੀਤੇ ਗਏ ਹਨ - -

20,000 ਤੋਂ 10,000 ਬੀ. ਸੀ. - ਸਾਇਬੇਰੀਆ ਤੋਂ ਲੋਕ ਉੱਤਰੀ ਅਮਰੀਕਾ ਜ਼ਮੀਨੀ ਪੁਲ਼ ਬੈਰਿੰਗ ਸਟਰੇਟ ਦੇ ਰਸਤੇ ਆਏ।

7,000 ਬੀ. ਸੀ. - ਇਸ ਧਰਤੀ ਤੇ ਸਕੁਐਸ਼ (ਕੱਦੂ ਵਰਗੀ ਕਿਸਮ) ਪੈਦਾ ਹੋਣ ਲੱਗੇ।

6,500 ਬੀ. ਸੀ. - ਇਸ ਧਰਤੀ ਤੇ ਪਹਿਲਾ ਕੁੱਤਾ ਨਜ਼ਰੀਂ ਆਇਆ ਸੀ।

3,000 ਬੀ. ਸੀ. - ਬੀਜ਼ੌਨ (ਜੰਗਲੀ ਮੱਝਾਂ) ਦਾ ਸ਼ਿਕਾਰ ਆਮ ਸੀ।

2,000 ਬੀ. ਸੀ. - ਇਨੂਇਟ ਲੋਕ ਅਲਾਸਕਾ ਤੋਂ ਗਰੀਨਲੈਂਡ ਤੱਕ ਫੈਲ ਗਏ।

ਹੁਣ ਤੋਂ ਕੋਈ 1,500 ਸਾਲ ਪਹਿਲਾਂ ਇਸ ਧਰਤੀ ਉਪਰ ਮਹਾਨ ਝੀਲਾਂ (Great Lakes) ਦੇ ਖੇਤਰ ਵਿਚ ਮੱਕੀ ਦੀ ਕਾਸ਼ਤ ਦੇ ਆਸਾਰ ਮਿਲਦੇ ਹਨ। ਕੋਈ 500 ਸਾਲ ਪਹਿਲਾਂ ਤੋਂ ਲੈ ਕੇ ਫਲ਼ੀਆਂ (Beans), ਤੰਬਾਕੂ, ਸੂਰਜਮੁਖੀ ਅਤੇ ਸਕੁਐਸ਼ ਦੀ ਖੇਤੀ ਆਮ ਹੋਣ ਲੱਗ ਪਈ ਸੀ।

ਅਜੇ ਥੋੜ੍ਹਾ ਸਮਾਂ ਪਹਿਲਾਂ ਵੈਨਕੂਵਰ ਟਾਪੂ ਦੇ ਉੱਤਰੀ ਸਿਰੇ ਤੋਂ 100 ਕਿਲੋਮੀਟਰ ਉੱਤਰ ਵੱਲ ਸਥਿਤ ਕੈਲਵਰਟ ਟਾਪੂ ਉਪਰ 29 ਅਜਿਹੇ ਨਿਸ਼ਾਨ ਮਿਲੇ ਹਨ ਜਿਹੜੇ ਇੱਕ ਆਦਮੀ, ਇੱਕ ਔਰਤ ਅਤੇ ਇੱਕ ਬੱਚੇ ਦੇ ਪੈਰਾਂ ਦੇ ਲਗਦੇ ਹਨ। ਉਸ ਥਾਂ ਉੱਤੇ ਅੱਧਾ ਮੀਟਰ ਡੂੰਘੇ ਟੋਏ ਵਿੱਚੋਂ ਮਿੱਟੀ ਦੇ ਨਮੂਨੇ ਲੈ ਕੇ ਰੇਡੀਓ-ਕਾਰਬਨ-ਡੇਟਿੰਗ ਦੀ ਵਿਗਿਆਨਕ ਵਿਧੀ ਨਾਲ ਪਰਖੇ ਗਏ ਤਾਂ ਪਤਾ ਲੱਗਿਆ ਕਿ ਇਸ ਜਗ੍ਹਾ ਉੱਤੇ ਉਹ ਇਨਸਾਨ 13,000 ਸਾਲ ਪਹਿਲਾਂ ਵਿਚਰੇ ਸਨ। ਯੂਨੀਵਰਸਿਟੀ ਆਫ ਵਿਕਟੋਰੀਆ, ਹਕਾਈ ਇਨਸਟੀਚੂਟ ਅਤੇ ਹਾਇਲਸੁਕ ਤੇ ਵਿਊਕਿਨੁਕਸ ਕਬੀਲੀਆਈ ਅਥਾਰਟੀ ਦੁਆਰਾ ਸੰਯੁਕਤ ਤੌਰ ਤੇ ਕੀਤੀ ਪੁਰਾਤੱਤਵ ਖੋਜ ਅਤੇ ਸਰਵੇ ਮੁਤਾਬਕ ਇਹ ਪੈਰਾਂ ਦੇ ਨਿਸ਼ਾਨਾਂ (ਪੈੜਾਂ) ਦੀ ਲੱਭਤ ਉਨ੍ਹਾਂ ਨਾਟਕੀ ਖੋਜਾਂ ਦੀ ਲੜੀ ਦੀਆਂ ਤਾਜ਼ਾ ਲੱਭਤਾਂ ਹਨ ਜਿਨ੍ਹਾਂ ਮੁਤਾਬਕ ਬ੍ਰਿਟਿਸ਼ ਕੋਲੰਬੀਆ ਦੇ ਤਟ ਉਪਰ ਲੋਕਾਂ ਦੀ ਹੋਂਦ ਉਸ ਸਮੇਂ ਨਾਲੋਂ ਵੀ ਪਹਿਲਾਂ ਹੈ ਸੀ, ਜਿਸ ਸਮੇਂ ਤੋਂ ਇਸ ਬਾਰੇ ਕਿਆਸ ਲਾਏ ਗਏ ਸਨ।



ਇਨ੍ਹਾਂ ਕਲੋਵਿਸ ਲੋਕਾਂ ਬਾਰੇ ਮੰਨਿਆਂ ਜਾਂਦਾ ਹੈ ਕਿ ਉਹ ਉਸ ਉੱਘੜ-ਦੁੱਘੜੀ ਟੋਲੀ ਵਿੱਚੋਂ ਸਨ ਜਿਹੜੇ ਡੁੱਬੇ ਹੋਏ ਬੈਰਿੰਗ ਨਾਂ ਦੇ ਜ਼ਮੀਨੀ ਟੁਕੜੇ ਦੇ ਪੁਲ ਰਾਹੀਂ ਲੰਘ ਕੇ ਉਸ ਧਰਤੀ ਤੇ ਆਏ ਸਨ, ਜਿਸ ਨੂੰ ਹੁਣ ਅਲਾਸਕਾ ਕਿਹਾ ਜਾਂਦਾ ਹੈ। ਉੱਥੋਂ ਹੌਲ਼ੀ-ਹੌਲ਼ੀ ਵਿਚਰਦੇ ਹੋਏ, ਦੱਖਣ ਵੱਲ ਚਲਦੇ ਹੋਏ ਕੋਰਡੀਲੀਆ ਅਤੇ ਲਾਰੈਂਟਾਈਡ ਦੀਆਂ ਬਰਫੀਲੀਆਂ ਤਹਿਆਂ ਦਰਮਿਆਨ ਪਲਾਈਸਟੋਸੀਨ ਲਾਂਘੇ ਵਿਚ ਦੀ ਉਸ ਥਾਂ ਪਹੁੰਚ ਗਏ ਜੋ ਬਰਫ ਪਿਘਲਣ ਮਗਰੋਂ ਉਹ ਇਲਾਕਾ ਬਣ ਗਿਆ, ਜਿਸ ਨੂੰ ਅੱਜ ਕੱਲ੍ਹ ਅਲਬਰਟਾ ਪ੍ਰਾਂਤ (Province) ਦਾ ਨਾਂ ਦਿੱਤਾ ਗਿਆ ਹੈ। ਇਹ ਅੱਜ ਤੋਂ ਕੋਈ 12,000 ਸਾਲ ਪਹਿਲਾਂ ਦੀ ਘਟਨਾ ਹੈ। ਅਸੀਂ ਸੁਣਦੇ ਆਏ ਹਾਂ ਕਿਸੇ ਜਵਾਈ ਨੇ ਸੱਸ ਨੂੰ ਕਿਹਾ ਸੀ ਕਿ ਅਜੇ ਤਾਂ ਉਦੋਂ ਪਤਾ ਲੱਗੂ ਜਦੋਂ ਖੀਰ ਨੂੰ ਤਸਮਈ ਆਖਿਆ। ਹੁਣ ਕੁਛ ਵਰ੍ਹਿਆਂ ਤੋਂ ਕੀਤੀਆਂ ਜਾ ਰਹੀਆਂ ਪੁਰਾਤੱਤਵੀ (Archeological) ਖੋਜਾਂ ਅਤੇ ਡੀ. ਐਨ. ਏ. ਤੇ ਆਧਾਰਿਤ ਖੋਜਾਂ ਅਤੇ ਕਾਢਾਂ ਇਸ ਵਰਤਾਰੇ ਉਪਰ ਹੈਰਾਨਕੁਨ ਨਵੀਂ ਰੌਸ਼ਨੀ ਪਾਉਂਦੀਆਂ ਹਨ। ਇਨ੍ਹਾਂ ਮੁਤਾਬਕ ਕੋਈ 25,000 ਸਾਲ ਪਹਿਲਾਂ ਸਾਇਬੇਰੀਆ ਵਿਚਲੀ ਬੈਕਾਲ ਝੀਲ (ਬੈਕਾਲ ਲੇਕ) ਦੇ ਇਰਦ-ਗਿਰਦ ਤੋਂ ਸ਼ੁਰੂ ਹੋਈ ਹਿਜਰਤਾਂ ਦੀ ਵੱਖਰੀ ਤਰ੍ਹਾਂ ਦੀ ਲੜੀ ਦਾ ਪਤਾ ਲਗਦਾ ਹੈ। ਹੋ ਸਕਦਾ ਹੈ ਕਿ ਉਸ ਥਾਂ ਤੋਂ ਉੱਤਰੀ ਅਮਰੀਕਾ ਤੇ ਆਉਣ ਵਾਲੇ ਲੋਕ ਅਨੇਕਾਂ ਸਮਿਆਂ ਅਤੇ ਅਨੇਕਾਂ ਜੱਥਿਆਂ ਜਾਂ ਟੋਲਿਆਂ ਦੇ ਰੂਪ ਵਿਚ ਆਉਂਦੇ ਰਹੇ ਹੋਣ। ਹੁਣ ਤਾਂ ਇਸ ਤਰ੍ਹਾਂ ਦੀ ਕਹਾਣੀ ਦੇ ਵਾਧੂ ਸਬੂਤ ਮਿਲਦੇ ਹਨ ਕਿ ਕਲੋਵਿਸ ਲੋਕਾਂ ਤੋਂ ਵੀ ਪਹਿਲਾਂ ਬ੍ਰਿਟਿਸ਼ ਕੋਲੰਬੀਆ ਦੇ ਤਟਾਂ, ਟਾਪੀਆਂ ਅਤੇ ਖਾੜੀਆਂ ਆਦਿ ਉਪਰ ਸਮੁੰਦਰੀ ਜੀਵਾਂ ਦੇ ਸ਼ਿਕਾਰੀ ਲੋਕ ਪੈਸਿਫਿਕ ਦੇ ਕੰਢਿਆਂ ਤੇ ਘੁੰਮਦੇ ਰਹਿੰਦੇ ਸਨ। ਉਹ ਲੋਕ ਸਮੁੰਦਰੀ ਤਟਾਂ ਵਾਲਾ ਸਭਿਆਚਾਰ (ਕਲਚਰ) ਅਪਣਾ ਕੇ ਪੂਰੀ ਤਰ੍ਹਾਂ ਇਸ ਧਰਤੀ ਤੇ ਆਬਾਦ ਹੋ ਚੁੱਕੇ ਸਨ।ਅਜੋਕੇ ਵਿਗਿਆਨ ਨੇ ਤਾਂ ਤਟੀ (Coastal) ਮੂਲਨਿਵਾਸੀਆਂ ਦੀਆਂ ਉਨ੍ਹਾਂ ਕਹਾਣੀਆਂ ਨਾਲ ਸਹਿਮਤੀ ਜੁਟਾਈ ਹੈ ਜਿਨ੍ਹਾਂ ਜ਼ਬਾਨੀ ਰਵਾਇਤਾਂ ਦਾ ਵਰਨਣ ਉਨ੍ਹਾਂ ਦੀਆਂ ਉੱਤਰ ਪਲਾਈਸਟੋਸੀਨ ਲੈਂਡਸਕੇਪ ਬਾਰੇ ਚਲੀਆਂ ਆ ਰਹੀਆਂ ਬਾਤਾਂ ਵਿਚ ਮਿਲਦਾ ਹੈ। ਸੰਨ 2016 ਵਿਚ ਕੈਲਵਰਟ ਟਾਪੂ ਦੇ ਨੇੜੇ ਟ੍ਰੀਕੁਐਟ ਟਾਪੂ ਉੱਤੇ ਵਿਕਟੋਰੀਆ ਯੂਨੀਵਰਸਿਟੀ ਅਤੇ ਹਾਕਾਈ ਸੰਸਥਾਨ ( Hakai Institute ) ਦੇ ਪੁਰਾਤੱਤਵ ਵਿਗਿਆਨੀਆਂ ਨੇ ਹੈਲਸੁਕ ( Heiltsuk ) ਖੋਜੀਆਂ ਨਾਲ ਮਿਲ ਕੇ ਇੱਕ ਅਜੇਹੇ ਪਿੰਡ ਦੇ ਥੇਹ ਦਾ ਪਤਾ ਲਾ ਲਿਆ ਜਿਹੜਾ ਲਗਭਗ 14,000 ਸਾਲ ਪੁਰਾਣਾ ਹੈ। ਜੇ ਹੈਲਸੁਕ ਲੋਕਾਂ ਦੀ ਉਨ੍ਹਾਂ ਦੇ ਮੁੱਢ ਬਾਰੇ ਧਾਰਨਾ ਸੁਣੋ ਤਾਂ ਇਹ ਪਿੰਡ ਬਿਲਕੁਲ ਉਸੇ ਥਾਂ ਤੇ ਸੀ ਜਿੱਥੇ ਉਹ ਦਸਦੇ ਹਨ। 1910 ਵਿਚ ਅਮਰੀਕਨ ਮਾਨਵ-ਵਿਗਿਆਨੀ ਲਿਵਿੰਗਸਟਨ ਫਰਾਂਡ ਨੇ ਜਾਣਿਆ ਕਿ ਨੂਲਾਵਿਕਸ ਹਾਈਲਸੁਕ (Nulawitxv Heiltsuk ) ਵਿਚਲੇ ਕਿੱਲਰ ਵ੍ਹੇਲ (Killer Whale ) ਕਬੀਲੇ ਦੇ ਲੋਕੀ ਆਪਣੀ ਮੁੱਢ-ਕਦੀਮੀ ਪਹਿਲੀ ਪੀੜ੍ਹੀ ਅਤੇ ਆਪਣੀ ਧਰਤੀ ਦੇ ਮੁੱਢਲੇ ਸਰੂਪ ਬਾਰੇ ਬਾਤਾਂ ਵਿਚ ਇਉਂ ਦਸਦੇ ਹਨ -- ਆਦਿ ਵਿਚ ਪਾਣੀ, ਬਰਫ਼ ਅਤੇ ਕੰਢੇ (ਤਟ) ਦੀ ਪਤਲੀ ਧਾਰੀ ਤੋਂ ਬਿਨਾ ਹੋਰ ਕੁੱਝ ਵੀ ਨਹੀਂ ਸੀ ਹੁੰਦਾ। ਟ੍ਰੀਕੁਐਟ ਟਾਪੂ ਉਸ ਥਾਂ ਤੇ ਹੈ ਜਿੱਥੇ ਉਨ੍ਹਾਂ ਮੁਤਾਬਕ ਜ਼ਮੀਨੀ ਧਾਰੀ ਬਰਫ਼ - ਰਹਿਤ ਸੀ। ਹਾਈਲਸੁਕ ਦੇ ਬੁਲਾਰੇ ਵਿਲੀਅਮ ਹਾਉਸਟੀ ਦਾ ਕਹਿਣਾ ਹੈ ਕਿ ਇਹ ਉਹ ਜਗ੍ਹਾ ਸੀ ਜਿਹੜੀ ਕਦੇ ਵੀ ਨਹੀਂ ਸੀ ਜੰਮਦੀ, ਬਰਫ਼-ਯੁਗ (Ice Age ) ਵਿਚ ਵੀ ਨਹੀਂ। ਇਹ ਉਹੀ ਜਗ੍ਹਾ ਸੀ ਜਿੱਥੇ ਸਾਡੇ ਪੁਰਖੇ ਬਚਣ ਲਈ ਇਕੱਠੇ ਹੋ ਜਾਇਆ ਕਰਦੇ ਸਨ । ਹਾਈਲਸੁਕ ਅਤੇ ਵੂਕੀਨੁਕਸ ਇਲਾਕਿਆਂ ਦੇ ਦੱਖਣ ਵੱਲ ਪਲਾਈਸਟੋਸੀਨ ਬਰਫ਼ ਦੀਆਂ ਤਹਿਆਂ ਪਿਘਲਣ ਨਾਲ ਹੋਈ ਉਥਲ-ਪੁਥਲ ਬਾਰੇ ਕਵਾਗੀਵਲਥ ( ) ਭਾਈਚਾਰੇ ਦੀਆਂ ਜ਼ਬਾਨੀ ਰਵਾਇਤਾਂ ਵਿਚਲੀਆਂ ਮਹਾਨ-ਹੜ੍ਹ (Great Flood ) ਦੀਆਂ ਕਹਾਣੀਆਂ ਵਿਚ ਉਹੀ ਵੇਰਵਾ ਮਿਲਦਾ ਹੈ ਜਿਹੜਾ ਭੂਗੋਲਿਕ ਸਰਵੇਖਣਾਂ ਨਾਲ ਮੇਲ ਖਾਂਦਾ ਹੈ। ਇਸ ਤੋਂ ਪਰ੍ਹੇ ਉੱਤਰ ਵੱਲ ਹਾਇਦਾ ਜ਼ਬਾਨੀ ਰਵਾਇਤ ਸਿਰਜਣਾ-ਕਾਲ਼ ਬਾਰੇ ਜੋ ਦਸਦੀ ਹੈ, ਉਹ ਵੀ ਆਧੁਨਿਕ ਵਿਗਿਆਨ ਦੇ ਅਨੁਕੂਲ ਹੈ। ਹਾਇਦਾ ਗਵਾਈ ਦੇ ਟਾਪੂਆਂ ਤੋਂ ਲੈ ਕੇ ਮੁੱਖ ਧਰਤੀ ਤੱਕ ਫੈਲਿਆ ਹੋਇਆ ਦਲਦਲੀ ਮੈਦਾਨ ਹੈ। ਹਾਇਦਾ ਵਾਲ਼ੇ ਬੜਾ ਪਹਿਲਾਂ ਤੋਂ ਇਹੋ ਕਹਿੰਦੇ ਆਏ ਹਨ ਕਿ ਉਹ ਇਨ੍ਹਾਂ ਟਾਪੂਆਂ ਵਿਚ ਬਰਫ਼-ਯੁਗ ਦੇ ਖ਼ਤਮ ਹੋਣ ਤੋਂ ਵੀ ਪਹਿਲਾਂ ਦੇ ਸਮੇਂ ਤੋਂ ਇੱਥੇ ਰਹਿੰਦੇ ਆ ਰਹੇ ਸਨ।

ਸੰਨ 1990 ਵਿਚ ਵਾਸ਼ਿੰਗਟਨ ਸਟੇਟ ਵਿਖੇ ਕੈਨੇਵਿਕ ਨਾਂ ਦਾ ਮਨੁੱਖੀ ਪਿੰਜਰ ਲੱਭਿਆ। ਇਸ ਨੂੰ ਪਰਖਣ ਤੋਂ ਪਤਾ ਲੱਗਿਆ ਕਿ ਇਹ ਪਿੰਜਰ 40 ਸਾਲ ਦੇ ਆਦਮੀ ਦਾ ਹੈ ਜਿਹੜਾ 9000 ਸਾਲ ਪਹਿਲਾਂ ਦਫ਼ਨਾਇਆ ਗਿਆ ਸੀ। ਇਸ ਦੇ ਡੀ. ਐਨ. ਏ. ਪ੍ਰੀਖਣ ਤੋਂ ਜਾਪਦਾ ਹੈ ਕਿ ਇਹ ਆਦਮੀ ਉਨ੍ਹਾਂ ਲੋਕਾਂ ਵਿੱਚੋਂ ਹੈ ਜਿਹੜੇ ਜਾਪਾਨ ਦੇ ਜੋਮੋਨ ਲੋਕ ਤਟੀ ਰਸਤੇ ਰਾਹੀਂ ਉੱਤਰੀ ਅਮਰੀਕਾ ਵਿਚ ਦਾਖਲ ਹੋਏ ਸਨ। ਉਹ ਜੀਨ-ਵਿਗਿਆਨ (ਜੈਨੇਟਿਕਸ) ਮੁਤਾਬਕ ਕੋਲੰਬੀਆ ਦਰਿਆ ਦੇ ਕਬੀਲਿਆਂ ਨਾਲ ਵੀ ਸੰਬੰਧਤ ਲਗਦਾ ਹੈ। ਇਸ ਪਿੰਜਰ ਨੂੰ 21 ਸਾਲ ਤੱਕ ਨਿਰਖਣ, ਪਰਖਣ, ਜਾਚਣ ਤੇ ਵਿਸ਼ਲੇਸ਼ਣ ਕਰਨ ਉਪ੍ਰੰਤ ਫ਼ਰਵਰੀ 2017 ਵਿਚ ਉਮਾਟਿੱਲਾ ਕਬੀਲੇ ਦੇ ਸਪੁਰਦ ਕਰ ਦਿੱਤਾ ਗਿਆ। ਉਸ ਪ੍ਰਾਚੀਨ ਆਦਮੀ ਦੇ ਪਿੰਜਰ ਰੂਪੀ ਕਲਬੂਤ ਨੂੰ ਕੋਲੰਬੀਆ ਪਠਾਰ ਦੇ ਰੇਗਿਸਤਾਨੀ ਇਲਾਕੇ ਦੀ ਕਿਸੇ ਅਣ-ਦੱਸੀ ਥਾਂ ਤੇ ਇੱਕ ਸਾਦੇ ਸਮਾਰੋਹ ਦੌਰਾਨ ਤਕਰੀਬਨ 200 ਲੋਕਾਂ ਦੀ ਹਾਜ਼ਰੀ ਵਿਚ ਮੁੜ ਦਫ਼ਨ ਕੀਤਾ ਗਿਆ। ਇਉਂ ਕਹਿ ਸਕਦੇ ਹਾਂ ਕਿ ਵਿਗਿਆਨ ਅਤੇ ਮੂਲਨਿਵਾਸੀਆਂ ਦੇ ਗਿਆਨ ਦੇ ਸੁਮੇਲ ਤੋਂ ਕਾਰਗਰ ਪੱਕੇ ਨਤੀਜੇ ਨਿਕਲ ਰਹੇ ਹਨ। ਹੁਣ ਕੈਨੇਡਾ ਦੇ ਮੂਲਨਿਵਾਸੀਆਂ ਦੇ ਇਸ ਵਿਚਾਰ ਤੇ ਯਕੀਨ ਕਰਨ ਵਿਚ ਬਹੁਤੀ ਹਿਚਕਚਾਹਟ ਕਰਨੀ ਵਾਜਬ ਨਹੀਂ ਲਗਦੀ , ਜਦੋਂ ਉਹ ਦਸਦੇ ਹਨ ਕਿ ਉਹ ਇੱਥੇ ਆਦਿ ਕਾਲ਼ ਤੋਂ ਰਹਿ ਰਹੇ ਹਨ, ਉਦੋਂ ਤੋਂ ਜਦੋਂ ਤੋਂ ਦੁਨੀਆਂ ਹੋਂਦ ਵਿਚ ਆਈ ਸੀ। ਇਨ੍ਹਾਂ ਦੇ ਕਬੀਲੇ ਮਿਕਮੈਕ ਦੀ ਇੱਕ ਲੋਕ-ਅਖਾਣ ਇਉਂ ਹੈ - ਵਿਗਵੈਮ (ਨੇਟਿਵ ਲੋਕਾਂ ਦਾ ਲੰਮਾ ਝੁੱਗੀ-ਨੁਮਾ ਅਰਧ ਚੰਦਰਮਾ ਵਰਗਾ ਘਰ) ਅੰਦਰਲੇ ਆਦਮੀ ਨੇ ਕਿਹਾ, ਮੈਂ ਏਥੇ ਓਦੋਂ ਤੋਂ ਰਹਿ ਰਿਹਾ ਹਾਂ ਜਦੋਂ ਤੋਂ ਦੁਨੀਆਂ ਦਾ ਆਰੰਭ ਹੋਇਆ। ਮੇਰੇ ਨਾਲ ਮੇਰੀ ਦਾਦੀ ਹੈ ਜਿਹੜੀ ਏਥੇ ਓਦੋਂ ਵੀ ਸੀ ਜਦੋਂ ਦੁਨੀਆਂ ਹੋਂਦ ਵਿਚ ਆਈ।▼ਅੱਜ ਤੋਂ 1,050 ਸਾਲ ਪਹਿਲਾਂ ਹੁਣ ਵਾਲੇ ਕੈਨੇਡਾ ਦੀ ਧਰਤੀ ਉਪਰ ਮੁੱਖ ਤੌਰ ਤੇ ਮੂਲਨਿਵਾਸੀਆਂ ਦੇ ਛੇ ਖੇਤਰੀ ਸਭਿਆਚਾਰਕ ਗ੍ਰੋਹ ਵਿਚਰਦੇ ਸਨ ਜਿਨ੍ਹਾਂ ਦੀਆਂ 12 ਭਾਸ਼ਾਈ ਸ਼੍ਰੇਣੀਆਂ ਸਨ ਅਤੇ 50 ਤੋਂ ਵੱਧ ਵੱਖੋ ਵੱਖਰੀ ਪਛਾਣ ਦੀਆਂ ਬੋਲੀਆਂ ਸਨ। ਸੰਨ 993 ਤੋਂ 1000 ਦਰਮਿਆਨ ਨਾਰਵੇ ਤੋਂ ਲੀਫ ਐਰਿਕਸਨ ਇਸ ਧਰਤੀ ਤੇ ਪਹੁਚਿਆ। ਉਸ ਨੂੰ ਲੱਕੀ (ਭਾਗਸ਼ਾਲੀ) ਐਰਿਕਸਨ ਵੀ ਕਿਹਾ ਜਾਂਦਾ ਹੈ। ਉਸ ਦੇ ਪਿਤਾ ਨੂੰ ਲਾਲ ਐਰਿਕਸਨ ਕਹਿੰਦੇ ਸਨ ਜੋ ਨਾਰਵੇ ਦਾ ਕਾਤਲ ਬਨਵਾਸੀ ਸੀ। ਐਰਿਕਸਨ ਗ੍ਰੀਨਲੈਂਡ ਤੋਂ ਹੁੰਦਾ ਹੋਇਆ ਆਰਕਟਿਕ, ਹੈਲੂਲੈਂਡ, ਮਾਰਕਲੈਂਡ ਅਤੇ ਵਾਈਨਲੈਂਡ ਤੱਕ ਪਹੁੰਚਿਆ। ਉਹ ਆਪਣੇ ਨਾਲ ਲੋਹੇ ਦੇ ਕੁਹਾੜੇ, ਤਲਵਾਰਾਂ, ਚਾਕੂ ਅਤੇ ਸ਼ਾਨਦਾਰ ਕਿਸ਼ਤੀਆਂ ਲੈ ਕੇ ਆਇਆ, ਕੁਛ ਪਸ਼ੂ ਜਿਵੇਂ ਗਊਆਂ, ਬੱਕਰੀਆਂ, ਭੇਡਾਂ ਵੀ, ਨਾਲ ਹੀ ਕੁਛ ਬੀਜ ਵੀ। ਉਨ੍ਹਾਂ ਨੌਰਸਿਆਂ (ਨਾਰਵੇ ਵਾਸੀਆਂ) ਨੇ ਇੱਥੋਂ ਦੇ ਮੂਲਨਿਵਾਸੀਆਂ ਨੂੰ ਖੇਤੀ ਕਰਨ ਦੇ ਢੰਗ ਵੀ ਦੱਸੇ। ਇਸੇ ਸਮੇਂ ਨਿਊ ਬ੍ਰੁੰਜ਼ਵਿਕ ਦੇ ਤਟੀ ਕਿਨਾਰੇ ਤੇ ਕਿਸੇ ਥਾਂ ਪਹਿਲੇ ਯੂਰਪਅਨ ਬੱਚੇ ਦਾ ਜਨਮ ਹੋਇਆ ਦੱਸਿਆ ਜਾਂਦਾ ਹੈ। ਉਸ ਬੱਚੇ ਦਾ ਨਾਂ ਸਨੌਰੀ ਰੱਖਿਆ ਗਿਆ ਸੀ। ਇਨ੍ਹਾਂ ਨੌਰਸਿਆਂ ਨਾਲ ਇੱਥੋਂ ਦੇ ਮੂਲ ਨਿਵਾਸੀਆਂ ਦੀਆਂ ਝੜਪਾਂ ਵੀ ਹੋਈਆਂ ਜਿਸ ਕਰ ਕੇ ਉਨ੍ਹਾਂ ਨੂੰ ਵਾਪਸ ਪਰਤਣਾ ਪਿਆ। 1450 ਵਿਚ ਆਖ਼ਰੀ ਬੱਕਰੀ ਦੀ ਮੌਤ ਹੋ ਗਈ। ਫੇਰ 1500 ਦੇ ਨੇੜੇ ਤੇੜੇ ਪੁਰਤਗਾਲੀ ਲੈਬਰੇਡੋਰ ਤੱਕ ਆਏ।ਮੁੱਢ ਤੋਂ ਹੀ ਧਰਤੀ ਇਨ੍ਹਾਂ ਲੋਕਾਂ ਦੇ ਸਭਿਆਚਾਰ ਦਾ ਮੂਲ ਤੱਤ ਰਿਹਾ ਹੈ। ਉਹ ਵੀ ਸਾਡੇ ਵਾਂਗ ਧਰਤੀ ਨੂੰ ਮਾਂ ਮੰਨਦੇ ਹਨ। ਬਲਕਿ ਧਰਤੀ ਨੂੰ ਸਮਸਤ ਜੀਵ-ਜੰਤੂਆਂ, ਪਸ਼ੂਆਂ, ਪੰਛੀਆਂ,ਪਹਾੜਾਂ, ਦਰਿਆਵਾਂ, ਬਨਾਸਪਤੀ ਆਦਿ ਦੀ ਮਾਂ ਮੰਨਦੇ ਹਨ। ਉਨ੍ਹਾਂ ਵਾਸਤੇ ਧਰਤੀ ਦਾ ਅਰਥ ਹੈ ਬੋਲੀ, ਕਹਾਣੀਆਂ ਅਤੇ ਲੋਕਾਂ ਦਾ ਇਤਿਹਾਸ। ਇਹ ਉਨ੍ਹਾਂ ਨੂੰ ਪਾਣੀ, ਆਸਰਾ ਅਤੇ ਖ਼ੁਰਾਕ ਦਿੰਦੀ ਹੈ। ਇਹ ਉਨ੍ਹਾਂ ਦੇ ਸਮਾਰੋਹਾਂ, ਨਾਚਾਂ ਅਤੇ ਗੀਤਾਂ ਵਿਚ ਸ਼ਾਮਲ ਹੁੰਦੀ ਹੈ। ਇਹ ਉਨ੍ਹਾਂ ਦਾ ਵਸੇਬਾ ਹੈ, ਘਰ ਹੈ। ਆਕਾਸ਼ ਨੂੰ ਪਿਤਾ ਸਮਝਦੇ ਸਨ। ਇਨ੍ਹਾਂ ਲੋਕਾਂ ਦਾ ਜੀਵਨ-ਢੰਗ ਵੱਖਰਾ ਸੀ ਪਰ ਘਟੀਆ ਨਹੀਂ ਸੀ। ਵਾਤਾਵਰਣ ਬਾਰੇ ਉਨ੍ਹਾਂ ਦੀ ਪਹੁੰਚ ਕਿਤੇ ਬੇਹਤਰ ਸੀ। ਅੱਜ ਵਰਤੀਆਂ ਜਾਣ ਵਾਲੀਆਂ ਕੋਈ 200 ਦਵਾਈਆਂ ਇਨ੍ਹਾਂ ਨੇ ਲੱਭ ਲਈਆਂ ਸਨ ਜਿਵੇਂ ਕੁਨੀਨ, ਨੋਵੋਕੇਨ, ਕੁਰੇਅਰ, ਇਪਾਕਕ ਵਗੈਰਾ। ਇਨ੍ਹਾਂ ਦੇ ਆਪਸੀ ਝਗੜਿਆਂ ਦਾ ਹੱਲ ਵਿਚੋਲਗੀ ਰਾਹੀਂ ਹੋ ਜਾਂਦਾ ਸੀ, ਸਜ਼ਾ ਨਾਲ ਨਹੀਂ। ਜਾਇਦਾਦ ਦੀ ਮਾਲਕੀ ਦਾ ਹੱਕ ਕਿਸੇ ਵਿਸ਼ੇਸ਼ ਵਿਅਕਤੀ ਕੋਲ ਨਹੀਂ ਹੁੰਦਾ ਸੀ, ਬਲਕਿ ਜਾਇਦਾਦ ਸਾਰੇ ਸਮਾਜ ਜਾਂ ਭਾਈਚਾਰੇ ਜਾਂ ਕਬੀਲੇ ਦੀ ਸਾਂਝੀ ਮਲਕੀਅਤ ਹੁੰਦੀ ਸੀ। ਔਰਤਾਂ ਦੀ ਸੁੰਦਰਤਾ ਬਾਰੇ ਕਿਸੇ ਨੇ ਲਿਖਿਆ ਸੀ ਕਿ ਉਨ੍ਹਾਂ ਦੇ ਚਿਹਰੇ ਦਗਦੇ ਹੁੰਦੇ ਸਨ, ਦੰਦ ਮੋਤੀਆਂ ਵਰਗੇ ਸਨ, ਉਨ੍ਹਾਂ ਦੀਆਂ ਆਦਤਾਂ ਬਹੁਤ ਵਧੀਆ ਸਨ, ਪਤਲੇ ਚਿਹਨ-ਚਕਰ, ਚਮਕਦਾਰ ਗਿੱਟੇ ਸਨ। ਇਹ ਔਰਤਾਂ ਧਾਰਮਿਕ ਬਿਰਤੀ ਦੀਆਂ ਅਤੇ ਪਵਿੱਤਰ ਸਨ। ਇਨ੍ਹਾਂ ਲੋਕਾਂ ਬਾਰੇ ਕ੍ਰਿਸਟੋਫ਼ਰ ਕੋਲੰਬਸ ਨੇ ਸਪੇਨ ਦੇ ਬਾਦਸ਼ਾਹ ਨੂੰ ਇਉਂ ਦੱਸਿਆ ਸੀ - ਇਹ ਲੋਕ ਏਨੇ ਸਹਿਜ ਸੁਭਾਅ ਵਾਲੇ, ਏਨੇ ਸ਼ਾਂਤੀ-ਪਸੰਦ ਹਨ ਕਿ ਮੈਂ ਜਨਾਬ ਨੂੰ ਸਹੁੰ ਖਾ ਕੇ ਕਹਿੰਦਾ ਹਾਂ ਕਿ ਦੁਨੀਆਂ ਵਿਚ ਇਨ੍ਹਾਂ ਤੋਂ ਬੇਹਤਰ ਕੋਈ ਕੌਮ ਨਹੀਂ। ਇਹ ਵੱਖਰੀ ਗੱਲ ਹੈ ਕਿ ਉਸੇ ਕੋਲੰਬਸ ਨੇ ਇਨ੍ਹਾਂ ਨੇਕ ਲੋਕਾਂ ਤੇ ਕਹਿਰ ਢਾਇਆ ਸੀ। ਸੈਂਕੜਿਆਂ ਦੀ ਗਿਣਤੀ ਵਿਚ ਮਾਰਿਆ ਤੇ ਗ਼ੁਲਾਮ ਬਣਾਇਆ ਸੀ। ਹਾਈਲਸੁਕ ਚੀਫ਼ ਕਾਊਂਸਲਰ ਮੈਰੀਲਿਨ ਸਲੈੱਟ ਦਾ ਮੰਨਣਾ ਹੈ ਕਿ ਸਾਡੀ ਸਰਕਾਰ 700 ਪੀੜ੍ਹੀਆਂ ਤੋਂ ਚੱਲ ਰਹੀ ਹੈ। ਅਸੀਂ ਅਦੁਤੀ ਲੋਕ ਹਾਂ ਅਤੇ ਸਾਡਾ ਵੱਖਰਾ ਇਤਿਹਾਸ ਹੈ।

ਹਾਸ-ਵਿਅੰਗ

# ਮੰਥਨ ’ਤੇ ਜਾ ਰਹੇ ਹਾਂ : ਮੰਗਤ ਕੁਲਜਿੰਦ



ਮੰਗਤ ਕੁਲਜਿੰਦ ਬਠਿੰਡਾ
ਮੋ. +91 94177-53892.

ਜਿਉਂ ਹੀ ਡਾ ਮੰਗੂ ਰਾਮ ਬੀਮਾਰੀ ਨੇ ਕੱਕੋ ਨੂੰ ਜਲਦੀ ਬ੍ਰੇਕਫਾਸਟ ਬਣਾਉਣ ਲਈ ਕਿਹਾ ਤਾਂ ਬਿਨ੍ਹਾਂ ਜੁਵਾਬ ਦਿੱਤਿਆਂ ਕੱਕੋ ਨੇ ਤਿਰਛੀ ਨਜ਼ਰ ਸੁੱਟੀ।ਮੰਗੂ ਰਾਮ ਸਮਝ ਤਾਂ ਗਿਆ ਕਿ ਦਾਲ ’ਚ ਕੁਝ ਕਾਲਾ ਹੈ, ਕੁਝ ਕਾਲਾ ਕੀ ਸਾਰੀ ਦਾਲ ਹੀ ਕਾਲੀ ਸੀ, ਹੋਇਆ ਇਹ ਸੀ ਕਿ ਅੱਜ ਤੜਕੇ ਤੜਕੇ ਹੀ ਮੰਗੂ ਰਾਮ ਨੇ ਫੇਸਬੁੱਕ ਖੋਲ੍ਹ ਲਈ। ਕਿਸੇ ਸੋਹਣੀ ਸੁਨੱਖੀ ਅਬਲਾ ਦੀ ਪਾਈ ਪੋਸਟ, ‘ਲਉ ਜੀ, ਤਾਜ਼ਾ ਤਾਜ਼ਾ ਅਤੇ ਸੁਆਦੀ ਬ੍ਰੇਕਫਾਸਟ ਕਰੋ’ ’ਤੇ ਕਮੈਂਟ ਲਿਖ ਬੈਠਾ,‘ਵਾਹ ਜੀ ਵਾਹ! ਸੁਆਦ ਈ ਆ ਗਿਆ ਲਜ਼ੀਜ਼ ਬ੍ਰੇਕਫਾਸਟ ਕਰਕੇ’ ਅਤੇ ਇਹੀ ਕਮੈਂਟ ਕੱਕੋ ਦੀਆਂ ਅੱਖਾਂ ’ਚ ਅੱਖਾਂ ਪਾ ਬੈਠਾ।ਕੱਕੋ ਵੱਲੋਂ ਸੁਆਦਾਂ ਭਰਿਆ ਲੰਚ ਦਾ ਭਾਰਾ ਜਿਹਾ ਮੀਨੂੰ ਹਵਾ ’ਚ ਤੈਰਿਆ,“ ਬ੍ਰੇਕਫਾਸਟ ਤਾਂ ਤੁਸੀਂ ਕਰ ਹੀ ਲਿਆ ਹੁਣ ਲੰਚ ਵੀ ਫੇਸ ਬੁੱਕ ਤੇ ਕਰ ਲੈਣਾ।” ਲਾਪ੍ਰਵਾਹੀ ਨਾਲ ਪਰਸ ਚੁੱਕਿਆ ਤੇ ਫੈਸਲਾ ਜਿਹਾ ਸੁਣਾਉਂਦਿਆਂ ਕਿਹਾ,“ਮੈਂ ਤਾਂ ਚੱਲੀ ਹਾਂ, ਪ੍ਰਧਾਨਾ ਜੀ ਨੇ ਬੁਲਾਇਐ, ਮੰਥਨ ਕਰਨੈ!”

“ਹੈਂ ਮੰਥਨ! ਥੋਡੇ ਕਿਹੜੇ ਕਿਲ੍ਹੇ ਢਹਿ ਗਏ? ਨਾ ਹੀ ਅਜੇ ਕੋਈ ਚੋਣਾਂ ਨੇ ਥੋਡੀ ਸੰਸਥਾ ਦੀਆਂ।” “ਢਹੇ ਤਾਂ ਨ੍ਹੀਂ ਪਰ ਢਹਿਣ ਦੇ ਆਸਾਰ ਤਾਂ ਬਣਦੇ ਜਾ ਰਹੇ ਨੇ।ਲੱਗਦੈ ਪੰਜਾਬ ’ਚ ਹੋਈ ਵਿਰੋਧੀਆਂ ਦੀ ਬੁਰਦਸ਼ਾ ਦਾ ਸਾਡੇ ਤੇ ਵੀ ਅਸਰ ਪਵੇਗਾ। ਬਿਹਤਰ ਇਹੀ ਹੈ ਬਈ ਪਹਿਲਾਂ ਈ ਅੱਗਾ ਵਿਚਾਰ ਲਈਏ, ਫਿਰ ਭਾਲਦੇ ਫਿਰਾਂਗੇ ਰੇਤ ’ਚੋਂ ਕਿਰੀ ਖੰਡ ਨੂੰ।” “ਉਂਝ ਹੋ ਵੀ ਸਕਦੈ ਕੱਕੋ, ਵੇਖ ਨਾ ਜਦੋਂ ਦੀ ਤੁਸੀਂ ਇਹ ਸੰਸਥਾ ਬਣਾਈ ਐ ਉਦੋਂ ਦੀਆਂ ਤੁਸੀਂ ਚਾਰ ਪੰਜ ਜਣੀਆਂ ਚਿੱਚੜ ਵਾਂਗ ਚੁੰਬੜੀਆਂ ਬੈਠੀਆਂ ਹੋ..ਨਾ ਚੋਣਾਂ ਹੋਣ ਦਿੰਨੀਓਂ ਤੇ ਨਾ ਹੀ ਹੋਰ ਕਿਸੇ ਨੂੰ ਅੱਗੇ ਆਉਣ ਪਰ ਇਤਿਹਾਸ ਕਦੇ ਨਾ ਕਦੇ ਦੁਹਰਾਇਆ ਜਾਂਦੈ।”

“ਚੰਗਾ ਚੰਗਾ, ਢਕੇ ਰਹੋ। ਮੈਂ ਵੀ ਜਾਣਦੀ ਆਂ- ਥੋਡੀ ਸਭਾ ਕੀ ਕਰਦੀ ਐ? ਕਿਵੇਂ ਕਰਦੀ ਐ?”

“ਕੱਕੋ ਤੂੰ ਤਾਂ ਕੁਝ ਹੋਰ ਹੀ ਸੋਚ ਗੀ, ਮੇਰੇ ਕਹਿਣ ਦਾ ਮਤਲਬ ਐ ਬਈ ਚੋਣਾਂ ਤੋਂ ਪਹਿਲਾਂ ਹੀ ਮੰਥਨ! ਕੋਈ ਤੁਕ ਨਹੀਂ ਬਣਦਾ। ਉਂਝ ਥੋਡੀ ਸੰਸਥਾ ਦੀ ਜਿੰਨੀ ਤੂਤੀ ਪਹਿਲਾਂ ਬੋਲਦੀ ਸੀ ਹੁਣ ਉਹ ਗੱਲ ਨਹੀਂ ਰਹੀ। ਪਰ ਉਦੋਂ ਤੁਸੀਂ ਸਾਰੀਆਂ ਈ ਜਵਾਨ,ਨਵਾਂ ਜੋਸ਼,ਨਵਾਂ ਖੂਨ,ਨਵਾਂ ਉਤਸ਼ਾਹ ਸੀ ਥੋਡੇ ਵਿੱਚ। ਪਰ ਥੋਡਾ ਵੀ ਕੋਈ ਕਸੂਰ ਨਹੀਂ। ਆਹ ਵਿਰੋਧੀ ਧਿਰਾਂ ਈ ਮੁੱਠੀ ’ਚ ਥੁੱਕੀ ਫਿਰਦੀਆਂ ਨੇ ਤੇ ਸ਼ੋਸ਼ਲ ਮੀਡੀਆ ਵੀ ਚੰਗਾ ਵਾਹਨ ਬਣ ਗਿਆ- ਘਰਾਂ ’ਚ ਲੁਕੇ ਬੈਠੇ ਲੋਕਾਂ ਕੋਲ ਵੀ ਪਹੁੰਚ ਕਰਨ ਦਾ।” “ਉਹੀ ਤਾਂ ਹੈ, ਪਤਾ ਨ੍ਹੀਂ ਵਿਰੋਧੀਆਂ ਨੂੰ ਕੀ ਅੱਗ ਲੱਗੀ ਐ? ਜਦ ਕਿ ਲੋਕ ਤਾਂ ਵਿਚਾਰੇ ਸਾਡੇ ਅਹੁਦੇਦਾਰਾਂ ਕੀ, ਸਾਰੇ ਮੈਂਬਰਾਂ ਨੂੰ ਅਤੇ ਸਾਡੇ ਕੰਮਾਂ ਨੂੰ ਵੇਖ ਕੇ ਅਸ਼ ਅਸ਼ ਕਰ ਉਠਦੇ ਤੇ ਚੁੱਪ ਕਰਕੇ ਬੈਠ ਜਾਂਦੇ ਨੇ। ਨਾਲੇ ਸਾਡੀ ਪ੍ਰਧਾਨਾ ਜਿਹੜੀ ਜੰਮੀ ਹੀ ਰਾਜਨੀਤੀ ਦੇ ਧਨੰਤਰਾਂ ਦੇ ਘਰੇ ਐ, ਅੱਜ ਤੱਕ ਕੋਈ ਵੀ ਸੰਸਥਾ ਜਿਹਨੂੰ ਉਹਨੇ ਜੱਫਾ ਮਾਰ ਲਿਆ, ਉਹਦੇ ਜੱਫੇ ’ਚੋਂ ਨਿਕਲ ਨਹੀਂ ਸਕੀ। ਦੂਰ-ਅੰਦੇਸ਼ਤਾ ਵਿੱਚ ਸਾਡੀ ਪ੍ਰਧਾਨਾ ਨੇ ਵੱਡੇ ਵੱਡੇ ਚਾਣਕਿਆਵਾਂ ਨੂੰ ਵੀ ਮਾਤ ਪਾ ਦਿੱਤੀ ਐ.....।”

“ਵਾਕਿਆ ਹੀ ਬੜੀ ਦੂਰਅੰਦੇਸ਼ਤਾ ਵਾਲੀ ਅਤੇ ਦੂਰ-ਕਲੇਸ਼ਾਂ ਵਾਲੀ ਵੀ।”

“ਹੈਂ! ਕੀ ਕਿਹਾ?” ਜਿਉਂ ਹੀ ਕੱਕੋ ਨੇ ਅੱਖਾਂ ਦੀਆ ਕਿਨਾਰੀਆਂ ਨੂੰ ਫੈਲਣ ਦਾ ਹੁਕਮ ਦਿੱਤਾ, ਝੱਟ ਮੰਗੂ ਰਾਮ ਨੇ ਪੈਂਤੜਾ ਬਦਲਿਆ, “ਓ... ਨਹੀਂ, ਮੇਰਾ ਮਤਲਬ ਕਲੇਸ਼ਾਂ ਨੂੰ ਦੂਰ ਕਰਨ ਵਾਲੀ, ਵੇਖੋ ਨਾਂ ਕਿੰਨੀਆਂ ਔਰਤਾਂ ਦੇ ਘਰਾਂ ਨੂੰ ਉਸ ਨੇ ਸੁਖੀ ਵੱਸਣ ਲਾ ਦਿੱਤਾ ਹੈ।ਇਹ ਵੱਖਰੀ ਗੱਲ ਐ ਕਿ ਉਹਨਾਂ ਦੇ ਸੱਸ-ਸਹੁਰੇ ਆਪਣੇ ਪਿਛਲੇ ਜਨਮਾਂ ਦੇ ਪਾਪਾਂ ਕਾਰਨ ਖਾਂਦੇ ਫਿਰਦੇ ਨੇ ਦਰ ਦਰ ਧੱਕੇ। ਸੁਣਿਐ, ਉਂਝ ਕੱਟੇ-ਕੁਟੇ ਦਾਨ ਕਰਕੇ ਮਨ ਦੇ ਡਰ ਵੀ ਦੂਰ ਹੋ ਜਾਂਦੇ ਨੇ ਤੇ ਚੰਦਰੇ ਗ੍ਰਹਿ ਵੀ ਪੱਤਰਾ ਵਾਚ ਜਾਂਦੇ ਨੇ।”

“ਥੋਡਾ ਖਿਆਲ ਹੈ ਕਿ ਸਾਨੂੰ ਇਹਦਾ ਇਲਮ ਨ੍ਹੀਂ?ਅੱਜ ਬੁਲਾਇਐ ਕਿਸੇ ਪਹੁੰਚੇ ਹੋਏ ਬਾਬੇ ਨੂੰ ,ਕਰ ਲਾਂ ਗੀਆਂ ਇਹ ਵੀ। ਐਵੇਂ ਲੇਟ ਕਰਾਈ ਜਾਨਿਓ ਹੋਰ ਹੀ ਗੱਲਾਂ ਕਰਕੇ ਹਾਂ... ਲੰਚ ਕਰ ਲਿਓ- ਫੇਸ ਬੁੱਕ ਤੇ ਹੀ।”

‘ਅੱਜ ਤਾਂ ਰੱਬ ਨੇ ਛੱਪਰ ਫਾੜ ਕੇ ਮੌਕਾ ਦੇ ਦਿੱਤਾ- ਚਲੋ ਯਾਰਾਂ ਦੋਸਤਾ ਨਾਲ ਚੱਲਦੇ ਆਂ ਕਿਸੇ ਰੈਸਟੋਰੈਂਟ ’ਚ ਖਾਣਾ ਖਾਣ। ਪਹਿਲਾਂ ਸਭਾ ਦੇ ਪ੍ਰਧਾਨ ਨੂੰ ਹੀ ਫੋਨ ਕਰੀਏ ਜਦੋਂ ਦੀ ਸਭਾ ਛੱਡੀ ਐ ਕਦੇ ਉਹਨਾਂ ਨਾਲ ਰਲ ਬੈਠ ਇਨਜੁਆਏ ਨਹੀਂ ਕੀਤਾ। ਉਹ ਵੀ ਅਜਿਹੇ ਮੌਕੇ ਦੀ ਤਲਾਸ਼ ’ਚ ਰਹਿੰਦੈ ਨੇ।’ ਮੁਬਾਈਲ ਮਿਲਾਇਆ, ਆਊਟ ਆਫ ਰੇਜ਼, ਵਾਰ ਵਾਰ ਸੁਣਾਈ ਦੇ ਰਿਹਾ ਸੀ।‘ ਕਿਧਰ ਗਿਆ ਯਾਰ ਅੱਜ? ਚੱਲੋ ਭਾਬੀ ਤੋਂ ਪੁੱਛਦੇ ਹਾਂ।’ ਘਰ ਵਾਲੀ ਦਾ ਜਵਾਬ ਸੀ, “ਭਰਾ ਜੀ ਪਤਾ ਨਹੀਂ ਕੱਲ ਦੇ ਜਦੋਂ ਦੇ ਪੰਜਾਬ ਦੀਆਂ ਚੋਣਾਂ ਦੇ ਨਤੀਜੇ ਆਏ ਨੇ ਹਉ-ਬੜੱਕੇ ਲਈ ਜਾਂਦੇ ਸੀ ਉਠਦਿਆਂ ਹੀ ਮੁਬਾਈਲ ਨੂੰ ਵਕਤ ਪਾ ਦਿੱਤਾ, ਚਾਹ ਨ੍ਹੀ ਪੀਤੀ, ਰੋਟੀ ਨ੍ਹੀ ਖਾਦੀ, ਉਚੀ ਉਚੀ ਬੋਲਦੇ ਘਰੋਂ ਬਾਹਰ ਚਲੇ ਗਏ।”

“ਥੋਨੂੰ ਦੱਸਿਆ ਨ੍ਹੀ ਕੁਝ ਕਿ ਕਿੱਥੇ ਜਾ ਰਹੇ ਹਾਂ? ਜਾਂ ਥੋਨੂੰ ਕਿਸੇ ਗੱਲ ਤੋਂ ਅੰਦਾਜ਼ਾ ਲੱਗਿਆ ਹੋਵੇ?”

“ਕੋਈ ਮੰਤਨ ਮੁੰਤਨ ਕਹੀ ਜਾਂਦੇ ਸੀ, ਕਰਨੈ।”

“ਭਾਬੀ ਜੀ ਮੰਤਨ ਨਹੀਂ, ਮੰਥਨ ਆਹਦਾ ਹੋਊ ” “ਹਾਂ ਹਾਂ ਇਹੀ ਕਹਿ ਰਹੇ ਸੀ”

“ਐਂ ਨ੍ਹੀਂ ਦੱਸਿਆ ਬਈ ਕਿੱਥੇ ਕਰਨੈ।”

“ਤੁਸੀਂ ਸਾਰੇ ਲੇਖਕ ਇਕੋ ਥਾਲੀ ਦੇ ਚੱਟੇ ਬੱਟੇ ਹੋ, ਦੱਸ ਕੇ ਥੋਹੜਾ ਜਾਣਿਓ ਕਿਤੇ? ਇੰਨਾ ਹੀ ਕਹਿੰਦਿਉ ਸਾਹਿਤ ਸਭਾ ਦੀ ਅੱਜ ਮੀਟਿੰਗ ਹੈ।”

ਤੇ ਵਿੱਤ ਸਕੱਤਰ ਦੇ ਘਰ ਵਾਲੀ ਨੇ ਥੋਹੜਾ ਜਿਹਾ ਰਾਜਸੀ ਭਾਸ਼ਾ ਵਿੱਚ ਦੱਸ ਦਿੱਤਾ,ਕਿਉ ਉਹ ਆਪ ਵੀ ਰਾਜਨੀਤਕ ਪਾਰਟੀਆਂ ਅਤੇ ਜੱਥੇਬੰਦੀਆਂ ਦਿਆਂ ਘੇਰਿਆਂ ਨੂੰ ਸੰਨ ਲਾਉਣ ਦੀ ਤਾਕ ’ਚ ਰਹਿੰਦੀ ਸੀ “ਕਿੱਥੇ ਗਏ ਨੇ, ਇਹ ਤਾਂ ਮੈਨੂੰ ਨਹੀਂ ਦੱਸਿਆ ਉਹਨਾਂ ਪਰ ਦਿਮਾਗ ਉਹਨਾਂ ਦਾ ਅੱਜ ਹੈਂਗ ਹੋਇਆ ਲੱਗ ਰਿਹਾ ਸੀ। ਕਹਿੰਦੇ ਸੀ ਹੱਥੋਂ ਖਜ਼ਾਨਾ ਖੁਸਣ ਵਾਲੈ, ਅੱਗੇ ਉਤਰ ਕਾਟੋ ਮੈਂ ਚੜ੍ਹਾਂ ਵਾਲੀਆਂ ਰਾਜਨੀਤਕ ਪਾਰਟੀਆਂ ਦੇ ਕੇਕਾਂ ’ਚੋਂ ਬੁਰਕੀ ਮਿਲ ਜਾਂਦੀ ਸੀ ਪਰ ਹੁਣ ਤਾਂ ਕੇਕ ਹੀ ਨਹੀਂ ਪੱਕਣੇ, ਬੁਰਕੀਆਂ ਕਿੱਥੋਂ ਮਿਲਣਗੀਆਂ? ਇਸੇ ਲਈ ਸਾਰੇ ਅਹੁਦੇਦਾਰਾਂ ਨੇ ਇਕੱਠੇ ਬੈਠ ਕੇ ਮਹਿਲ ਨੂੰ ਡਿੱਗਣੋਂ ਬਚਾਉਣ ਲਈ ਮੰਥਨ ਕਰਨਾ ਹੈ।ਨਾਲੇ ਕਹਿੰਦੇ ਸੀ ਦਿਨੇ ਤਾ ਮੰਥਨ ਦਾ ਸੁਆਦ ਈ ਨਹੀਂ ਆਉਣੈ... ਸ਼ਾਮ ਢਲੇ ਈ.... ਕੋਈ ਨਤੀਜਾ ਨਿਕਲੂ।”

ਤੇ ਬਾਕੀ ਅਹੁਦੇਦਾਰਾਂ ਦੇ ਪਰਿਵਾਰਾਂ ਤੋਂ ਵੀ ਦਿਲ-ਤੋੜੂ ਕਨਸੋਆਂ ਮਿਲੀਆਂ।

ਡਾ.ਮੰਗੂ ਰਾਮ ਦਾ ਅੱਜ ਮਰੀਜ਼ਾਂ ਨੂੰ ਵੇਖਣ ’ਚ ਵੀ ਮਨ ਨਹੀਂ ਸੀ ਲੱਗ ਰਿਹਾ ਕਿਉ ਸੁਭਾ ਤੋਂ ਜਿਤਨੀਆਂ ਮਾਈਆਂ ਦਵਾਈ ਲੈਣ ਆਈਆਂ ਜੋ ਪਹਿਲਾਂ ਆਪਦਾ ਢਿੱਡ ਹਲਕਾ ਕਰਨ ਲਈ ਡਾ. ਸਾਹਿਬ ਨਾਲ ਬੈਠਕੇ ਨੂੰਹ-ਚੁਗਲੀਆਂ, ਗੁਆਂਢਣ ਚੁੱਗਲੀਆਂ, ਪਿੰਡ ’ਚ ਵਾਪਰੀਆਂ ਅੰਡਰ ਗ੍ਰਾਊਂਡ ਘਟਨਾਵਾਂ, ਇੱਥੋਂ ਤੱਕ ਕੇ ਆਪਣੇ ਘਰ ਦੇ ਖੱਲਾਂ-ਖੂੰਜਿਆ ’ਚ ਛਿਪੇ ਕਿੱਸੇ ਵੀ ਕਿਸੇ ਨਾ ਕਿਸੇ ਰੂਪ ’ਚ ਸੁਣਾ ਜਾਂਦੀਆਂ ਸਨ ਅੱਜ ਹਰ ਇਕ ਆਉਂਦਿਆ ਹੀ ਡਾ.ਨੂੰ ਹੁਕਮ ਸੁਣਾ ਦਿੱਤਾ,“ ਵੇ ਭਾਈ ਡਾਕਟਰਾ, ਜਲਦੀ ਦਵਾਈ ਦੇਦੇ ,ਅੱਜ ਮੈਂ ਤਾਂ ਸੰਬੂਰੇ ਦੀ ਮਾਂ ਨਾਲ ਮੀਟਿੰਗ ਕਰਨੀ ਐ। ਉਹ ਤਾਂ ਵਿਚਾਰੀ ਆਪ ਪਸ਼ੇਮਾਨ ਹੋਈ ਬੈਠੀ ਐ, ਕਹਿੰਦੀ ਐ ਜਦੋਂ ਦੇ ਸਰਦਾਰ ਜੀ ਚੋਣਾਂ ’ਚੋਂ ਜੱਗੋਂ ਤੇਰਵੀਂ ਹਾਰ ਦਾ ਟੋਕਰਾ ਚੱਕ ਲਿਆਏ ਨੇ, ਮੰਥਨ ਕਰਨ ਦੀ ਰਟ ਲਾਈ ਬੈਠੇ ਨੇ। ਆਜੋ ਭੈਣੋਂ ਆਪਾਂ ਵੀ ਨੂੰਹਾਂ ਨੂੰ ਕਾਬੂ ’ਚ ਰੱਖਣ ਲਈ ਪਹਿਲਾਂ ਈ ਮੰਥਨ ਕਰ ਲਈਏ।ਇਸੇ ਲਈ ਅੱਜ ਸਾਡੇ ਕੋਲ ਹੈ ਨਹੀਂ ਸਮਾਂ।”

ਸਮੇਂ ਨੂੰ ਧੱਕਾ ਦੇਣ ਲਈ ਸੋਚਿਆ, ਚਲੋ ਸੁਵਿਧਾ-ਕੇਂਦਰ ’ਚੋਂ ਪੁਲੀਸ ਵੈਰੀਫਿਕੇਸ਼ਨ ਦਾ ਸਰਟੀਫਿਕੇਟ ਫੜ ਲਿਆਈਏ, ਕਈ ਦਿਨ ਹੋ ਗਏ ਕਾਰਵਾਈ ਹੋਈ ਨੂੰ, ਅੱਜ ਤਾਂ ਬਣ ਗਿਆ ਹੋਣੈ।’

‘ਹੈਂ ਇੰਨੀ ਵੱਡੀ ਲਾਈਨ! ਲੱਗਦੈ ਜਿਵੇਂ ਅਜੇ ਵੀ ਆਪ ਵਾਲਿਆਂ ਨੂੰ ਵੋਟਾਂ ਪਾਉਣ ਲਈ ਲੋਕ ਖੜ੍ਹੇ ਹੋਣ।’

ਜਾ ਲਾਈਨ ’ਚ ਲੱਗਿਆ ਪਰ ਲਾਈਨ ਤਾਂ ਕੀੜੀ-ਤੋਰ ਵੀ ਨਹੀਂ ਸੀ ਤੁਰੀ।ਲੱਗਦਾ ਸੀ ਕਿਸੇ ਧਾਰਮਿਕ ਬਾਬੇ ਦੀ ਯਾਤਰਾ ਮੂਹਰ ਦੀ ਲੰਘ ਰਹੀ ਹੋਵੇ।ਕਾਫੀ ਸਮਾਂ ਉਡੀਕ ਕਿ ਧੱਕੇ ਨਾਲ ਲਾਈਨ ਦੇ ਮੂਹਰੇ ਖਿੜਕੀ ਕੋਲ ਖੜ੍ਹ ਹੌਸਲਾ ਜਿਹਾ ਕਰਕੇ ਅੰਦਰ ਝਾਕਿਆ ਤਾਂ ਸਾਹਮਣੇ ਖਾਲੀ ਕੁਰਸੀ ਮੂੰਹ ਚਿੜਾਉ ਜਾਪੀ।

“ਬਈ ਕੋਈ ਹੈ ਅੰਦਰ...ਦੱਸੂਗਾ ਕੀ ਗੱਲ ਐ, ਕੰਮ ਕਿਉਂ ਨਹੀਂ ਹੋ ਰਿਹਾ?” ਭਾਵੇਂ ਉਮੀਦ ਸੀ- ਪੁਲੀਸ ਦਾ ਦਫਤਰ ਹੈ ਅੰਦਰੋਂ ਹੀ ਡੰਡਾ ਮੇਜ਼ ਤੇ ਖੜਕੂਗਾ ਅਤੇ ਦਹਾੜ ਸੁਣੇਗੀ ,“ਕੌਣ ਹੈ ਉਏ ਚੌਂ ਰਿਆ? ਡਿਸਟਰਬ ਕਰਨ ਲੱਗਿਐਂ।” ਪਰ ਨਹੀਂ ਅਜਿਹਾ ਕੁਝ ਤਾਂ ਨਾ ਵਾਪਰਿਆ,ਮਹਿਸੂਸ ਜਿਹਾ ਹੋਇਆ ਬਈ ਨਵੇਂ ਮੁੱਖ ਮੰਤਰੀ ਦੀ ਆਵਾਜ਼ ਇਹਨਾਂ ਕੋਲ ਪਹੁੰਚ ਗਈ ਹੈ - ।ਇਕ ਮਰੀਅਲ ਜਿਹਾ ਆਦਮੀ ਆ ਪ੍ਰਗਟ ਹੋਇਆ। ਲੱਗਦਾ ਸੀ ਜੇ ਇਹ ਕੁਝ ਦੱਸਣ ਲੱਗਿਆ ਤਾਂ ਸਾਨੂੰ ਬੰਦੇ ਤੇ ਬੰਦਾ ਖੜਾਕੇ ਸ਼ੀਸ਼ੇ ਦੇ ਉਪਰੋਂ ਦੀ ਮੂੰਹ ਕਰਕੇ ਗੱਲ ਸੁਣਨੀ ਪਵੇਗੀ।

“ਕਿਉਂ ਰੌਲਾ ਪਾਇਆ ਉਏ।” ਉਹ ਤਾਂ ਇੰਨੀ ਉਚੀ ਆਵਾਜ਼ ’ਚ ਬੋਲਿਆ ਕਿ ਸਾਡਾ ਪਹਿਲਾਂ ਵਾਲਾ ਅੰਦਾਜ਼ਾ ਗਲਤ ਹੋ ਗਿਆ ਅਸਲ ’ਚ ਨਵੇਂ ਮੁੱਖ-ਮੰਤਰੀ ਦੀ ਆਵਾਜ਼ ਅਜੇ ਸੈਕਟਰੀਏਟ ਦੀਆਂ ਪੌੜੀਆਂ ਤੇ ਹੀ ਗੇੜੇ ਕੱਢ ਰਹੀ ਸੀ।“ਹੈ ਨਹੀਂ ਇੱਥੇ ਕੋਈ! ਹੌਲਦਾਰ ਤੋਂ ਲੈ ਕੇ ਸਾਅਬ ਤੱਕ ਮੰਥਨ ਤੇ ਗਏ ਨੇ......ਵੱਡੇ ਸਾਹਿਬ ਨੇ ਬੁਲਾਏ ਨੇ।”

“ਕਦੋਂ ਕੁ ਆ ਜਾਣਗੇ?”

“ਮੈਨੂੰ ਕੇਹੜਾ ਅਸ਼ਟਾਮ ਦੇ ਕੇ ਗਏ ਨੇ! ਮੰਥਨ ਤੇ ਗਏ ਐ.... ਲੰਮਾ ਵੀ ਚੱਲ ਸਕਦੈ।”

ਗਿਠਮੁਠੀਏ ਸਾਹਿਬ ਵੀ ਅਲੋਪ ਹੋ ਗਏ।

ਇੱਥੇ ਵੀ ਮਿਹਨਤ ਪੱਲੇ ਨਾ ਪਈ ਤਾਂ ਭਰੇ ਜਿਹੇ ਮਨ ਨਾਲ ਸੋਚਿਆ,‘ਚੱਲੋ ਬੇਟੇ ਦਾ ਸਕੂਲੋਂ ਨੰਬਰ ਕਾਰਡ ਈ ਲੈ ਆਈਏ।’ ਉਥੇ ਪਹੁੰਚਦਿਆਂ ਹੀ ਪ੍ਰਿੰਸੀਪਾਲ ਜੀ ਬੜੀ ਗਰਮਜੋਸ਼ੀ ਨਾਲ ਮਿਲੇ, “ਬਈ ਬਹੁਤ ਲੰਬੀ ਉਮਰ ਹੈ ਡਾ.ਸਾਹਿਬ ਤੁਹਾਡੀ, ਥੋਨੂੰ ਹੀ ਯਾਦ ਕਰੀ ਜਾਂਦੇ ਸੀ ਅੱਜ ਸਾਡੇ ਬਹੁਤੇ ਅਧਿਆਪਕਾਂ ਦਾ ਸਿਰ ਉਤਾਂਹ ਈ ਨਹੀਂ ਚੁੱਕਿਆ ਜਾਂਦਾ, ਲੱਗਦੈ ,ਵੱਡੇ ਵੱਡੇ ਮੂੰਹ ਪਰਨੇ ਡਿੱਗੇ ਲੀਡਰਾਂ ਦਾ ਅਸਰ ਕਬੂਲੀ ਬੈਠੇ ਨੇ।ਦਰਦ ਵੀ ਇਹਨਾਂ ਹੋ ਰਿਹੈ ਕਿ ਲੱਗਦੇ ਰਾਜਨੀਤਕ ਦਲਾਂ ਵਾਂਗ ਸਿਰ ਹੀ ਫਟ ਜਾਊ। ਦੇਉ ਕੋਈ ਗੋਲੀਆਂ ਗਾਲੀਆਂ....।”

“ਜਨਾਬ ਗੋਲੀਆਂ ਤਾਂ ਮੈਂ ਦੇ ਦਊ ਪਰ ਗਾਲੀਆਂ.... ਉਹ ਵੀ ਦੇਸ਼ ਦੇ ਉਸਰਈਆਂ ਨੂੰ... ਨਾ ਜੀ ਨਾ....।”

“ਡਾਕਟਰ ਸਾਹਿਬ ਹਾਸੇ ਦੀ ਗੱਲ ਨ੍ਹੀਂ, ਅਸਲ ਵਿੱਚ ਜਦੋਂ ਦਾ ਕੋਰੋਨੇ ਦੀ ਮਿਹਰਬਾਨੀ ਕਰਕੇ ਘਰੇ ਰਹਿਣਾ ਪਿਐ, ਘਰ ਨਾਲ ਕੁਝ ਜ਼ਿਆਦਾ ਹੀ ਮੋਹ-ਮੁਹੱਬਤ ਹੋ ਗਈ ਤੇ ਹੁਣ ਇੱਥੇ ਸਕੂਲੇ ਸਮੇਂ ਸਿਰ ਆਉਣ ਦੀ ਮਜਬੂਰੀ ਅਤੇ ਕੰਮ ਕਰਨ ਦਾ ਬੋਝ... ਇਸ ਲਈ ਦਿਮਾਗ ਨਾਲ ਕੁਝ ਤਾਲਮੇਲ ਨਹੀਂ ਬੈਠ ਰਿਹਾ।ਵੈਸੇ ਅੱਜ ਅਸੀਂ ਬਣਾਇਐ ਪ੍ਰੋਗਰਾਮ- ਮੰਥਨ ਕਰਨ ਦਾ।ਬੱਸ ਚਾਹ ਪਕੌੜੇ ਮੰਗਵਾਏ ਨੇ, ਆ ਈ ਰਹੇ ਨੇ ਫਿਰ ਬਹਿਣੇ ਆ ਮੰਥਨ ਕਰਨ...।”

“ਤੇ ਤੁਸੀਂ ਬੱਚਿਆਂ ਨੂੰ ਸੱਦ ਲਉ ਸਕੂਲੇ, ਤੁਹਾਡਾ ਜੀਅ ਵੀ ਲੱਗ ਜੂ ਉਹਨਾਂ ਨਾਲ ਹੁਣ ਤਾਂ ਸਰਕਾਰ ਨੇ ਬੰਦਸ਼ਾਂ ਵੀ ਹਟਾ ਦਿੱਤੀਆਂ ਨੇ।”

“ਉਹੀ ਤਾਂ ਤੜਕੇ ਦੇ ਕਰੀ ਜਾਨੈ ਆਂ,ਕਿਸੇ ਨੂੰ ਫੋਨ, ਕਿਸੇ ਨੂੰ ਮੈਸੇਜ਼, ਕਿਸੇ ਦੇ ਘਰੇ ਪੀਅਨ ਭੇਜਿਆ ਪਰ ਹਰ ਇਕ ਬੱਚੇ ਦਾ ਇਕੋ ਈ ਉਤਰ,‘ਮੈਂ ਨਹੀਂ ਆਉਂਦਾ ਸਕੂਲੇ ਅੱਜ, ਮੰਥਨ ਤੇ ਜਾ ਰਿਹਾਂ’।”

## ਮੰਕੀਪੌਕਸ ਦੇ ਕੇਸਾਂ ਦੀ ਕਨੇਡਾ ਵਿੱਚ ਵੀ ਗਿਣਤੀ ਇੱਕ ਹਜਾਰ ਤੋਂ ਵੱਧ ਗਈ ਹੈ।

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਦੁਨੀਆਂ ਭਰ ਵਿੱਚ ਮੰਕੀ ਪਾਕਸ ਵਾਇਰਸ ਦਾ ਕਹਿਰ ਵਧਦਾ ਜਾ ਰਿਹਾ ਹੈ ਅਤੇ ਇਸ ਵਾਇਰਸ ਦੇ ਪੀੜ੍ਹਤਾਂ ਦੇ ਮਾਮਲਿਆਂ ਦੀ ਗਿਣਤੀ ਵਿੱਚ ਇੱਕ ਹਫ਼ਤੇ ਦੌਰਾਨ ਹੀ ਉਨੀ ਫੀਸਦੀ ਦਾ ਵਾਧਾ ਵੇਖਣ ਨੂੰ ਮਿਲ ਰਿਹਾ ਹੈ । ਇਹ ਜਾਣਕਾਰੀ ਦਿੰਦਿਆਂ ਕੈਨੇਡਾ ਦੀ ਮੁੱਖ ਸਿਹਤ ਅਧਿਕਾਰੀ ਡਾ: ਟ੍ਰੀਸਾ ਟੈਮ ਨੇ ਦੱਸਿਆ ਕਿ ਦੁਨੀਆਂ ਭਰ ਦੇ ਇਕੱਨਵੇ ਦੇਸ਼ਾਂ ਵਿਚ ਮੰਕੀ ਪੌਕਸ ਵਾਇਰਸ ਦੇ ਮਾਮਲੇ ਇਕੱਤੀ ਹਜ਼ਾਰ ਤੋਂ ਜ਼ਿਆਦਾ ਹੋ ਚੁੱਕੇ ਹਨ ਜਦੋਂਕਿ ਇਕੱਲੇ ਕੈਨੇਡਾ ਵਿੱਚ ਇਹ ਗਿਣਤੀ ਇੱਕ ਹਜ਼ਾਰ ਤੋਂ ਟੱਪ ਚੁੱਕੀ ਹੈ। ਪੰਜ ਸੌ ਤੋਂ ਜ਼ਿਆਦਾ ਮਾਮਲੇ ਇਕੱਲੇ ਉਂਟਾਰੀ? ਵਿੱਚ ਹੀ ਹਨ। ਕੈਨੇਡਾ ਵਿੱਚ ਇਸ ਵਾਇਰਸ ਦੇ ਪੀੜ੍ਹਤਾਂ ਵਿੱਚ ਨੜ੍ਹਿੰਨਵੇ ਫ਼ੀਸਦੀ ਮਰਦ ਹਨ । ਉਨ੍ਹਾਂ ਨਾਲ ਹੀ ਦੱਸਿਆ ਕਿ ਦੇਸ਼ ਭਰ ਵਿੱਚ ਪੰਜਾਹ ਹਜ਼ਾਰ ਲੋਕਾਂ ਨੂੰ ਵੈਕਸੀਨੇਟ ਕੀਤਾ ਜਾ ਚੁੱਕਾ ਹੈ ਤੇ ਵੈਕਸੀਨ ਦੀ ਸਪਲਾਈ ਪੰਜਾਹ ਫ਼ੀਸਦੀ ਤੱਕ ਵਰਤੀ ਜਾ ਚੁੱਕੀ ਹੈ ।

## ਡੋਨਲਡ ਟਰੰਪ ਦੇ ਘਰ ਦੀ ਤਲਾਸ਼ੀ ਲਈ ਸਰਚ ਵਾਰੰਟ ਦੀ ਮਨਜ਼ੂਰੀ ਫੈਡਰਲ ਕੋਰਟ ਨੇ ਦਿੱਤੀ ਸੀ-ਅਟਾਰਨੀ ਜਨਰਲ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਦਿਨੀਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਫਲੋਰਿਡਾ ਸਥਿਤ ਘਰ ਉਪਰ ਸੀਬੀਆਈ ਵੱਲੋਂ ਕੁਝ ਅਹਿਮ ਦਸਤਾਵੇਜ਼ਾਂ ਦੀ ਤਲਾਸ਼ ਵਿੱਚ ਛਾਪਾ ਮਾਰਿਆ ਗਿਆ ਸੀ ਜਿਸ ਦਿ ਡੋਨਲਡ ਟਰੰਪ ਵੱਲੋਂ ਇਹ ਕਹਿੰਦਿਆਂ ਆਲੋਚਨਾ ਕੀਤੀ ਗਈ ਸੀ ਕਿ ਅਜਿਹਾ ਸਭ ਕੁੱਝ ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਹੁੰਦਾ ਹੈ । ਇਸ ਰੇਡ ਸਬੰਧੀ ਅਮਰੀਕਾ ਦੇ ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਇੱਕ ਬਿਆਨ ਜਾਰੀ ਕਰਦਿਆਂ ਆਖਿਆ ਕਿ ਜਸਟਿਸ ਡਿਪਾਰਟਮੈਂਟ ਨੇ ਇਸ ਰੇਡ ਸੰਬੰਧੀ ਕੋਈ ਵੀ ਬਿਆਨ ਜਾਰੀ ਨਹੀਂ ਸੀ ਕੀਤਾ ਬਲਕਿ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਹੀ ਇਸ ਰੇਡ ਬਾਰੇ ਜਾਣਕਾਰੀ ਜਨਤਕ ਕੀਤੀ ਸੀ । ਉਨ੍ਹਾਂ ਆਖਿਆ ਕਿ ਇਸ ਰੇਡ ਸੰਬੰਧੀ ਟਰੰਪ ਦੇ ਵਕੀਲ ਨੂੰ ਸਰਚ ਵਾਰੰਟ ਦੀ ਕਾਪੀ ਦਿੱਤੀ ਗਈ ਸੀ ਅਤੇ ਉਹ ਰੇਡ ਸਮੇਂ ਮੌਕੇ ਤੇ ਮੌਜੂਦ ਸੀ ਉਨ੍ਹਾਂ ਨਾਲ ਹੀ ਦੱਸਿਆ ਕਿ ਇਸ ਸਰਚ ਵਾਰੰਟ ਨੂੰ ਫੈਡਰਲ ਕੋਰਟ ਵੱਲੋਂ ਮਨਜ਼ੂਰੀ ਦਿੱਤੀ ਗਈ ਸੀ ।

## ਏਅਰ ਕੈਨੇਡਾ ਕਾਰਨ ਯਾਤਰੀਆਂ ਦੀਆਂ ਪ੍ਰੇਸ਼ਾਨੀਆਂ 'ਚ ਨਹੀਂ ਆ ਰਹੀ ਕਮੀਂ - ਭੁੰਜੇ ਸੌਣ ਨੂੰ ਮਜਬੂਰ ਹੋਏ ਯਾਤਰੀ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕਰੋਨਾ ਮਹਾਂਮਾਰੀ ਕਾਰਨ ਬੁਰੀ ਤਰ੍ਹਾਂ ਪ੍ਰਭਾਵਤ ਹੋਈਆਂ ਹਵਾਈ ਸੇਵਾਵਾਂ ਹੁਣ ਹੌਲੀ ਹੌਲੀ ਵਾਪਸ ਸੁਚਾਰੂ ਢੰਗ ਨਾਲ ਚੱਲਣ ਲੱਗੀਆਂ ਹਨ । ਹਾਲਾਂਕਿ ਅਜੇ ਵੀ ਮਹਾਂਮਾਰੀ ਤੋਂ ਪਹਿਲਾਂ ਜਿੰਨੀਆਂ ਘਰੇਲੂ ਜਾਂ ਅੰਤਰਰਾਸ਼ਟਰੀ ਫਲਾਈਟਾਂ ਹੁੰਦੀਆਂ ਸਨ ਅਜੇ ਉਸ ਨੰਬਰ ਤੱਕ ਤਾਂ ਨਹੀਂ ਪਹੁੰਚਿਆ ਗਿਆ, ਪਰ ਇਸ ਨੂੰ ਵਾਪਸ ਪਹਿਲਾਂ ਵਾਲੀ ਸਥਿਤੀ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੈਲਗਰੀ ਅਧਾਰਿਤ ਹਵਾਈ ਕੰਪਨੀ ਵੈਸਟਜੈੱਟ ਵੱਲੋਂ ਵੀ ਹੋਰ ਘਰੇਲੂ ਅਤੇ ਅੰਤਰਰਾਸ਼ਟਰੀ ਉਡਾਣਾਂ ਫਿਰ ਤੋਂ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ। ਜਿੱਥੇ ਵੈਸਟ ਜੈੱਟ ਵੱਲੋਂ ਆਪਣੀਆਂ ਉਡਾਣਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ,ਉਥੇ ਹੀ ਏਅਰ ਕੈਨੇਡਾ ਵੱਲੋਂ ਲਗਾਤਾਰ ਜਿਸ ਤਰ੍ਹਾਂ ਯਾਤਰੀਆਂ ਨਾਲ ਵਤੀਰਾ ਕੀਤਾ ਜਾ ਰਿਹਾ ਹੈ ਉਸ ਤੋਂ ਯਾਤਰੀ ਕਾਫੀ ਪ੍ਰੇਸ਼ਾਨ ਹਨ । ਏਅਰ ਕੈਨੇਡਾ ਦੀ ਸਖ਼ਤ ਆਲੋਚਨਾ ਵੀ ਚਾਰੇ ਪਾਸਿਓਂ ਹੋ ਰਹੀ ਹੈ। ਏਅਰ ਕੈਨੇਡਾ ਦੀਆਂ ਸੇਵਾਵਾਂ ਵਿੱਚ ਵੱਡਾ ਨਿਘਾਰ ਵੇਖਣ ਨੂੰ ਮਿਲ ਰਿਹਾ ਹੈ । ਭਾਵੇਂ ਕਿ ਏਅਰ ਕੈਨੇਡਾ ਵੱਲੋਂ ਸਟਾਫ ਦੀ ਕਮੀ ਨੂੰ ਇਸ ਦਾ ਕਾਰਨ ਮੰਨਿਆ ਜਾ ਰਿਹਾ ਹੈ। ਹੁਣ ਫੇਰ ਟੋਰਾਂਟੋ ਦੇ ਅੰਤਰਰਾਸ਼ਟਰੀ ਪੀਅਰਸਨ ਹਵਾਈ ਅੱਡੇ ਤੋਂ ਖਬਰਾਂ ਸਾਹਮਣੇ ਆ ਰਹੀਆਂ ਹਨ ਜਿੱਥੇ ਯਾਤਰੀਆਂ ਨੂੰ ਭੁੰਜੇ ਸੌਣ ਲਈ ਮਜਬੂਰ ਹੋਣਾ ਪਿਆ ।

# ‘ਖ਼ਬਰ ਇੱਕ ਪਿੰਡ ਦੀ’: ਗਲੋਬਲਾਈਜ਼ੇਸ਼ਨ ਦਾ ਪ੍ਰਸਾਰ



ਡਾ: ਹਰਜੋਤ ਕੌਰ ਖੈਹਿਰਾ
ਸਰੀ ਕੈਨੇਡਾ ।
+16047245741

ਇਹ ਖੋਜ ਮਜ਼ਮੂਨ ਪੰਜਾਬੀ ਸਮਾਜ (ਪੇਂਡੂ ਰਹਿਤਲ) ਵਿਚ ਪੂੰਜੀਵਾਦ ਦੇ ਵੱਧਦੇ ਪ੍ਰਭਾਵ ਨੂੰ ਪਛਾਨਣ ਤੇ ਉਸ ਵਿਚ ਆਈਆਂ ਤਬਦੀਲੀਆਂ ਨੂੰ ਪਛਾਨਣਾ ਹੈ। ਨਾਵਲਕਾਰ ਦਾ ਇਕ ਪਿੰਡ ਨੂੰ ਇਕ ਚਿੰਨ੍ਹ ਵਜੋਂ ਵਰਤਦੇ ਹੋਏ ਗਲੋਬਲਾਈਜੇਸ਼ਨ ਦੇ ਵੱਧਦੇ ਪਾਸਾਰ ਨੂੰ ਪਰਿਭਾਸ਼ਤ ਕਰਦਾ ਹੋਇਆ ਕੁਝ ਪ੍ਰਸ਼ਨ ਖੜੇ ਕਰਦਾ ਹੈ।ਸਾਡੇ ਇਸ ਖੋਜ ਮਜ਼ਮੂਨ ਦਾ ਉਦੇਸ਼ ‘ਖਬਰ ਇਕ ਪਿੰਡ ਦੀ’ ਦਾ ਅਧਿਐਂਨ ਕਰਦੇ ਹੋਏ ਉਨ੍ਹਾਂ ਸਵਾਲਾਂ ਦੇ ਹੱਲ ਤਲਾਸ਼ਣਾ ਹੈ।

ਪ੍ਰਗਟ ਸਤੌਜ ਇਕ ਅਜਿਹੇ ਨਾਵਲਕਾਰ ਵਜੋਂ ਸਾਹਮਣੇ ਆਇਆ ਜਿਸਨੇ ਸਧਾਰਨ ਮਨੁੱਖ ਨੂੰ ਉਸਦੀ ਸਧਾਰਨਤਾ ਵਿਚ ਪੇਸ਼ ਕਰਨ ਦੇ ਨਾਲ ਉਸਦੀ ਮਨੋਵਿਗਿਆਨਕ ਪੱਧਰ ਮਾਨਸਿਕਤਾ ਨੂੰ ਪਾਠਕਾ ਸਾਹਮਣੇ ਪੇਸ਼ ਕਰਦਾ ਹੈ ।ਸਾਡੇ ਖੋਜ ਮਜਮੂਨ ਦਾ ਆਧਾਰ ਬਣਿਆ ਨਾਵਲ ‘ਖਬਰ ਇਕ ਪਿੰਡ ਦੀ’ ਆਪਣੇ ਆਪ ਵਿਚ ਇਕ ਵਿਸ਼ਾਲ ਕੈਨਵਸ ਹੋ ਨਿਬੜਦਾ ਹੈ ।ਪਰਗਟ ਸਤੌਜ ਦੇ ਇਸ ਨਾਵਲ ਦਾ ਅਧਿਐਨ ਕਰਦੇ ਹੋਏ ਇਸਦੇ ਚਿੰਨ੍ਹਾਂਤਮਕ ਪਾਸਾਰ ਨੂੰ ਸਮਝਣ ਦੇ ਨਾਲ ਨਾਲ ਲੇਖਕ ਨੇ ਪੰਜਾਬੀਆਂ ਤੇ ਪੰਜਾਬ ਲਈ ਜੋ ਚਿੰਤਾਜਨਕ ਧਾਰਨਾਵਾਂ ਪੇਸ਼ ਕੀਤੀਆਂ ਹਨ ਉਨ੍ਹਾਂ ਤੱਕ ਪਹੁੰਚ ਕੀਤੀ ਜਾਵੇਗੀ ।

ਖ਼ਬਰ ਇਕ ਪਿੰਡ ਦੀ ਨਾਵਲ ਮਿਹਰਪੁਰ ਪਿੰਡ ਨੂੰ ਆਪਣੇ ਬਿਰਤਾਂਤ ਦਾ ਆਧਾਰ ਬਣਾਉਂਦਾ ਹੈ। ਮਿਹਰਪੁਰ ਪਿੰਡ ਇਕ ਅਜਿਹੇ ਪਿੰਡ ਦਾ ਚਿੰਨ ਵਜੋਂ ਉਭਰ ਕੇ ਸਾਹਮਣੇ ਆਉਂਦਾ ਜਿਸ ਵਿਚਲੇ ਵੱਖ ਵੱਖ ਪਾਤਰ ਸਮਾਜਿਕ/ਰਾਜਨੀਤਿਕ/ਆਰਥਿਕ/ਧਾਰਮਿਕ ਆਦਿ ਪ੍ਰਸਥਿਤੀਆਂ ਨੂੰ ਪੇਸ਼ ਕਰਦੇ ਹਨ ।ਨਾਵਲਕਾਰ ਨੇ ਮੈਂ ਪਾਤਰ ਰਾਹੀ ਬਲਵੰਤ (ਸੂਤਰਧਾਰ) ਪੇਸ਼ ਕੀਤਾ ਹੈ। ਇਹ ਪਾਤਰ ਹੰਢਾਏ ਦੁੱਖ ਤਕਲੀਫ ਤੇ ਪਿੰਡ ਵਿਚ ਚਲਦੀ ਕਹਾਣੀ ਨੂੰ ਇਕ ਖਬਰ ਦੀ ਸੁਰਖ਼ੀ ਦੀ ਤਰ੍ਹਾਂ ਪੇਸ਼ ਕਰਦਾ ਹੈ।ਮਿਹਰਪੁਰ ਪਿੰਡ ਇਕ ਅਜਿਹੇ ਚੱਕਰਵਿਊ ਵਜੋਂ ਪੇਸ਼ ਹੋਇਆ ਹੈ ਜਿਸ ਵਿਚਲੇ ਪਾਤਰ ਅਭਿਮੰਨਿਓ ਦੀ ਤਰ੍ਹਾਂ ਨਿਕਲ ਨਹੀਂ ਸਕਦੇ। ਬਲਵੰਤ ਵਿਚ ਉਸੇ ਚੱਕਰਵਿਊ ਦਾ ਸ਼ਿਕਾਰ ਹੁੰਦਾ ਹੈ। ਜਸਵੀਰ ਰਾਣਾ ਦੀ ਧਾਰਨਾ ਅਨੁਸਾਰ, ਇਸ ਨਾਵਲ ਦੀ ਸਭ ਤੋਂ ਵੱਡੀ ਖ਼ੂਬਸੂਰਤੀ ਇਹ ਹੈ ਕਿ ਇਹ ਇੱਕੋਂ ਸਮੇਂ ਬਦਲ ਚੁੱਕੇ ,ਬਦਲ ਰਹੇਂ ਅਤੇ ਬਦਲ ਜਾਣ ਵਾਲੇ ਪੰਜਾਬ ਦੀ ਸਭ ਤੋਂ ਅਮੀਰ ਇਕਾਈ ਪਿੰਡ ਨੂੰ ਆਪਣੀ ਵਸਤੂ ਸਮੱਗਰੀ ਬਣਾਉਂਦਾ ਹੈ। ਲੰਬੇ ਤੇ ਡੂੰਘੇ ਰੁਖ ਚੱਲਣ ਵਾਲੀ ਇਹ ਗਲਪੀ ਰਚਨਾ ਪੇਂਡੂ ਰਹਿਤਲ ਨਾਲ ਜੁੜੇ ਉਸ ਖਾਲਸ ਪੰਜਾਬੀ ਮਨੁੱਖ ਦੀ ਸੋਚ,ਵਿਵਹਾਰ.ਕਾਰਜ ਸ਼ੈਲੀ ਅਤੇ ਜੀਵਨ-ਝਾਕੀ ਨਾਲ ਜੁੜੇ ਬਹੁਪਰਤੀ ਸਰੋਕਾਰਾਂ ਦੀ ਖਬਰ -ਸਾਰ ਦਿੰਦਾ ਹੈ,ਜਿਸ ਨੂੰ ਵਿਸ਼ਵ ਪਿੰਡ ਦੀ ਉਸਾਰੀ ਕਰਨ ਵਾਲੀਆਂ ਧਿਰਾਂ ਨੇ ਮੂਲੋਂ ਹੀ ਬੇ-ਪਛਾਣ ਕਰ ਦਿੱਤਾ ਹੈ।” (ਸਰਵਰਕ ਟਿੱਪਣੀ ‘ਖ਼ਬਰ ਇਕ ਪਿੰਡ ਦੀ)

ਖਬਰ ਇਕ ਪਿੰਡ ਦੀ ਨਾਵਲ ਨੂੰ ਲੇਖਕ ਨੇ ਕੁਝ ਅੰਕਾ ਦੇ ਵਿਚ ਵੰਡ ਕੇ ਅਖਬਾਰ ਦੀ ਖਬਰ ਦੀ ਤਰ੍ਹਾਂ ਪੇਸ਼ ਕੀਤਾ ਹੈ:

***ਧਰਮਰਾਜ ਦੀ ਕਚਹਿਰੀ ਵਿਚ***
**ਵਿਸ਼ਵਸਾਗਰ**
**ਧਰਮਸ਼ਾਲਾ ਬਨਾਮ ਸਰਕਾਰ ਦੀ ਮਾਂ ਦੀ**
**ਹਿਪੋਕੈਂਮਪਸ ਕਮਰੇ ਵਿਚ**
**ਪਰਦੇ ਦੇ ਪਿਛੇ**
**ਫਿਲਮ ਦਾ ਇਲ ਟਰੇਲਰ**
**ਘਟਨਾ ਦਾ ਪਹਿਲਾ/ਦੂਜਾ ਰਾਜ**
**ਲ਼ਵ ਸਟੋਰੀ’ਚ ਗਰੀਬੀ ਦਾ ਮਸਲਾ ਭਾਗ-1.2.3.4.5**
**ਵਿਸ਼ਵਸਾਗਰ ਦਾ ਮੱਕੜ ਜਾਲ**
**ਬਰੇਕ**
**ਕੁਝ ਦਿਨਾਂ ਬਾਅਦ (ਪ੍ਰਸ਼ਨੋਤਰੀ ਵਿਧੀ)**
**ਮਿਹਰਪੁਰ ਵਿਚ ਸਿੱਖੀ ਸਿਆਣਪ**
**ਧਰਮਾਂ ਵਿਚ ਬਚਪਨ**
**ਲ਼ਾਇਵ ਸ਼ੌਅ**
**ਤਪਦਿਕ**
**ਮੈਂਨੂੰ ਸਮਝ ਲੈ ਬਾਪੂ**
**ਡਰ ਦੇ ਅੱਗੇ ਪਿਆਰ ਹੈ**
**ਦਸ ਦਿਨਾਂ ਬਾਅਦ**
**ਯੁੱਧ ਖੇਤਰ**
**ਡੁੱਬਦਾ ਸੂਰਜ**
**ਮਨ ਅੰਦਰਲਾ ਚੋਰ**
**ਰਾਖ ਦੀ ਗੇਮ-ਦਾ ਲਾਇਵ ਸ਼ੋਅ**
ਪਹਿਲੀ ਖਬਰ –ਕਰਮੇ ਨੇ ਵਿਆਹ ਕਰਵਾ ਲਿਆ+ਮੁੱਲ ਦੀ ਲਿਆਦੀ
ਦੂਜੀ ਖਬਰ –ਨਲਾਇਕ ਮਿਰਜੇ ਦਾ ਕਤਲ
***ਤੀਜੀ ਖਬਰ-ਲਵ ਦਾ ਦਿ ਐਂਡ***

ਡਾ.ਹਰਦਿਲਜੀਤ ਸਿੰਘ ਗੋਸਲ ਇਸ ਨਾਵਲ ਦੇ ਅਹਿਮ ਪਹਿਲੂਆਂ ਸੰਬੰਧੀ ਆਪਣੀ ਧਾਰਨਾ ਦਿੰਦੇ ਹਨ ਕਿ ਉਇਹ ਨਾਵਲ ਨਵੇਂ ਢੰਗ ਨਾਲ ਅਜੋਕੇ ਪਿੰਡ ਦੀ ਗਾਥਾ ਕਹਿੰਦਾ ਹੈ। ਬਦਲ ਰਹੇ ਮਨੁੱਖ ਦੀ ਮਾਨਸਿਕਤਾ, ਗੁੰਝਲਦਾਰ ਹੋ ਰਹੇ ਰਿਸ਼ਤੇ-ਨਾਤੇ ਅਤੇ ਇਹਨਾਂ ਨੂੰ ਸਿੱਧੇ,ਅਸਿੱਧੇ ਰੂਪ ‘ਚ ਪ੍ਰਭਾਵਿਤ ਕਰਦੀ ਆਰਥਿਕਤਾ ਅਤੇ ਹੋਰ ਕਿੰਨਾ ਕੁਝ ਜੋ ਪਿੰਡ ਦੇ ਅੰਦਰੇ ਅੰਦਰ ਰਿੱਝ ਰਿਹਾ ਹੈ।ਰੌਚਕ ਸ਼ੈਲੀ ਤੇ ਖੂਬਸੂਰਤ ਢੰਗ ਨਾਲ ਸਾਡੇ ਸਾਹਮਣੇ ਲਿਆਉਂਦਾ ਹੈ। ਇਹ ਸਿਰਫ ਇਕ ਪਿੰਡ ਦੀ ਨਹੀਂ ਸਗੋ ਹਰ ਪਿੰਡ ਦੀ ਕਹਾਣੀ ਹੈ।” ( ਖ਼ਬਰ ਇਕ ਪਿੰਡ ਦੀ , ਸਰਵਰਕ ਟਿੱਪਣੀ)

ੳ) ਸਥਿਤੀਆਂ ਦਾ ਵਿਰੋਧ :ਇਹ ਵਿਰੋਧ ਸਮਾਜਿਕ ,ਆਰਥਿਕ ,ਰਾਜਨੀਤਿਕ ਰਾਹੀਂ ਰੂਪਮਾਨ ਹੁੰਦਾ ਹੈ।ਇਕ ਪਾਸੇ ਸਿਸਟਮ/ਸੱਤਾ ਨੂੰ ਚਲਾਉਣ ਵਾਲੀ ਧਿਰ ਹੈ ਤੇ ਦੂਜੇ ਪਾਸੇ ਇਸ ਸਿਸਟਮ ਦਾ ਸ਼ਿਕਾਰ ਹੋ ਰਹੇ ਆਮ ਲੋਕ ਹਨ।

(ਮਹਿਰਪੁਰ ਪਿੰਡ)

**ਸੱਤਾਧਾਰੀ ਲੋਕ**
**ਸਧਾਰਨ ਲੋਕ**
**ਸੁਖਦੇਵ ਪਟਵਾਰੀ ਮੀਤਾ**
**ਬਲਵਿੰਦਰ ਮਾਸਰਟ**
**ਰਾਜਾ/ਹਰਦੀਪ ਸੁਖਪਾਲ ਪ੍ਰਿੰਸੀਪਲ**
**ਬਲਵੰਤ/ਮਨੀ**
**ਕਰਮਾ/ਪਾਲੀ**

**ਅ) ਪਰਿਸਥਿਤੀਆਂ ਦਾ ਵਿਰੋਧ: ਮੀਤਾ ਗਰੀਬੀ ਭਰੇ ਨਰਕੀ ਜੀਵਨ ਤੋਂ ਛੁਟਕਾਰਾਂ ਪਾਉਣਾ ਚਾਹੁੰਦਾ ਹੈ।**
ਆਪਣੇ ਪਰਿਵਾਰ ਦਾ ਪੇਟ ਪਾਲਣ ਵਿਚ ਉਹ ਕਾਮਯਾਬ ਨਹੀਂ ਹੋ ਪਾ ਰਿਹਾ,ਜਿਸ ਕਾਰਨ ਨਿਰਾਸ਼ਾ ਵਿਚ ਉਹ ਬੀਤੇ ਸਮੇਂ ਨੂੰ ਯਾਦ ਕਰ ਕੇ ਝੂਰਦਾ ਹੈ ਅਤੇ ਵਰਤਮਾਨ ਪ੍ਰਸਥਿਤੀਆਂ ਨੂੰ ਕੋਸਦਾ ਹੈ।ਪਰ ਨਾਲ ਹੀ ਆਪਣੇ ਪੁੱਤਰ ਲਈ ਭਵਿੱਖਮਈ ਸੁਪਨੇ ਵੀ ਬੁਣਦਾ ਹੈ।(ਪਰ ਉਹ ਸੁਪਨੇ ਸਕਾਰ ਨਹੀਂ ਹੁੰਦੇ ਬਲਕਿ ਆਪ ਆਪਣੇ ਪੁੱਤਰ ਨੂੰ ਵੀ ਮਜ਼ਬੂਰੀ ਵੱਸ ਨਾਲ ਸੀਰੀ ਰਲਾ ਕੇ ਕੰਮ ਕਰਨ ਨੂੰ ਮਜ਼ਬੂਰ ਹੋ ਜਾਂਦਾ ਹੈ। ਰਾਜਾ ਤੇ ਹਰਦੀਪ ਸੱਚੀ ਦੋਸਤੀ ਦੀ ਮਿਸਾਲ ਦਿੰਦੇ ਹਨ ਜੋ ਜੱਟ ਤੇ ਮਜ਼ਬੀ ਜਾਤ ਤੋਂ ਉਪਰ ਉੱਠ ਕੇ ਮਜ਼ਦੂਰ ਦੀ ਜਿੰਦਗੀ ਨੂੰ ਬਿਆਨ ਕਰਦੇ ਹਨ। ਰਾਜਾ ਪੜਿਆ ਲਿਖਿਆ ਹੋਣ ਦੇ ਬਾਵਜੂਦ ਸਰਕਾਰੀ ਨੌਕਰੀ ਤੋਂ ਵਾਝਾ ਰਹਿ ਜਾਂਦਾ ਕਿਉਕਿ ਨੌਕਰੀ ਘੱਟ ਨੰਬਰ ਵਾਲੇ ਛੋਟੀ ਜਾਤ ਦੇ ਬਲਵਿੰਦਰ ਨੂੰ ਮਿਲ ਜਾਂਦੀ ਹੈ। ਬਲਵਿੰਦਰ ਅਮੀਰ ਸੁਖਦੇਵ ਪਟਵਾਰੀ ਦਾ ਪੁੱਤਰ ਹੈ। ਨੌਕਰੀ ਸਮੇਂ ਲਿਆਕਤ ਦਾ ਕੋਈ ਮੁੱਲ ਨਹੀਂ ਪੈਂਦਾ,ਜਿਸ ਕਾਰਨ ਨਿਰਾਸ਼ ਰਾਜਾ ਗਲਤ ਰਸਤੇ ਤੇ ਚੱਲ ਪੈਂਦਾ ਹੈ।ਹਰਦੀਪ ਅਸਲ ਵਿਚ ਛੋਟੀ ਜਾਤ ਨਾਲ ਸੰਬੰਧ ਰੱਖਦਾ ਪਰ ਜਾਤ ਨਾਲ ਸੰਬੰਧਿਤ ਕੋਈ ਰਾਖਵੇਂਕਰਨ ਦਾ ਫਾਇਦਾ ਨਹੀਂ ਮਿਲਦਾ,ਇਹ ਦੋਵੇਂ ਪਾਤਰ ਜਿੰਦਗੀ ਦੇ ਸੁਹਣੇ ਰੰਗਾਂ ਤੋਂ ਸੱਖਣੇ ਹੋ ਕਿ ਇਕ ਮਜ਼ਦੂਰ ਵਰਗ ਦੀ ਪੇਸ਼ਕਾਰੀ ਕਰਦੇ ਹਨ,ਜਿੰਨ੍ਹਾ ਦੇ ਸੁਪਨੇ ਪੂਰੇ ਨਹੀ ਹੋ ਪਾ ਰਹੇ।ਬਲਵੰਤ ਨਾਵਲ ਦਾ ਸੂਤਰਧਾਰ ਵੀ ਹੈ ਅਤੇ ਪ੍ਰਸਥਿਤੀਆਂ ਦਾ ਮਾਰਿਆ ਹੋਇਆ ਗਰੀਬ ਇਨਸਾਨ ਜੋ ਜਿੰਦਗੀ ਤੇ ਪਿਆਰ ਦੀ ਜੰਗ ਹਾਰ ਚੁੱਕਾ ਹੈ। ਗਰੀਬ ਸੁਨਿਆਰਿਆ ਦੀ ਔਲਾਦ ਬਲਵੰਤ ਆਪਣੇ ਬਾਪ ਦੀ ਮੌਤ ਤੋਂ ਬਾਅਦ ਇੱਟਾ ਦੇ ਭੱਠੇ ਉਪਰ ਦਿਹਾੜੀ ਕਰਨ ਲੱਗ ਜਾਂਦਾ ਹੈ ਨਾਲ ਹੀ ਗਰੀਬ ਹੋਣ ਕਾਰਨ ਮਨੀ ਨਾਲ ਵਿਆਹ ਨਹੀਂ ਕਰਵਾ ਪਾਉਂਦਾ ।ਅੰਤ ਉਪਰ ਕੈਂਸਰ ਦੀ ਬਿਮਾਰੀ ਕਾਰਨ ਮਾਰਿਆ ਜਾਂਦਾ ਹੈ। ਕਰਮਾ ਛੋਟੀ ਕਿਸਾਨੀ ਨੂੰ ਪੇਸ਼ ਕਰਨ ਵਾਲਾ ਹੈ ਜੋ ਪਹਿਲਾ ਪਾਲੀ ਨਾਲ ਵਿਆਹ ਨਾ ਹੋਣ ਕਾਰਨ ਸ਼ਰਾਬ ਦਾ ਸਹਾਰਾ ਲੈਂਦਾ ਹੈ। ਵਿਆਹ ਦੀ ਉਮਰ ਨਿਕਲ ਜਾਣ ਕਾਰਨ ਤੇ ਥੌੜੀ ਜਮੀਨ ਹੋਣ ਕਾਰਨ ਬਿਹਾਰ ਤੋਂ ਮੁੱਲ ਦੀ ਲਿਆਦੀ ਕੁੜੀ ਨਾਲ ਵਿਆਹ ਕਰਵਾ ਲੈਂਦਾ ਹੈ।

ੳ) ਕਿਵੇਂ ਆਪਣੇ ਵਿਆਹ ਦੀ ਉਮਰ ਲੰਘਾ ਚੁੱਕੀ ਰਾਜੇ ਦੀ ਭੈਣ ਆਪਣੇ ਹੱਥਾਂ ‘ਚ ਕਲੀਰੇ ਬੰਨਣ ਨੂੰ ਉਡੀਕ ਰਹੀ ਹੈ।ਉਸਦੇ ਅੰਦਰ ਕਿੰਨਾ ਹੀ ਕੁਝ ਹੌਲੀ ਹੌਲੀ ਮਰਦਾ ਜਾ ਰਿਹਾ ਹੈ।...ਮੀਤੇ ਦੇ ਆਪਣੇ ਪੁੱਤਰ ਨੂੰ ਵੱਡਾ ਅਫ਼ਸਰ ਬਣਾਉਣ ਦੇ ਸੁਪਨੇ ਅੱਜ ਕੱਲ੍ਹ ਸਰਪੰਚ ਦੀਆਂ ਮੱਝਾਂ ਦੀਆਂ ਖੁਰਲੀਆਂ ‘ਚ ਕਿਰ ਗਏ ਹਨ ਜਾਂ ਰਾਤ ਨੂੰ ਠਰੀਆਂ ਰਾਤਾਂ ‘ਚ ਕਣਕਾਂ ਰਮਾਉਦਿਆਂ ਖੇਤਾਂ ਦੀਆਂ ਵੱਟਾਂ ਤੋਂ ਤਿਲਕ ਰਹੇ ਹਨ।”( ਖਬਰ ਇਕ ਪਿੰਡ ਦੀ,143)

ੲ) ਘਟਨਾਵਾਂ ਅਤੇ ਪਾਤਰਾਂ ਦਾ ਵਿਰੋਧ: ਨਾਵਲ ਦੇ ਵਿਚ ਪੀੜਤ ਪਾਤਰਾਂ ਦੇ ਵਿਰੋਧ ਨੂੰ ਨਾਵਲਕਾਰ ਨੇ ਬਹੁਤ ਵਧੀਆਂ ਢੰਗ ਨਾਲ ਪੇਸ਼ ਕੀਤਾ ਹੈ ।ਅਖਬਾਰ ਵਿਚ ਖਬਰ ਦੀ ਸੁਰਖੀ ਦੀ ਤਰਾਂ ਉਹ ਇਹ ਇਹ ਘਟਨਾਵਾਂ ਸਿਰਲੇਖ ਰੂਪ ਵਿਚ ਪੇਸ਼ ਕਰਦਾ ਹੈ: ਧਰਮਸ਼ਾਲਾ ਬਨਾਮ ਸਰਕਾਰ ਦੀ ਮਾਂ ਦੀ...,ਹਿਪੋਕੈਂਮਪਸ ਕਮਰੇ ‘ਚੋਂ,ਲਵ ਸਟੋਰੀ ‘ਚ ਗਰੀਬ ਦਾ ਮਸਲਾ,ਕਰਮੇ ਨੇ ਵਿਆਹ ਕਰਵਾ ਲਿਆ-ਮੁੱਲ ਦੀ ਲਿਆਂਦੀ ਆਦਿ ।ਇਸ ਵਿਚ ਪਾਤਰ ਵਾਪਰ ਰਹੀਆਂ ਘਟਨਾਵਾਂ ਨਾਲ ਉਲਝਦੇ,ਨਿਰਾਸ਼ ਹੁੰਦੇ ਨਜ਼ਰ ਆਉਂਦੇ ਹਨ।ਪਰ ਕਿਤੇ ਵੀ ਇਸ ਤੋਂ ਮੁਕਤ ਨਹੀਂ ਹੋ ਪਾਉਂਦੇ। ਇਹ ਤਨਾਓ ਸਦੀਆਂ ਤੋਂ ਚਲਦਾ ਆ ਰਿਹਾ ਹੈ। ਅਤੇ ਵਰਤਮਾਨ ਵਿਚ ਰਾਜਾਂ,ਹਰਦੀਪ,ਮੀਤਾ,ਬਲਵੰਤ ਇਸ ਨਾਲ ਲੜਦੇ ਪਏ ਹਨ। ਨਾਵਲਕਾਰ ਰਚਨਾਕਾਰੀ ਦੇ ਪੱਖ ਤੋਂ ਇਕ ਨਵਾਂ ਪ੍ਰਯੋਗ ਕਰਦਾ ਹੈ। ਜ਼ਿੰਦਗੀ ਨਾਲ ਜੁੜੀਆਂ ਉਹਨਾਂ ਹਕੀਕਤਾਂ ਨੂੰ ਪੇਸ਼ ਕਰਦਾ ਹੈ,ਜੋ ਆਮ ਮਨੁੱਖ ਆਪਣੇ ਜਿਸ ਪੱਧਰ ਉਪਰ ਜ਼ਿੰਦਗੀ ਬਤੀਤ ਕਰ ਰਹੇ ਤੇ ਇਹ ਜੀਵਨ ਕਿਵੇਂ ਉਹਨਾਂ ਦੀ ਮਾਨਸਿਕਤਾਂ ਨੂੰ ਤਨਾਓ ਦੀ ਪੱਧਰ ਉਪਰ ਲੈ ਕੇ ਜਾਂਦਾ ਹੈ ।ਇਸਦੇ ਨਾਲ ਹੀ ਪਿੰਡ ਵਿਚ ਵਾਪਰ ਰਹੀਆਂ ਤਬਦੀਲੀਆਂ ਕਿਵੇਂ ਆਮ ਘਰ ਤੇ ਆਮ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ। ਨਾਵਲਕਾਰ




ਇਹਨਾਂ ਘਟਨਾਵਾਂ ਦੇ ਰਾਹੀ ਵਿਸ਼ਵੀਕਰਨ ਦੇ ਬੁਰੇ ਪ੍ਰਭਾਵ ਹੇਠ ਆ ਰਹੇ ਲੋਕਾਂ ਦੀਆਂ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਦਾ ਹੈ।

ਉਸਾਰੇ ਪਿੰਡ ਵਿਚ ਸ਼ੋਰ ਹੀ ਸ਼ੋਰ ਹੈ। ਕੋਈ ਆਪਸ ਵਿਚ ਖਹਿਬੜ ਰਿਹਾ ਹੈ।ਕੋਈ ਮੁਫਤ ਦੀ ਪੀਤੀ ਨੂੰ ਘਰਵਾਲੀ ਤੇ ਲਾਹੁਣ ਵਿਚ ਲੱਗਿਆ ਹੋਇਆ ਹੈ। ਕਿਸੇ ਨੇ ਆਪਣੀ ਮਾਂ ਦੀ ਗੁੱਤ ਫੜੀ ਹੈ;ਕੋਈ ਪਿਓ ਨਾਲ ਸਿੰਗ ਫਸਾਈ ਬੈਠਾ ਹੈ। ਕਿਸੇ ਘਰ ਚੂੜੇ ਵਾਲੀ ਡੁਸਕ ਰਹੀ ਹੈ ਤੇ ਕਿਤੇ ਬੱਚਿਆਂ ਦਾ ਚੀਕ-ਚਿਹਾੜਾ ਹੈ।ਮੈਂ ਇਸ ਸ਼ੋਰ ਤੋਂ ਘਬਰਾ ਕੇ ਤੇਜੀ ਨਾਲ ਪਿੰਡ ਛੱਡ ਜਾਂਦਾ ਹਾਂ।ਹਵਾ ‘ਉੱਡੇ ਜਾਂਦਿਆ ਵੀ ਮੈਨੂੰ ਮਹਿਸੂਸ ਹੁੰਦਾ ਹੈ ਜਿਵੇਂ ਬਹੁਤ ਸਾਰੇ ਹਾਉਕੇਂ ਮੇਰਾ ਪਿੱਛਾ ਕਰ ਰਹੇ ਹੋਣ।”( ਉਹੀ ਪੰਨਾ 129)

ਇੱਥੇ ਕੇਂਦਰੀ ਬਿੰਦੂ ਮਨੁੱਖ ਹੈ ਜੋ ਬਦਲਦੀਆਂ ਪਰਿਸਥਿਤੀਆਂ ਵਿਚ ਵਿਚਰ ਰਿਹਾ ਹੈ।ਇਨ੍ਹਾਂ ਪਰਿਸਥਿਤੀਆਂ ਦੇ ਬਦਲਣ ਜਿੱਥੇ ਮਨੁੱਖੀ ਵਿਹਾਰ ਬਦਲਦਾ ਉਥੇ ਉਸਦੀ ਮਾਨਸਿਕਤਾ ਵੀ ਪ੍ਰਭਾਵਿਤ ਹੁੰਦੀ ਹੈ। ਜਿਸ ਵਿਚ ਮਨੁੱਖ (ਬਲਵੰਤ,ਰਾਜਾਂ) ਉਠਦਾ, ਡਿਗਦਾ ਨਜ਼ਰੀ ਆਉਂਦਾ ਹੈ,ਜਿਹੜੀਆਂ ਪਰਿਸਥਿਤੀਆਂ ਤਣਾਉ ਸਿਰਜਦੀਆਂ ਤੇ ਜਿਹੜੇ ਪਾਤਰ ਉਹ ਤਣਾਉ ਭੋਗਦੇ ਹਨ,ਉਨ੍ਹਾਂ ਸਭ ਘਟਨਾਵਾਂ ਦਾ ਕਾਰਣ ਨਾਵਲਕਾਰ ਕਾਬਜ਼ ਸੱਤਾ ਤੇ ਉਸਦੀਆਂ ਕਾਬਜ਼ ਸ਼ਕਤੀਆਂ ਨੂੰ ਮੰਨਦਾ ਹੈ।

ਪੂੰਜੀਵਾਦ, ਗਲੋਬਲਾਈਜੇਸ਼ਨ ਵਿਚ ਮਨੁੱਖ ਜਿੰਨ੍ਹਾ ਉਲਾਰੂ ਬਿਰਤੀਆਂ ਦਾ ਸ਼ਿਕਾਰ ਹੋ ਰਿਹਾ ਉਸਨੂੰ ਨਾਵਲ ਵਿਚ ਵਿਅੰਗਤਾਮਕ ਸ਼ੈਲੀ ਰਾਹੀਂ ਪ੍ਰਸਤੁਤ ਕੀਤਾ ਗਿਆ ਹੈ। ਜੋ ਹਰ ਦ੍ਰਿਸ਼ ਵਿਚ ਦਵੰਦਤਾਮਕ ਸਥਿਤੀ ਪੈਦਾ ਕਰਦੀ ਹੈ ।ਨਾਵਲ ਵਿਚ ਕਾਬਜ਼-ਪ੍ਰਵਿਰਤੀਆਂ ਰਾਹੀਂ ਮਨੁੱਖੀ ਜੀਵਨ ਦੇ ਹਰ ਪੱਖ ਨੂੰ ਦਰਸਾਇਆ ਗਿਆ ਹੈ। ਇਸਦੇ ਨਾਲ ਹੀ ਪਾਤਰਾਂ ਦੀ ਆਪਸੀ ਵਾਰਤਾਲਾਪ, ਪ੍ਰਤੀਕਾ, ਚਿਹਨ, ਚਿਹਨਕਾਂ ਰਾਹੀਂ ਇਸਨੂੰ ਗੁੰਝਲਦਾਰ ਤੇ ਸਰਲ ਵੀ ਬਣਾਉਂਦਾ ਹੈ। ਇਹ ਬਹੁ-ਸੰਭਾਵੀ ਅਰਥਾਂ ਦੀ ਸਿਰਜਣਾ ਕਰਦਾ ਹੈ। ਡਾ.ਜਗਜੀਤ ਸਿੰਘ ਦੀ ਧਾਰਣਾ ਅਨੁਸਾਰ, ਚਿਹਨ ਵਿਗਿਆਨ ਦਾ ਸੰਬੰਧ ਮਨੁੱਖ ਦੇ ਸਵੈ ਦੀ ਭਾਸ਼ਾ ਦੇ ਅਧਿਐਨ ਨਾਲ ਹੈ। ਮਨੁੱਖ ਦਾ ਸਵੈ ਜਾਂ ਆਤਮ ਕਿਵੇਂ ਨਿਰਮਿਤ ਹੁੰਦਾ ਹੈ,ਸਮਾਜਕ- ਸਭਿਆਚਾਰਕ ਪੱਧਰਾਂ ਤੇ ਉਸਦੀ ਹੋਂਦ ਦਾ ਸੰਕਟ ਕੀ ਹੈ ਅਤੇ ਉਹ ਕਿਸ ਤਰਾਂ ਦੇ ਪ੍ਰਵਚਨ ਸਿਰਜਦਾ ਹੈ। ਚਿਹਨ ਵਿਗਿਆਨ ਮਨੁੱਖ ਦੇ ਪਾਠ ਉਤਪਾਦਨ ਦੇ ਅਮਨ ਨੂੰ ਇਨ੍ਹਾਂ ਸੰਦਰਭਾਂ ਅਧੀਨ ਵਾਚਣ ਵਾਲੀ ਅਧਿਐਨ ਪ੍ਰਣਾਲੀ ਹੈ। (ਚਿਹਨ ਵਿਗਿਆਨ,ਪੰਨਾ 72) ਨਾਵਲਕਾਰ ਪ੍ਰਤੀਕਾਤਮਕ ਪਸਾਰੇ ਰਾਹੀਂ ਜੀਵਨ ਦੇ ਉਨ੍ਹਾਂ ਪਹਿਲੂਆਂ ਨੂੰ ਉਜਾਗਰ ਕਰਦਾ ਹੈ, ਜੋ ਵਿਸ਼ਵ-ਵਿਆਪੀ ਚੇਤਨਾ ਨਾਲ ਜੁੜੀ ਹੋਈ ਹੈ। ਨਾਵਲ ਦੀ ਸ਼ੁਰੂਆਤ ਹੀ ਨਾਵਲ ਦਾ ਮੂਲ ਸਾਰ ਹੈ ਜੋ ਕਈ ਪ੍ਰਸ਼ਨ ਖੜੇ ਕਰਦਾ ਹੈ ਪਾਤਰ ਬਲਵੰਤ ਦਾ ਅਧੂਰੀਆਂ ਇਸ਼ਾਵਾਂ ਕਾਰਨ ਮਰਨਾਂ,ਬਲਵੰਤ ਦਾ ਰਿਸ਼ਵਤ ਨਾ ਦੇਣ ਅਤੇ ਰਾਖਵਾਂਕਰਨ ਹੋਣ ਕਾਰਣ ਕਿਸੇ ਹੋਰ ਨੂੰ ਨੌਕਰੀ ਮਿਲ ਜਾਣ ਤੇ ਉਸਦੇ ਬਦਲਦੇ ਹਾਵ-ਭਾਵ,ਮਾਨਸਿਕ ਤਣਾਉ ਨੂੰ ਸਿਰਜਦੇ ਹਨ। ਨਾਵਲਕਾਰ ਪੂੰਜੀਵਾਦੀ ਪ੍ਰਬੰਧ ਵਿਚ ਸਿਸਟਮ ਦੇ ਬਦਲਦੇ ਸਰੂਪ ਨੂੰ ਬਾਖ਼ੂਬੀ ਪੇਸ਼ ਕਰਦਾ ਹੈ।

**ਤਣਾਉ: ਮਨੁੱਖ—- ਬਲਵੰਤ/ਰਾਜਾਂ/ਹਰਦੀਪ/ਮੀਤਾ/ਕਰਮਾਂ**
**ਪਰਿਵਾਰ**
**ਆਰਥਿਕਤਾ**
**ਵਿਸ਼ਵੀਕਰਨ**
**ਸਮਾਜ**
**ਧਰਮ/ਜਾਤ**
**ਰਾਖਵਾਂਕਰਨ**
**ਰਾਜਨੀਤੀਕਰਨ**
ਬਦਲਦੇ ਨੇਮ ਪ੍ਰਬੰਧ — — —ਪੂੰਜੀਵਾਦ

ਨਾਵਲਕਾਰ ਹਰ ਖੇਤਰ ਵਿਚੋ ਮੈਟਾਫਰ ਵਰਤਦਾ ਹੋਇਆ ਰਚਨਾ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ ਕਰਦਾ ਹੈ। ਇਹ ਮੈਟਾਫਰ ਅਜੋਕੇ ਸਿਸਟਮ, ਮਨੁੱਖਤਾ, ਵਿਸ਼ਵ-ਵਰਤਾਰੇ ਦੇ ਰਹੱਸ ਨੂੰ ਸਪੱਸ਼ਟ ਕਰਦੇ ਹਨ ।ਨਾਵਲ ਵਿਚਲੇ ਅਰਥਾ ਨੂੰ ਪ੍ਰਾਪਤ ਕਰਨ ਲਈ ਪਾਠ ਸਰੰਚਨਾ ਨਾਲ ਬੱਝਣਾ ਪੈਂਦਾ ਹੈ ।ਭਾਵੇਂ ਅਰਥ-ਕੇਂਦਰਤਾਂ ਦੀ ਅਰਥ ਨਿਸ਼ਚਿਤਤਾ ਹੈ,ਅਰਥ ਦੀਆਂ ਨਿਰੰਤਰ ਬਣਦੀਆਂ ਅਤੇ ਬਦਲਦੀਆਂ ਸੰਭਾਵਨਾਵਾਂ ਹਨ। ਬਲਵੰਤ/ਮੀਤੇ ਆਦਿ ਦੇ ਮੋਨੋਲਾਗ ਉਦਾਸੀਨਤਾ ਦੀ ਸਥਿਤੀ ਨਾਲ ਸੰਬੰਧਿਤ ਹੈ। ਇਸ ਰਾਹੀਂ ਪਾਤਰਾਂ ਦਾ ਸਿਸਟਮ ਨਾਲ ਦਵੰਦ ਉਜਾਗਰ ਹੁੰਦਾ ਹੈ:

ਉ ਮੈਨੂੰ ਤਾਂ ਦਿਹਦੀ ਨੀ ਕਿਤੇ ਤਰੱਕੀ ਹੋਈ।ਆਹ ਦੇਖ ਲੈ,ਪਹਿਲਾ ਮੇਰੀ ਦਾਦੀ ਦੀ ਮਾਂ ਸਿਰ ਤੇ ਕੱਖ ਢੋਂਹਦੀ ਸੀ ਫੇਰ ਮੇਰੀ ਦਾਦੀ ਢੋਂਹਦੀ ਰਹੀ,ਫ਼ੇਰ ਮੇਰੀ ਮਾਂ ਦੇ ਸਿਰ ਤੇ ਟਿਕ ਗਈ ਉਹੀ ਪੰਡ। ਹੁਣ ਆਹ ਮੇਰੀ ਘਰ ਆਲੀ ਨੇ ਚੱਕੀ ਹੋਈ ਐ ਉਹੀ ਪੱਲੀ,ਕਿਸੇ ਦੇ ਖੇਤੋਂ ਕੱਖ ਖੋਤ ਕੇ ਲਿਆਉਣ ਲਈ।”(ਉਹੀ ਪੰਨਾ 16)

ਨਾਵਲਕਾਰ ਵਿਸ਼ਵੀਕਰਨ ਦੇ ਮਾਰੂ ਪ੍ਰਭਾਵ ਹੇਠ ਆ ਰਹੇ ਲੋਕਾਂ ਦੀ ਜ਼ਿੰਦਗੀ ਨੂੰ ਪੇਸ਼ ਕਰਦਾ ਨਾਲ ਉਹਨਾਂ ਪ੍ਰਮੁੱਖ ਮਸਲਿਆ ਬਾਰੇ ਗੱਲ ਕਰਦਾ ਜਿਸ ਵਿਚ ਉੱਚੀ ਜਾਂ ਨੀਵੀ ਜਾਤ ਵਾਲਾ ਨਹੀਂ ਬਲਕਿ ਅਮੀਰ ਤੇ ਗਰੀਬ ਵਿਚਲੇ ਅੰਤਰ ਵਾਲਾ ਮਨੁੱਖ ਉਲਝ ਰਿਹਾ ਹੈ ।ਸਰਕਾਰ ਤੇ ਪੂੰਜੀਪਤੀਆਂ ਨੇ ਆਮ ਪੱਧਰ ਦੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਇਆ ਹੋਇਆ ਹੈ । ਉਹ ਲੋਕ ਜਾਤ,ਧਰਮ,ਰਾਖਵੇਂਕਰਨ ਤੱਕ ਹੀ ਸੀਮਤ ਹਨ ਹਾਲਾਕਿ ਅਸਲੀ ਜੰਗ ਤਾਂ ਅਮੀਰ ਗਰੀਬ ਦੀ ਹੈ ਭਾਵੇ ਉਹ ਕਿਸੇ ਵੀ ਧਰਮ /ਜਾਤ/ਕੌਮ ਨਾਲ ਸੰਬੰਧ ਰੱਖਦਾ ਹੋਵੇ। ਨਾਵਲਕਾਰ ਇਹ ਸੱਚਾਈ ਪੇਸ਼ ਕਰਨ ਵਿਚ ਕਾਮਯਾਬ ਹੋਇਆ ਹੈ:

**ਰਾਜਨੀਤੀ**
**ਔਰਤ /ਮਰਦ ਸੰਬੰਧ**
**ਧਰਮ**
**ਜਾਤ ਅਮੀਰ ( ਪੂੰਜੀਵਾਦ)**
**ਕਿਸਾਨੀ**
**ਰਾਖਵਾਂਕਰਨ**
**ਬਾਲ ਮਜਦੂਰੀ**
**ਮਨੋਵਿਗਿਆਨਕ ਪੱਖ**
**ਵਾਤਾਵਰਨ ਦਾ ਪ੍ਰਦੂਸ਼ਿਤ ਹੋਣਾ**
**ਬਿਮਾਰੀਆ ਦਾ ਵੱਧਣਾ**

ਉਮਿਹਰਪੁਰ ਉੱਤੇ ਸ਼ਹਿਰੀ ਬਿਮਾਰੀ ਦਾ ਅਸਰ ਹੋਣਾ ਸ਼ੁਰੂ ਹੋ ਗਿਆ ਹੈ। ਅੱਜ-ਕੱਲ ਮਿਹਰਪੁਰ ਵਿਚ ਥਾਂ-ਥਾਂ ਗੰਦਗੀ ਦੇ ਢੇਰ ਲੱਗਣ ਲੱਗ ਗਏ ਗਨ। ਡਿਸਪੋਜਲ ਗਲਾਸ,ਪਲੇਟ, ਬੋਤਲਾਂ ਅਤੇ ਲਿਫ਼ਾਫਿਆ ਦੇ ਢੇਰ ਟੋਭਿਆਂ ਅਤੇ ਮੋੜਾ ਤੇ ਜਮਾਂ ਹੋਣੇ ਸੁਰੂ ਹੋ ਗਏ ਹਨ ।ਮੇਰੇ ਬਚਪਨ ਦਾ ਉਹ ਸਾਫ ਸੁਥਰਾ ਮਿਹਰਪੁਰ ਹੁਣ ਗੰਦੀ ਬਸਤੀ ਬਣਦਾ ਜਾ ਰਿਹਾ ਹੈ ।ਵਧਦੀ ਬੇਰੁਜਗਾਰੀ ਅਤੇ ਸੌਖਾਂ ਪੈਸਾ ਕਮਾਉਣ ਦੇ ਲਾਲਚ ‘ਚ ਘਰ ਘਰ ਬਲੈਕੀਏ ਉੱਠ ਖੜੇ ਹਨ ।ਦੋ ਨੰਬਰੀ ਸ਼ ਰ ਾ ਬ , ਭ_ ੱ ਕ ੀ ਅਫੀਮ,ਸਮੈਕ,ਹੈਰੋਇਨ ਉਧਾਰ ਆਟਾ ਲੈਣ ਵਾਂਗ ਤੁਸੀ ਸੌਖਿਆ ਹੀ ਬਹੁਤੇ ਘਰਾਂ ‘ਚੋ ਲੈ ਸਕਦੇ ਹ ਸਸਤੀਆਂ ਜ਼ਹਿਰੀਆਂ ਸ਼ਰਾਬਾਂ ਨੇ ਕੜੀਆਂ ਵਰਗੇ ਨੌਜਵਾਨ ਅੰਦਰੋਂ ਖੋਖਲੇ ਕਰ ਦਿੱਤੇ ਹਨ ।ਜਿਸ ਪਿੰਡ ‘ਚ ਕਈ ਸਾਲਾਂ ਬਾਅਦ ਕੋਈ ਬੁੜਾ ਠੇਰਾ ਮਰਦਾ ਸੀ ਹੁਣ ਹਰ ਰੋਜ਼ ਕੀੜੇ-ਮਕੌੜਿਆਂ ਵਾਂਗ ਛੋਟੇ ਵੱਡੇ ਬੰਦੇ ਵੱਡੇ ਬੰਦੇ ਮਰ ਰਹੇ ਹਨ।( ਉਹੀ ਪੰਨਾ 127)

ਨਾਵਲਕਾਰ ਭਾਵੇਂ ਨਾਵਲ ਵਿਚ ਵਿਦਰੋਹੀ/ਬਗਾਵਤੀ ਸੁਰ ਵਾਲੇ ਪ੍ਰਵਚਨ ਦਾ ਪੈਰਾਡਾਈਮ ਬਣਾ ਰਿਹਾ ਹੋਵੇ ਪਰ ਕਿਤੇ ਨਾ ਕਿਤੇ ਆਦਰਸ਼ ਸਮਾਜ/ਸਿਸਟਮ ਦੀ ਸਥਾਪਤੀ ਦਾ ਸੁਪਨਾ ਵੀ ਸਿਰਜਦਾ ਹੈ ।ਨਾਵਲਕਾਰ ਇਹ ਸਥਿਤੀ ਬਲਵੰਤ ,ਹਰਦੀਪ ਅਤੇ ਮੀਤੇ ਦੀ ਮਨੋਬਚਨੀ ਅਤੇ ਆਪਸੀ ਸੰਵਾਦ ਵਿਚ ਦ੍ਰਿਸ਼ਟੀਗੋਚਰ ਕਰਵਾਉਂਦਾ ਹੈ। ਪ੍ਰਗਟ ਸਤੌਜ ਹਰ ਖੇਤਰ ਵਿਚੋ ਮੈਟਾਫਰ ਵਰਤਦਾ ਹੋਇਆ ਰਚਨਾ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ ਕਰਦਾ ਹੈ ।ਇਹ ਮੈਟਾਫਰ ਅਜੋਕੇ ਸਿਸਟਮ,ਮਨੁੱਖਤਾ,ਵਿਸ਼ਵ-ਵਰਤਾਰੇ ਦੇ ਰਹੱਸ ਨੂੰ ਸਪੱਸ਼ਟ ਕਰਦੇ ਹਨ ।ਨਾਵਲ ਵਿਚਲੇ ਅਰਥਾ ਨੂੰ ਪ੍ਰਾਪਤ ਕਰਨ ਲਈ ਪਾਠ ਸਰੰਚਨਾ ਨਾਲ ਬੱਝਣਾ ਪੈਂਦਾ ਹੈ ।ਭਾਵੇਂ ਅਰਥ-ਕੇਂਦਰਤਾਂ ਦੀ ਅਰਥ ਨਿਸ਼ਚਿਤਤਾ ਹੈ ,ਅਰਥ ਦੀਆਂ ਨਿਰੰਤਰ ਬਣਦੀਆਂ ਅਤੇ ਬਦਲਦੀਆਂ ਸੰਭਾਵਨਾਵਾਂ ਹਨ ।ਰਾਜੇ ਅਤੇ ਹਰਦੀਪ ਦਾ ਮੋਨੋਲਾਗ ਉਦਾਸੀਨਤਾ ਦੀ ਸਥਿਤੀ ਨਾਲ ਸੰਬੰਧਿਤ ਹੈ ।ਇਸ ਰਾਹੀਂ ਦੋਵੇਂ ਪਾਤਰਾ ਦਾ ਸਿਸਟਮ ਨਾਲ ਦਵੰਦ ਉਜਾਗਰ ਹੁੰਦਾ ਹੈ:

ਉਬਾਈ ਰਾਜੇ।”ਸਾਡੇ ਤਾਂ ਮਨੂੰ ਨੇ ਮੋਹਰ ਲਾ ‘ਤੀ ਸੀ ਵੀ ਅਸੀਂ ਮਜ਼ਬੀ ਹੁੰਨੇ ਆਂ ।ਤੂੰ ਕਚਹਿਰੀਆਂ ਚੋਂ ਮੋਹਰਾਂ ਲਵਾਉਂਦਾਂ ਫਿਰਦਾ ਰਿਹਾ ਓਹ ਸਾਲੇ ਮੰਨੇ ਨਹੀਂ ਹੁਣ ਭਲਾ ਤੇਰੇ ਤੇ ਮੇਰੇ ਵਿਚ ਕੀ ਫਰਕ ਐ? ਫਰ ਸਰਕਾਰ ਕਹਿੰਦੀ ਰਾਜਾ ਜੱਟ ਐ,ਇਹ ਹਰਦੀਪ ਮਜਬੀ ਨਾਲ ਨੀ ਮਿਲ ਸਕਦਾ।..ਕਿਉ ਨੀ ਮਿਲ ਸਕਦਾ? ਅਸੀ ਬਚਪਨ ਦੇ ਆੜੀ।ਇੱਕ ਭਾਡੇ ‘ਚ ਖਾਧਾ-ਪੀਤਾ।ਓਕੇ ਉਸੀ ਮਿਲ ਨੀ ਸਕਦੇ! ( ਉਹੀ ਪੰਨਾ 29)

ਨਾਵਲ ਵਿਚਲੀ ਵਾਰਤਾਲਾਪ ਸਮਾਜਿਕ,ਰਾਜਨੀਤਿਕ,ਸਭਿਆਚਾਰਕ ਸਥਿਤੀ ਅਨੁਸਾਰ ਵਰਤੀ ਗਈ ਹੈ। ਭਾਸ਼ਾ,ਪਾਤਰ-ਉਸਾਰੀ,ਗੁੰਝਲ ਤੇ ਉਸ ਗੁੰਝਲ ਦਾ ਹੱਲ ਵੀ ਵਾਰਤਾਲਾਪ ਰਾਹੀਂ ਹੀ ਪੈਂਦਾ ਹੁੰਦਾ ਹੈ। ਸਿਰਲੇਖ ਦੇ ਕੇ ਇਕ ਤੋਂ ਬਾਅਦ ਇਕ ਘਟਨਾ ਪੇਸ਼ ਹੁੰਦੀ ਹੈ ।ਵਾਰਤਾਲਾਪ ਲਈ ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ ਪ੍ਰਤੀਕਾਤਮਕ ਰੂਪ ਵਿਚ ਕਰਦਾ ਹੈ ਜਿਵੇਂ ਰਾਜਾਂ ਤੇ ਉਸਦੇ ਦੋਸਤ ਹਰਦੀਪ ਦੀ ਰਾਂਖਵੇਕਰਨ ਸੰਬੰਧੀ ਵਾਰਤਾਲਾਪ,ਬਲਵੰਤ ਦੀ ਮਾਂ ਨਾਲ,ਹਰਜੀਤ ਦੀ ਬਾਬੇ ਨਾਲ,ਆਦਿ।

ਮਨੋਵਿਗਿਆਨਕ ਪੱਖ ਤੋਂ ਨਾਵਲ ਵਿਚ ਥਮਜਪ ਅਤੇ ਹਰਜੀਤ ਦੋ ਅਹਿਜੇ ਪਾਤਰ ਪੇਸ਼ ਕੀਤੇ ਗਏ ਹਨ ਜੋ ਮਾਨਸਿਕ ਇਸ਼ਾਵਾ ਦੀ ਪੂਰਤੀ ਨਾ ਹੋਣ ਕਾਰਨ ਕਿਸ ਪੱਧਰ ਉਪਰ ਮਾਨਸਿਕ ਤਨਾਅ ਦਾ ਸ਼ਿਕਾਰ ਹੋ ਜਾਂਦੇ ਹਨ ।ਥਪਜਪ ਆਪਣੇ ਸਰੀਰਕ ਲੌੜ ਦੀ ਪੂਰਤੀ ਲਈ ਆਪਣੀਆਂ ਨੂੰਹਾਂ ਉਪਰ ਬੁਰੀ ਨਜ਼ਰ ਰੱਖਦਾ ਹੈ ਪਰ ਸਾਥ ਨਾ ਮਿਲਣ ਉਪਰ ਅਖਬਾਰਾਂ /ਮੈਗਜੀਨਾਂ ਵਿਚ ਆਈਆਂ ਨਗਨ ਤਸਵੀਰਾਂ ਰਾਹੀ ਮਨ ਦੀਆਂ ਭਾਵਨਾਵਾਂ ਦਾ ਬਹਾਓ ਕਰਦਾ ਹੈ । ਸੁਪਨਮਈ ਦੁਨੀਆਂ ਰਾਹੀ ਆਪਣੇ ਅਧੂਰੀਆਂ ਇਛਾਵਾਂ ਦੀ ਪੂਰਤੀ ਕਰਨ ਦਾ ਯਤਨ ਕਰਦਾ ਹੈ ।

ਇਸ ਤੋਂ ਉਲਟ ਹਰਜੀਤ ਆਪਣਾ ਵਿਆਹ ਨਾ ਹੋਣ ਤੇ ਆਪਣੇ ਮਨ ਅੰਦਰਲੀਆਂ ਸੈਕਸ ਪ੍ਰਤੀ ਰੁਚੀਆਂ ਨੂੰ ਪਾਗਲਪਣ ਦੇ ਰੂਪ ਵਿਚ ਪੇਸ਼ ਕਰਦੀ ਹੈ ।ਉਸਦੀ ਮਾਂ ਅੰਧ-ਵਿਸ਼ਵਾਸਾਂ ਦਾ ਸਹਾਰਾ ਵੀ ਲੈਂਦੀ ਹੈ ਪਰ ਅੰਤ ਉਪਰ ਡਾਕਟਰ ਨੂੰ ਮਿਲਣ ਤੇ ਉਸਨੂੰ ਅਸਲੀ ਸਮੱਸਿਆ ਦਾ ਪਤਾ ਲੱਗਦਾ ਹੈ ।ਇਸ ਸਮੇਂ ਹਰਜੀਤ ਦੀ ਮਾਂ ਸ਼ਮਸੇਰ ਦਾ ਸਹਾਰਾ ਲੈਂਦੀ ਹੈ ਅਤੇ ਉਸਦੇ ਹਰਜੀਤ ਨਾਲ ਸਰੀਰਕ ਸੰਬੰਧ ਸਥਾਪਿਤ ਕਰਵਾ ਕੇ ਹਰਜੀਤ ਦੀਆਂ ਦੱਬੀਆ ਭਾਵਨਾਵਾਂ ਦਾ ਵਿਰੇਚਨ ਕਰਵਾਉਂਦੀ ਹੈ। ਨਾਵਲਕਾਰ ਪੰਜਾਬ ਦੇ ਸਿੱਖਿਆ ਪ੍ਰਬੰਧ ਉਪਰ ਵਿਅੰਗ ਕਰਦਾ ਹੈ ।ਆਮ ਪਰਿਵਾਰਾਂ ਦੇ ਬੱਚੇ ਕਿਵੇਂ ਇਹਨ੍ਹਾਂ ਸਰਕਾਰਾਂ ਦੀਆਂ ਗਲਤ ਨੀਤੀਆਂ ਦਾ ਸ਼ਿਕਾਰ ਹੋ ਰਹੇ ਹਨ ।ਉਸ ਉਪਰ ਵਿਅੰਗਮਾਈ ਚਰਚਾ ਕਰਦਾ ਹੈ।

ਨਿਸ਼ਕਰਸ਼:ਸਮੁੱਚੇ ਰੂਪ ਵਿਚ ਇਹ ਨਾਵਲ ਸਿਸਟਮ ਦੀਆ ਕੋਝੀਆਂ ਤੇ ਭ੍ਰਿਸ਼ਟ ਨੀਤੀਆਂ ਨੂੰ ਸਾਹਮਣੇ ਲੈ ਕੇ ਆਉਂਦਾ ਹੈ। ਮਾਰਕਸ ਤੇ ਏਂਗਲਜ਼ ਦੇ ਵਿਚਾਰ ਅਨੁਸਾਰ ਜਮਾਤੀ ਵਿਰੋਧ ਜ਼ਿੰਦਗੀ ਦੇ ਹਰ ਪਹਿਲੂ ਵਿਚੋਂ ਨਜ਼ਰੀ ਆਉਂਦੇ ਹਨ ।ਸੰਸਾਰ ਵਿਚ ਮਨੁੱਖ ਜ਼ਿੰਦਗੀ ਦੇ ਹਰ ਪੱਧਰ ਉੱਤੇ ਸੰਘਰਸ਼ ਕਰਦਾ ਰਹਿੰਦਾ ਹੈ ।ਜ਼ਿੰਦਗੀ ਵਿਚ ਸੰਘਰਸ਼ ਕੱਲ ਵੀ ਸੀ,ਅੱਜ ਵੀ ਹੈ ਅਤੇ ਇਸ ਸਿਸਟਮ ਦੀ ਬਦੋਲਤ ਚੱਲਦਾ ਹੀ ਰਹੇਗਾ ।ਨਾਵਲ ਵਿਚ ਇਹ ਸੰਘਰਸ਼ ਆਦਿ ਤੋਂ ਅੰਤ ਤਕ ਨਜ਼ਰੀ ਆਉਂਦਾ ਹੈ ।ਪ੍ਰਗਟ ਸਤੌਜ ਨਾਵਲ ਵਿਚ ਅੱਜ ਦੀਆਂ ਸਮੱਸਿਆਂਵਾਂ ਨੂੰ ਪ੍ਰਮੁੱਖਤਾ ਦਿੰਦਾ ਹੈ ਉਥੇ ਹੀ ਉਹ ਇਸ ਨਾਵਲ ਰਾਹੀਂ ਆਪਣੀ ਨਾਵਲੀ ਯੁਗਤਾ ਵਿਚ ਵਿਭਿੰਨਤਾ ਵੀ ਲੈ ਕੇ ਆਉਂਦਾ ਹੈ।

Punjab MONEY EXCHANGE
Pick Up & Delivery
NO EXTRA CHARGES
Contact for Sending & Receiving
MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
CONTACT FOR FAST SERVICE
Bikkar Gill (Moga) 780-465-6166
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal health insurance
Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.

TDS TICKET DISPUTE SOLUTIONS
AMARDEEP PANDHER
"Your Ticket Defender"
NO TEXTING
STOP SIGN
SPEEDING
TRAFFIC TICKETS
RED LIGHT
CALL NOW
TICKET DISPUTE SOLUTIONS
PH. 780-395-0677 FAX : 780-395-0772
CELL : 780-906-1800
Email : ticketdisputesolutions@gmail.com
www.ticketdisputesolutions.com
9220-34 Ave NW Edmonton, Alberta

ARROW DRYWALL INC.
The Name You Can Trust
Products of Services:
Insulation
Drywall
Taping
Texturing
Blow Insulation
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ
ਡਰਾਈਵਾਲ
ਟੇਪਿੰਗ
ਬਲੋ ਇੰਸੂਲੇਸ਼ਨ
ਟੈਕਸਚਰਿੰਗ
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

# ਅਰਪਨ ਲਿਖਾਰੀ ਸਭਾ ਦੀ ਮੀਟਿੰਗ ਭਾਰਤੀ ਆਜ਼ਾਦੀ ਦੇ ਸ਼ਹੀਦਾਂ ਨੂੰ ਸਮਰਪਿਤ ਰਹੀ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਅਗਸਤ ਮਹੀਨੇ ਦੀ ਮੀਟਿੰਗ 13 ਅਗਸਤ ਨੂੰ ਕੋਸੋ ਹਾਲ ਵਿੱਚ ਸਤਪਾਲ ਕੌਰ ਅਤੇ ਡਾ. ਜੋਗਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਇਹ ਮੀਟਿੰਗ ਵਿੱਚ ਭਾਰਤੀ ਆਜ਼ਾਦੀ ਦੇ ਪ੍ਰਵਾਨਿਆਂ ਨੂੰ ਸਮਰਪਿਤ ਕੀਤੀ ਗਈ। ਜਿਸ ਵਿੱਚ ਸਾਰੇ ਦੇਸ਼ ਭਗਤਾਂ ਨੂੰ ਸ਼ਰਧਾਜਲੀਆਂ ਦੇ ਕੇ ਯਾਦ ਕੀਤਾ ਗਿਆ। ਜਿੱਥੇ ਬਰਤਾਨਵੀ ਹਕੂਮਤ ਤੋਂ ਮਿਲ਼ੀ ਆਜ਼ਾਦੀ ਦੀ ਖੁਸ਼ੀ ਮਹਿਸੂਸ ਕੀਤੀ ਗਈ, ਉੱਥੇ ਹੀ ਲੱਖਾਂ ਲੋਕਾਂ ਦੇ ਉਜਾੜੇ, ਦੇਸ਼ ਦੀ ਵੰਡ ਨਾਲ ਫਿਰਕੂ ਨਫ਼ਰਤ ਨਾਲ ਮਾਰੇ ਗਏ ਪਰਿਵਾਰਾਂ ਦੇ ਲੋਕਾਂ ਨੂੰ ਵੀ ਯਾਦ ਕੀਤਾ ਗਿਆ। ਆਜ਼ਾਦੀ ਦੀ ਖੁਸ਼ੀ ਦੇ ਨਾਲ ਬਰਬਾਦੀ ਦਾ ਦੁੱਖ ਵੀ ਸਾਂਝਾ ਕੀਤਾ ਗਿਆ। ਦੇਸ਼ ਦੀ ਖੁਸ਼ਹਾਲੀ ਅਤੇ ਦੇਸ਼ ਵਾਸੀਆਂ ਵੱਲੋਂ ਠੰਢੀ ਵਾਂ ਦੇ ਬੁੱਲਿਆਂ ਦੀ ਕਾਮਨਾ ਕੀਤੀ ਗਈ।

ਉਪਰੰਤ ਦਸ ਅਗਸਤ ਨੂੰ ਬਾਬੂ ਰਜ਼ਬ ਅਲੀ ਖ਼ਾਨ ਦਾ ਜਨਮ ਦਿਨ ਸੀ, ਉਨ੍ਹਾਂ ਵੱਲੋ ਕਵੀਸ਼ਰੀ-ਕਾਵਿ ਵਿੱਚ ਪਾਏ ਅਨੂਠੇ ਯੋਗਦਾਨ ਨੂੰ ਵੀ ਸਲਾਹਿਆ ਗਿਆ। ਇਕਬਾਲ ਖ਼ਾਨ ਵੱਲੋਂ ਇੱਕ ਕਵਿਤਾ 'ਸੋਚਣ ਢੰਗ'ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਕੇ ਅਟੱਲ ਸਚਾਈ 'ਖ਼ੂਨ ਖ਼ੂਨ ਹੰਦਾ ਮਹਿਕ ਮਹਿਕ ਹੁੰਦੀ ਹੈ' ਸਰੋਤਿਆਂ ਨੂੰ ਗੰਭੀਰ ਕਰ ਦਿੱਤਾ। ਪ੍ਰਭਦੇਵ ਗਿੱਲ ਨੇ ਨਿਊਫਾਉਡਲੈਂਡ ਸੂਬੇ ਦੀ ਯਾਤਰਾ ਦੇ ਅਨੁਭਵ ਸਾਂਝੇ ਕੀਤੇ ਨਾਲ ਹੀ ਕੁਝ ਸ਼ੇਅਰਾਂ ਨਾਲ ਹਾਜ਼ਰੀ ਲਗਵਾਈ।

ਸਤਨਾਮ ਸਿੰਘ ਢਾਅ ਨੇ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਸ਼ਹੀਦੀ ਦੀ ਗਾਥਾ ਨੂੰ ਕਵੀਸ਼ਰੀ ਰੰਗ ਵਿੱਚ ਸੁਣਾ ਕੇ ਸ਼ਹੀਦਾਂ ਦੇ ਦੇਸ਼ ਪ੍ਰਤੀ ਪਿਆਰ ਦੀ ਤਸਵੀਰ ਨੂੰ ਪੇਸ਼ ਕਰ ਦਿੱਤਾ। ਜਸਵੀਰ ਸਿਹੋਤਾ ਨੇ ਆਪਣੇ ਲਿਖੇ ਕੁਝ ਦੋਹੇ ਸੁਣਾਏ ਹਾਜ਼ਰੀਨ ਵੱਲੋਂ ਵਾਹ ਵਾਹ ਖੱਟੀ। ਕੁਲਦੀਪ ਕੌਰ ਘਟੌੜਾ ਨੇ ਰੱਖੜੀ ਦੇ ਦਿਨ ਦੀ ਗੱਲ ਕਰਦਿਆਂ ਭੈਣਾਂ ਤੇ ਭਰਵਾਂ ਦੇ ਸਦੀਵੀ ਪਿਆਰ ਨੂੰ ਬਣਾਈ ਰੱਖਣ ਤੇ ਜੋਰਦਾਰ ਸ਼ਬਦਾਂ ਵਿੱਚ ਸੁਝਾਅ ਰੱਖੇ। ਲਖਵਿੰਦਰ ਸਿੰਘ ਜੌਹਲ ਨੇ ਅਜ਼ਾਦੀ ਦੀ ਕਵਿਤਾ ਗਾ ਕੇ ਦੇਸ਼ ਭਗਤਾਂ ਦੇ ਸੁਪਨਿਆਂ ਨੂੰ ਇੱਕ ਵਾਰ ਫੇਰ ਸਰੋਤਿਆਂ ਦੇ ਸਨਮੁਖ ਕੀਤਾ।

ਡਾ. ਜੋਗਾ ਸਿੰਘ ਸਹੋਤਾ ਨੇ ਰੱਖੜੀ ਦੇ ਇਤਿਹਾਸਕ ਪਿਛੋਕੜ ਬਾਰੇ ਖੋਜ ਭਰਪੂਰ ਵਿਚਾਰ ਰੱਖੇ। ਕੈਸ਼ੀਓ (ਸਾਜ਼) 'ਤੇ ਦੇਸ਼ ਦੀ ਆਜ਼ਾਦੀ ਦਾ ਇੱਕ ਗੀਤ ਬੁਲੰਦ ਅਵਾਜ਼ ਵਿੱਚ ਪੇਸ਼ ਕੀਤਾ ਅਤੇ ਰੂਹ ਨੂੰ ਸਕੂਨ ਦੇਣ ਵਾਲੀ ਹਿੰਦੀ ਦੀ ਇੱਕ ਬਹੁਤ ਹੀ ਮਕਬੂਲ ਗ਼ਜ਼ਲ ਪੇਸ਼ ਕਰਕੇ ਸਰੋਤਿਆਂ ਦੇ ਮਨ ਕੀਲ ਲਏ। ਇੰਡੀਆ ਤੋਂ ਆਏ ਮਹਿਮਾਨ ਦਵਿੰਦਰਪਾਲ ਸਿੰਘ ਜੱਟਪੁਰੀ ਨੇ ਕਿਸਾਨੀ ਸੰਘਰਸ਼ ਸਮੇਂ ਆਪਣੇ ਪਾਏ ਯੋਗਦਾਨ ਬਾਰੇ ਗੱਲ ਕਰਦਿਆਂ ਆਪਣੇ ਪਿਤਾ ਜੀ ਦੀ ਲਿਖੀ ਕਵਿਤਾ ਸਾਂਝੀ ਕੀਤੀ ਜਿਸ ਨੂੰ ਸਰੋਤਿਆਂ ਵੱਲੋਂ ਦਾਦ ਦਿੱਤੀ ਗਈ। ਨਾਮਵਰ ਗ਼ਜ਼ਲ-ਗੋ ਕੇਸਰ ਸਿੰਘ ਨੀਰ ਨੇ ਹਮੇਸ਼ਾ ਦੀ ਤਰ੍ਹਾਂ ਵਿਲਖਣ ਅੰਦਾਜ ਵਿੱਚ ਇੱਕ ਇਨਕਲਾਬੀ ਗ਼ਜ਼ਲ ਨਾਲ ਸਾਂਝ ਪਾਈ। ਜੋ ਅੱਜ ਦੇ ਹਾਲਾਤ ਨੂੰ ਬਦਲਣ ਲਈ ਪ੍ਰੇਰਨਾ ਦੇ ਰਹੀ ਸੀ। ਸਤਪਾਲ ਕੌਰ ਬੱਲ ਨੇ ਇਕ ਕਹਾਣੀ 'ਮੇਰਾ ਸਮਾਂ ਸਾਰਣੀ' ਸੁਣਾ ਕੇ ਯਥਾਰਥ ਨੂੰ ਕਹਾਣੀ-ਰਸ ਰਾਹੀਂ ਸਰੋਤਿਆਂ ਨੂੰ ਸੋਚੀਂ ਪਾਇਆ। ਦਿਲਾਵਰ ਸਿੰਘ ਸਮਰਾ ਨੇ ਆਪਣੇ ਵਿਚਾਰ ਰੱਖਦਿਆਂ ਆਖਿਆ ਕਿ ਸਾਡੇ ਲੋਕਾਂ ਨੇ ਤਿਉਹਾਰਾਂ ਅਤੇ ਪਰੰਪਰਾਵਾਂ ਦਾ ਵਿਉਪਾਰੀ-ਕਰਨ ਕਰਕੇ ਉਨ੍ਹਾਂ ਦੀ ਅਸਲ ਰੂਹ ਨੂੰ ਬਣਾਉਟੀ ਰੰਗ ਚਾੜ ਦਿੱਤਾ ਹੈ। ਉਨ੍ਹਾਂ ਨੇ ਵਿਅੰਗਮਈ ਚੁਟਕਲੇ ਸੁਣਾ ਕੇ ਮਹੌਲ ਨੂੰ ਹੋਰ ਖੁਸ਼ਗਵਾਰ ਬਣਾ ਦਿੱਤਾ।

ਚਾਹ ਪਾਣੀ ਦੀ ਸੇਵਾ ਇਕਬਾਲ ਖ਼ਾਨ (ਕਾਲੀਰਾਏ) ਵੱਲੋਂ ਬਾਬਾ ਬਣਨ ਦੀ ਖੁਸ਼ੀ ਵਿੱਚ ਕੀਤੀ ਗਈ। ਸਭਾ ਵੱਲੋਂ ਕਾਲੀਰਾਏ ਪਰਿਵਾਰ ਨੂੰ ਵਧਾਈ ਦਿੱਤੀ ਗਈ। ਪ੍ਰਿੰਸੀਪਲ ਅਮਰ ਸਿੰਘ ਕਿੰਗਰਾ, ਸੁਖਦੇਵ ਕੌਰ ਢਾਅ, ਪ੍ਰਿਤਪਾਲ ਸਿੰਘ ਮੱਲੀ, ਸੁਬਾ ਸਾਦਿਕ ਅਤੇ ਗੁਰਦੇਵ ਸਿੰਘ ਬੱਲ ਨੇ ਵੀ ਇਸ ਵਿਚਾਰ ਚਰਚਾ ਵਿੱਚ ਹਿੱਸਾ ਲਿਆ। ਸਟੇਜ ਸਕੱਤਰ ਦੀ ਜਿੰਮੇਬਾਰੀ ਨਿਭਾਉਂਦਿਆਂ ਕੇਸਰ ਸਿੰਘ ਨੀਰ ਨੇ ਸਾਰੇ ਸਾਹਿਤਕ ਦੋਸਤਾਂ ਦਾ ਧੰਨਵਾਦ ਕੀਤਾ।

# ਐਬਸਫੋਰਡ ਵਿਖੇ ਹੁੰਦੇ ਈਲਾਈਟ ਭੰਗੜਾ ਕੰਪੀਟੀਸ਼ਨ 2022 ਮੌਕੇ ਪਹਿਲਾ ਸਥਾਨ ਅਸ਼ਕੇ ਫੋਕ ਆਰਟਸ ਅਕੈਡਮੀ ਨੇ ਜਿੱਤਿਆ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਸ਼ਕੇ ਫੋਕ ਆਰਟਸ ਅਕੈਡਮੀ ਦੇ ਕੋਚ ਗੁਰਬਿੰਦਰ ਸਿੰਘ ਨੇ ਪੰਜਾਬੀ ਅਖ਼ਬਾਰ ਨਾਲ ਖ਼ੁਸ਼ਖਬਰੀ ਸਾਂਝੀ ਕਰਦਿਆਂ ਦੱਸਿਆ ਕਿ ਭਾਵੇਂ ਉਹਨਾਂ ਨੇ ਹਾਲ ਵਿੱਚ ਹੀ ਨਵੀਂ ਨਵੀਂ ਅਕੈਡਮੀ ਖੋਲੀ ਹੈ ਅਤੇ ਪਹਿਲੀ ਵਾਰ ਹੀ ਇਸ ਮੁਕਾਬਲੇ ਵਿੱਚ ਹਿੱਸਾ ਲੈਣ ਲਈ ਬੀਤੇ ਜੁਲਾਈ ਮਹੀਨੇ ਐਬਸਫੋਰਡ ਵਿਖੇ ਹੋਏ ਈਲਾਈਟ ਭੰਗੜਾ ਕੰਪੀਟੀਸ਼ਨ 2022ਵਿੱਚ ਹਿੱਸਾ ਲਿਆ। ਸੀਨੀਅਰ ਕੈਟੇਗਰੀ ਵਿੱਚ ਚਾਰ ਟੀਮਾਂ ਮੁਕਾਬਲੇ ਵਿੱਚ ਸਨ। ਕੈਲਗਰੀ ਦੀ ਟੀਮ ਨੇ ਪਹਿਲਾ ਸਥਾਨ ਪਰਾਪਤ ਕੀਤਾ । ਟੀਮ ਦੇ ਕਲਾਕਾਰਾਂ ਅੰਦਰ ਬਹੁਤ ਖੁਸ਼ੀ ਦੀ ਲਹਿਰ ਹੈ ਅਤੇ ਉਹਨਾਂ ਨੂੰ ਹਰ ਪਾਸਿਓਂ ਵਧਾਈਆਂ ਮਿਲ ਰਹੀਆਂ ਹਨ।

# 6ਵੇਂ ਫੀਲਡ ਹਾਕੀ ਟੂਰਨਾਮੈਂਟ ਅਲਬਰਟਾ ਕੱਪ 2022 'ਚ ਐਡਮਿੰਟਨ ਦੀ ਟੀਮ ਜੇਤੂ ਰਹੀ












ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਯੂਨਾਟਿਡ ਫੀਲਡ ਹਾਕੀ ਕਲੱਬ ਕੈਲਗਰੀ ਵੱਲੋ ਜੈਨੇਸਿਸ ਸੈਂਟਰ ਕੈਲਗਰੀ ਵਿੱਚ ਤਿੰਨ ਰੋਜ਼ਾ 6ਵਾਂ ਫੀਲਡ ਹਾਕੀ ਟੂਰਨਾਮੈਂਟ ਅਲਬਰਟਾ ਕੱਪ 2022 ਕਰਵਾਇਆ ਗਿਆ। ਟੂਰਨਾਮੈਂਟ ਦੇ ਮੁੱਖ ਪ੍ਰਬੰਧਕ ਮਨਦੀਪ ਝੱਲੀ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਅਮਰੀਕਾ, ਟੌਰਾਂਟੋ, ਵਿਨੀਪੈਗ, ਐਬਸਫੋਰਡ,ਸਰੀ ਐਡਮੰਟਨ ਤੇ ਕੈਲਗਰੀ ਤੋਂ ਕੁੱਲ 20 ਟੀਮਾਂ ਨੇ ਹਿੱਸਾ ਲਿਆ । ਇਸ ਟੂਰਨਾਮੈਂਟ ਵਿੱਚ ਅੰਡਰ 14 ਵਿੱਚ ਯੁਨਾਈਟਿਡ ਫੀਲਡ ਹਾਕੀ ਕੈਲਗਰੀ ਪਹਿਲੇ ਅਤੇ ਸਾਰਸਨ ਫੀਲਡ ਹਾਕੀ ਕੈਲਗਰੀ ਦੂਸਰੇ ਸਥਾਨ ਤੇ ਰਹੀ। ਅੰਡਰ 18 ਫਾਈਨਲ ਮੁਕਾਬਲੇ ਵਿੱਚ ਐਡਮੰਟਨ ਨੇ ਯੁਨਾਈਟਿਡ ਫਲਿਡ ਹਾਕੀ ਕੈਲਗਰੀ ਨੂੰ ਨਾਲ ਹਰਾਇਆ। ਅਲਬਰਟਾ ਕੱਪ 2022 ਦਾ ਸੀਨੀਅਰ ਟੀਮਾਂ ਦਾ ਫਾਈਨਲ ਮੁਕਾਬਲਾ ਐਡਮੰਟਨ ਨੇ ਬਰੰਮਪਟਨ ਦੇ ਵਿਚਕਾਰ ਹੋਇਆ, ਜਿਸ ਵਿੱਚ ਤਹਿ ਸਮੇਂ ਵਿੱਚ ਦੋਵੇਂ ਟੀਮਾਂ 2-2 ਨਾਲ ਬਰਾਬਰ ਰਹੀਆਂ । ਪੈਨਲਟੀ ਸਟਰੋਕਾ ਵਿੱਚ ਇੱਕ ਗੋਲ ਦੇ ਫਰਕ ਨਾਲ ਐਡਮੰਟਨ ਦੀ ਟੀਮ ਜੇਤੂ ਰਹੀ । ਟੂਰਨਾਮੈਂਟ ਦਾ ਬੈਸਟ ਪਲੇਅਰ ਐਡਮੰਟਨ ਦੇ ਤਲਵਿੰਦਰ ਸਿੰਘ ਨੂੰ ਚੁਣਿਆ ਗਿਆ।ਹਾਕੀ ਦੇ ਮੁਕਾਬਲਿਆਂ ਤੋਂ ਇਲਾਵਾ ਤਾਸ਼ ਸੀਪ ਅਤੇ ਰੱਸਾਕਸ਼ੀ ਦੇ ਮੁਕਾਬਲੇ ਵੀ ਕਰਵਾਏ ਗਏ। ਸੀਪ ਵਿੱਚ ਸੁਰਿੰਦਰ ਸੂਰੀ ਦੀ ਟੀਮ ਪਹਿਲੇ ਤੇ ਮਨਜੀਤ ਸਿੰਘ ਦੀ ਟੀਮ ਦੂਸਰੇ ਸਥਾਨ ਤੇ ਰਹੀ । ਰੱਸਾਕਸ਼ੀ ਦੇ ਫ਼ਾਈਨਲ ਵਿੱਚ ਗੈਰੀ ਫਿਟਨਸ ਕਲੱਬ ਨੇ ਮੋਗੇ ਦੀ ਟੀਮ ਨੂੰ ਹਰਾਇਆ । ਕਲੱਬ ਮੈਂਬਰ ਯਾਦੂ, ਕਿਰਪਾਲ ਸਿੱਧੂ, ਮਨਵੀਰ ਗਿੱਲ, ਧਰਮਾ ਰੰਧਾਵਾ, ਜੱਗਾ ਲੋਪੋ, ਕੁਲਵੰਤ ਬਰਾੜ, ਕਮਲ ਢਿੱਲੋਂ ਅਤੇ ਕੁਮੈਂਟੈਂਟਰ ਜਤਿੰਦਰ ਸਹੇੜੀ ਇਸ ਸਫਲ ਉਪਰਾਲੇ ਲਈ ਵਧਾਈ ਦੇ ਹੱਕਦਾਰ ਹਨ।






SOUTH POINTE
TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE CALGARY, AB
CALL US! 403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP




A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜ਼ਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜ਼ਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com




Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com




ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)




Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco Paper Flashing Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB




For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com




Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ




# ਲੱਭੋ ਆਪਣਾ ਸੰਪੂਰਣ ਘਰ

## ਨਵੀਆਂ ਲਾਟਾਂ ਆ ਗਈਆਂ ਹਨ

ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ।ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ,ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਵਾਂ ਹਨ,ਜਿਵੇਂ ਸਕੂਲ,ਪਾਰਕ,ਸਾਪਿੰਗ ਸੈਂਟਰ,ਉਤੇ ਹੋਰ ਬਹੁਤ ਕੁੱਝ।ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸਦੇ ਆਸਪਾਸ ਵਾਲੇ ਨਾਮਵਰ ਬਿਲਡਿਰਾਂ ਵੱਲੋਂ ਬਣਾਏ ਜਾ ਰਹੇ ਹਨ।ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ।ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ।ਚੈਸਟਰਮੀਅਰ ਵਿੱਚ ਡਾਵਸਨ ਦੀ ਲੈਂਡਿੰਗ ਦਾ ਕੁਆਲਿਕੋ ਕਮਿਊਨਿਟੀਜ਼ ਡਿਵੈਲਪਮੈਂਟ ਕੈਨੇਡਾ ਅਤੇ ਵਿਸ਼ਵ ਵਿੱਚ ਸਟੋਰਮ ਵਾਟਰ ਕਿਡਨੀ ਨੂੰ ਲਾਗੂ ਕਰਨ ਵਾਲਾ ਪਹਿਲਾ ਰਿਹਾਇਸ਼ੀ ਵਿਕਾਸ ਹੈ।™.

**DUPLEX HOMES** FROM THE MID **$400s**

**22** ਮਿੰਟ ਡਰਾਈਵ ਕੈਲਗਰੀ ਡਾਊਨਟਾਊਨ ਤੱਕ

**4** ਮਿੰਟ ਡਰਾਈਵ ਐਨੀਵਰਸਿਰੀ ਪਾਰਕ ਤੱਕ

**4** ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ

**LANED HOMES** FROM THE LOW **$500s**




**FRONT GARAGE** FROM THE LOW **$700s**




liveindawsonslanding.ca

WE CREATE LEGACY COMMUNITIES THAT **INSPIRE PRIDE, ENRICH LIVES** AND **ENDURE IN VALUE.**

QUALICO® communities


Calgary
ONWARD
ਆਹ ਤਾਂ ਹੋਈ ਨਾ
ਗੱਲ ਬਾਈ ਜੀ!
ਬਾਈ, ਪਲਾਸਟਿਕ
ਦੀਆਂ ਕੈਨੀਆਂ
ਸਿਰਫ਼ ਨੀਲੇ ਬਿਨ
'ਚ ਜਾਣਗੀਆਂ!
ਬੱਲੇ! ਬੱਲੇ!
Mr. Goudas
Vegetable Oil
Huile Végétale
Aurora
Property of
The City of Calgary
ਆਓ,
ਵਧੀਆ ਰੀਸਾਈਕਲਰ ਬਣੀਏ!
calgary.ca/TheRecyclers
21-0011510 - ADV-14895




ਰਾਜਨ ਸਾਹਨੀ ਕੈਲਗਰੀ ਨੌਰਥ ਈਸਟ ਲਈ ਮੌਜੂਦਾ MLA ਹਨ। ਉਹ UCP ਸਰਕਾਰ ਵਿੱਚ ਟ੍ਰਾਂਸਪੋਰਟ ਅਤੇ ਸੋਸ਼ਲ ਸਰਵਿਸ ਮਨਿਸਟਰ ਵੀ ਰਹਿ ਚੁੱਕੇ ਹਨ।

ਇਮੀਗਰੈਂਟ ਮਾਂ ਪਿਓ ਦੀ ਧੀ ਰਾਜਨ ਸਾਹਨੀ ਆਪਣੇ ਪਤੀ ਅਤੇ ਚਾਰ ਬੱਚਿਆਂ ਦੇ ਸਹਿਯੋਗ ਨਾਲ ਆਪਣੇ ਭਾਈਚਾਰੇ ਦੀ ਅਣਥੱਕ ਸੇਵਾ ਕਰਦੇ ਆ ਰਹੇ ਹਨ।

ਰਾਜਨ ਸਾਹਨੀ UCP ਲੀਡਰਸ਼ਿਪ ਲਈ ਉਮੀਦਵਾਰ ਹਨ ਅਤੇ ਤੁਹਾਡੇ ਸਾਥ ਦੀ ਮੰਗ ਕਰਦੇ ਨੇ। ਰਾਜਨ ਸਾਹਨੀ ਨੂੰ ਅਲਬਰਟਾ ਪ੍ਰੀਮਿਅਰ ਬਨਾਉਣ ਲਈ ਸਾਥ ਦਿਓ।

ਬੈਲਟ September 2 ਤੋਂ ਤੁਹਾਡੇ ਘਰੇ ਭੇਜੇ ਜਾਣਗੇ।

ਰਾਜਨ ਸਾਹਨੀ ਨੂੰ ਪਹਿਲੀ ਵੋਟ ਪਾ ਕੇ October 3 ਤੋਂ ਪਹਿਲਾ ਬੈਲਟ ਵਾਪਸ ਭੇਜੋ।

ਹੋਰ ਜਾਣਕਾਰੀ ਲਈ ਵੈਬਸਾਇਟ ਹੈ voterajan.ca

# ਵਿਨੀਪੈਗ 'ਚ ਅੰਬਰ ਗੇਟ ਦੇ ਨਿਵਾਸੀਆਂ ਨੇ ਆਪਣੇ ਹੱਕਾਂ ਲਈ ਕੱਢੀ ਰੈਲੀ










ਵਿਨੀਪੈਗ(ਸੁਰਿੰਦਰ ਮਾਵੀ) ਪਿਛਲੇ ਦਿਨੀਂ ਅੰਬਰ ਗੇਟ ਹਲਕੇ ਦੇ ਵਿਚ ਰਹਿਣ ਵਾਲੇ ਨਿਵਾਸੀਆਂ ਨੇ ਟੈਂਪਲ ਟਨ @ਤੇ ਮੈਕਫਿਲਿਪਸ ਸੜਕ ਦੇ ਖੂੰਜੇ ਤੇ ਆਪਣੀਆਂ ਮੰਗਾ ਨੂੰ ਸ਼ਹਿਰ ਦੇ ਅਧਿਕਾਰੀਆਂ ਦੇ ਸਾਹਮਣੇ ਲਿਆਉਣ ਲਈ ਇਕ ਰੈਲੀ ਕੱਢੀ ਗਈ। ਜਿਸ ਵਿਚ ਤਕਰੀਬਨ 150 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ। ਇਸ ਰੈਲੀ ਵਿਚ ਵੱਡੇ ਬਜ਼ੁਰਗਾਂ ਤੋਂ ਲੈਂਦੇ ਛੋਟੇ ਬੱਚਿਆਂ ਤੱਕ ਨੇ ਸ਼ਿਰਕਤ ਕੀਤੀ।ਛੋਟੇ ਛੋਟੇ ਬੱਚਿਆਂ ਦੇ ਹੱਥਾਂ ਵਿਚ ਆਪਣੇ ਹੱਕਾਂ ਲਈ ਤਖ਼ਤੀਆਂ ਦੇਖ ਕਿ ਉਸ ਸੜਕ ਉੱਪਰ ਗੁਜ਼ਰਨ ਵਾਲੇ ਹਰੇਕ ਇਨਸਾਨ ਨੇ ਹਾਰਨ ਵਜਾ ਕੇ ਆਪਣਾ ਸਮਰਥਨ ਦਿੱਤਾ। ਇਸ ਰੈਲੀ ਦੇ ਪ੍ਰਬੰਧਕ ਕਰਮਜੀਤ ਸਿੰਘ ਢਿੱਲੋਂ ਨੇ ਦੱਸਿਆ ਕੇ ਉਨ੍ਹਾਂ ਦੇ ਹਲਕੇ ਵਿਚ ਬੱਸ ਦੀ ਸਹੂਲਤ ਜੋ ਕਿ ਇਸ ਜੂਨ ਵਿਚ ਹੀ ਅਧਿਕਾਰੀਆਂ ਵੱਲੋਂ ਅਨਾਂਊਸ ਕੀਤੀ ਗਈ ਜੋ ਕਿ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ @ਤੇ ਸ਼ਾਮ ਵੇਲੇ ਹੀ ਚੱਲੇਗੀ। ਪਰ ਉਨ੍ਹਾਂ ਦੀ ਮੰਗ ਹੈ ਕਿ ਇਹ ਬੱਸ ਸਰਵਿਸ ਸਾਰੇ ਦਿਨ, ਐਤਵਾਰ, ਸ਼ਨੀਚਰਵਾਰ 'ਤੇ ਰਾਤ ਵੇਲੇ ਵੀ ਹੋਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਇਸ ਚੌਂਕ ਵਿਚ ਸਿਗਨਲ ਲਾਈਟਾਂ ਦਾ ਕੋਈ ਪ੍ਰਬੰਧ ਨਹੀ ਹੈ @ਤੇ ਤੁਸੀ ਆਪ ਹੀ ਟਰੈਫ਼ਿਕ ਦੀ ਹਾਲਤ ਦੇਖ ਸਕਦੇ ਹੋ। ਜਿਸ ਨਾਲ ਤਕਰੀਬਨ ਹਰ ਰੋਜ ਕੋਈ ਨਾ ਕੋਈ ਐਕਸੀਡੈਂਟ ਹੋਇਆ ਰਹਿੰਦਾ ਹੈ ।ਜਸਕਰਨ ਸਿੰਘ ਸਿੱਧੂ ਨੇ ਗੱਲਬਾਤ ਦੌਰਾਨ ਦੱਸਿਆ ਕਿ ਸਾਡੇ ਏਰੀਆ ਵਿਚ ਪਾਰਕ ਦੀ ਜਗਾ 'ਤੇ ਹੈ ਪਰ ਉਸ ਵਿਚ ਕੋਈ ਵੀ ਬੈਠਣ ਵਾਸਤੇ ਬੈਂਚ ਨਹੀ, ਬੱਚਿਆਂ ਵਾਸਤੇ ਝੂਲੇ ਜਾਂ ਕੋਈ ਹੋਰ ਖੇਡਣ ਲਈ ਨਹੀ ਹੈ ।ਇਸ ਤੋਂ ਇਲਾਵਾ ਉਨ੍ਹਾਂ ਨੇ ਪਬਲਿਕ ਲਾਇਬਰੇਰੀ ਦੀ ਮੰਗ, ਸਾਈਕਲ ਵਾਲੇਆਂ ਲਈ ਰਸਤਾ, ਪੈਦਲਾਂ ਵਾਸਤੇ ਰਸਤਾ 'ਤੇ ਇਨ੍ਹਾਂ ਦੇ ਨਾਲ ਗਾਰਬੇਜ ਬਿਨ ਦੀ ਵੀ ਮੰਗ ਰੱਖੀ ਹੈ। ਸ਼ਹਿਰ ਦੇ ਚੁਣੇ ਹੋਏ ਨੁਮਾਂਇੰਦੇਆਂ ਨਾਲ ਸੰਪਰਕ ਕਰਨ 'ਤੇ ਦੱਸਿਆ ਕਿ ਇਹ ਸਾਰੀਆਂ ਹੀ ਮੰਗਾਂ ਉਨ੍ਹਾਂ ਵੱਲੋਂ ਪਹਿਲਾਂ ਹੀ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਜੋ ਬਾਕੀ ਰਹਿ ਗਈਆਂ ਉਹ ਜਲਦੀ ਹੀ ਪੂਰੀਆਂ ਕਰ ਦਿੱਤੀਆਂ ਜਾਣਗੀਆਂ।

# ਇੰਗਲੈਂਡ ਦੇ ਸਿੱਖਾਂ ਤੇ ਕਸ਼ਮੀਰੀਆਂ ਵਲੋਂ ਆਜ਼ਾਦੀ ਦਿਹਾੜੇ 'ਤੇ ਲੰਡਨ 'ਚ ਭਾਰਤੀ ਦੂਤਘਰ ਸਾਹਮਣੇ

ਲੰਡਨ (ਪੰਜਾਬੀ ਅਖਬਾਰ ਬਿਊਰੋ) ਇੰਗਲੈਂਡ ਦੇ ਸਿੱਖਾਂ ਤੇ ਕਸ਼ਮੀਰੀਆਂ ਨੇ ਭਾਰਤ ਦੀ 75ਵੇਂ ਆਜ਼ਾਦੀ ਦਿਹਾੜੇ ਨੂੰ ਕਾਲੇ ਦਿਨ ਦੇ ਤੌਰ 'ਤੇ ਮਨਾਉਂਦਿਆਂ ਲੰਡਨ ਦੇ ਭਾਰਤੀ ਦੂਤਘਰ ਨੇੜੇ ਭਾਰੀ ਰੋਸ ਮੁਜ਼ਾਹਰਾ ਕੀਤਾ। ਰੋਸ ਮੁਜ਼ਾਹਰੇ 'ਚ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਤੋਂ ਵੱਡੀ ਗਿਣਤੀ ਵਿੱਚ ਸਿੱਖ ਤੇ ਕਸ਼ਮੀਰੀ ਭਾਈਚਾਰੇ ਦੇ ਲੋਕ ਸ਼ਾਮਲ ਹੋਏ ਸਨ। ਇਸ ਮੌਕੇ ਭਾਰਤ ਵਿਰੋਧੀ ਨਾਅਰੇ ਅਤੇ ਪੰਜਾਬ ਦੀ ਆਜ਼ਾਦੀ ਖ਼ਾਲਿਸਤਾਨ ਅਤੇ ਕਸ਼ਮੀਰ ਦੀ ਆਜ਼ਾਦੀ ਦੇ ਹੱਕ ਵਿੱਚ ਨਾਅਰੇ ਲਾਏ ਗਏ। ਰੋਸ ਮੁਜ਼ਾਹਰੇ ਵਿੱਚ ਵੱਖ-ਵੱਖ ਬੁਲਾਰਿਆਂ ਨੇ ਬੋਲਦਿਆਂ ਮੋਦੀ ਸਰਕਾਰ ਦੇ ਖ਼ਿਲਾਫ਼ ਜੰਮ ਕੇ ਭੜਾਸ ਕੱਢੀ ਤੇ ਕਿਹਾ ਕਿ ਭਾਰਤ ਸਰਕਾਰ ਘੱਟ-ਗਿਣਤੀਆਂ ਨੂੰ ਦਬਾਉਣ ਲਈ ਕਾਲੇ ਕਾਨੂੰਨ ਲਿਆ ਰਹੀ ਹੈ ਤੇ ਜ਼ੁਲਮ ਕਰ ਰਹੀ ਹੈ। ਉਨ੍ਹਾਂ ਪੰਜਾਬ ਦੀ ਆਜ਼ਾਦੀ ਲਈ ਸੰਘਰਸ਼ ਜਾਰੀ ਰੱਖਣ ਦਾ ਵੀ ਐਲਾਨ ਕੀਤਾ।




ਆਗੂਆਂ ਦਾ ਮੰਨਣਾ ਹੈ ਕਿ ਭਾਰਤ ਅੰਦਰ ਨਾ ਸਿਰਫ਼ ਵੱਸਦੇ ਸਿੱਖ ਬਲਕਿ ਕਸ਼ਮੀਰੀ, ਮੁਸਲਮਾਨ ਅਤੇ ਦਲਿਤ ਵੀ ਭਾਰਤ ਸਰਕਾਰ ਦੀਆਂ ਹਿੰਦੂਵਾਦੀ ਨੀਤੀਆਂ ਤੋਂ ਤੰਗ ਹਨ। ਇਸ ਮੌਕੇ ਕਸ਼ਮੀਰੀ ਆਗੂਆਂ ਨੇ ਭਾਰਤ ਵਲੋਂ ਧਾਰਾ 370 ਖਤਮ ਕਰਨ ਦੀ ਨਿਖੇਧੀ ਕੀਤੀ। ਉਨ੍ਹਾਂ ਵੱਲੋਂ ਸਿੱਖਾਂ ਨਾਲ ਮਿਲ ਕੇ ਸੰਘਰਸ਼ ਕਰਨ ਦੀ ਹਾਮੀ ਭਰੀ ਗਈ। ਰੋਸ ਮੁਜ਼ਾਹਰੇ ਦੌਰਾਨ ਸਾਰਾ ਸਮਾਂ ਖ਼ਾਲਿਸਤਾਨ ਪੱਖੀ ਤੇ ਸਿੱਖ ਸ਼ਹੀਦਾਂ ਬਾਰੇ ਨਾਅਰੇ ਲਗਾਤਾਰ ਗੂੰਜਦੇ ਰਹੇ। ਭਾਰਤੀ ਦੂਤਘਰ ਲੰਡਨ ਦੇ ਸਾਹਮਣੇ ਵੱਡੀ ਗਿਣਤੀ ਵਿੱਚ ਖ਼ਾਲਿਸਤਾਨੀ ਝੰਡੇ ਲਹਿਰਾਏ ਗਏ। ਇਸ ਮੌਕੇ ਕੁਲਦੀਪ ਸਿੰਘ ਚੇਹੜੂ, ਫ਼ੈਡਰੇਸ਼ਨ ਆਗੂ ਭਾਈ ਕੁਲਵੰਤ ਸਿੰਘ ਮੁਠੱਡਾ, ਗੁਰਚਰਨ ਸਿੰਘ ਸਾਊਥਾਲ, ਜਸਪਾਲ ਸਿੰਘ, ਸਰਬਜੀਤ ਸਿੰਘ ਬਰਮਿੰਘਮ, ਬਲਵਿੰਦਰ ਸਿੰਘ ਢਿੱਲੋਂ, ਮਨਪ੍ਰੀਤ ਸਿੰਘ, ਜੋਗਾ ਸਿੰਘ, ਲਵਸਿੰਦਰ ਸਿੰਘ ਡੱਲੇਵਾਲ, ਅਮਰੀਕ ਸਿੰਘ ਸਹੋਤਾ, ਤਰਸੇਮ ਸਿੰਘ ਦਿਓਲ, ਗੁਰਦੇਵ ਸਿੰਘ ਚੌਹਾਨ ਤੇ ਹੋਰ ਬਹੁਤ ਸਾਰੇ ਸਿੱਖ ਆਗੂ ਪਹੁੰਚੇ ਹੋਏ ਸਨ।

ਤਿਰੰਗੇ ਦਾ ਹੋਇਆ ਅਪਮਾਨ

ਲੰਡਨ : ਲੰਡਨ ਭਾਰਤੀ ਦੂਤਘਰ ਦੇ ਬਾਹਰ ਆਜ਼ਾਦੀ ਜਸ਼ਨ ਮਨਾਉਣ ਆਏ ਕੁਝ ਭਾਰਤੀ ਸਿੱਖਾਂ ਦਾ ਗਰਮ ਖਿਆਲੀ ਸਿੱਖਾਂ ਨਾਲ ਝਗੜਾ ਹੋਣ ਤੇ ਜ਼ਬਰੀ ਉਨ੍ਹਾਂ ਦੇ ਹੱਥੋਂ ਤਿਰੰਗਾ ਖੋਹਣ ਕਾਰਨ ਮਾਹੌਲ ਗਰਮਾ ਗਿਆ, ਜਿਸ ਕਾਰਨ ਪੁਲੀਸ ਵਿੱਚਕਾਰ ਹੱਕ ਤੇ ਖ਼ਿਲਾਫ਼ 'ਚ ਨਾਅਰੇਬਾਜ਼ੀ ਹੋਣ ਦਾ ਸਮਾਚਾਰ ਹੈ। ਇਸੇ ਦੌਰਾਨ ਰੋਸ ਮੁਜਾਹਰੇ ਵਿੱਚ ਸ਼ਾਮਲ ਕੁਝ ਸਿੱਖ ਵੱਲੋਂ ਤਿਰੰਗੇ ਦਾ ਅਪਮਾਨ ਕਰ ਕੇ ਉਸ ਨੂੰ ਪਾੜ ਕੇ ਆਸਮਾਨ ਵਲ ਸੁੱਟ ਦਿੱਤਾ ਗਿਆ, ਜਿਸ ਨੂੰ ਲੰਡਨ ਪੁਲੀਸ ਵਲੋਂ ਆਦਰ ਨਾਲ ਚੁੱਕਿਆ ਗਿਆ। ਖ਼ਬਰ ਲਿਖਣ ਤਕ ਭਾਰਤੀ ਦੂਤਘਰ ਵਲੋਂ ਤਿਰੰਗੇ ਦਾ ਅਪਮਾਨ ਹੋਣ 'ਤੇ ਕੋਈ ਪ੍ਰਤੀਕਰਮ ਸਾਹਮਣੇ ਨਹੀਂ ਆਇਆ। ਕੁਝ ਭਾਰਤੀਆਂ ਨੇ ਕਿਹਾ ਕਿ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਰੋਸ ਮੁਜ਼ਾਹਰੇ ਕਰਨੇ ਸਹੀ ਹਨ ਪਰ ਤਿਰੰਗੇ ਦਾ ਅਪਮਾਨ ਬਰਦਾਸ਼ਤ ਤੋਂ ਬਾਹਰ ਹੈ।

ਲੰਡਨ ਭਾਰਤੀ ਦੂਤਘਰ ਦੇ ਬਾਹਰ ਗਰਮ ਖਿਆਲੀ ਦੇ ਕਾਰਕੁੰਨਾਂ ਨੇ ਭਾਰਤ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਭਾਰਤੀ ਤਿਰੰਗੇ ਨੂੰ ਪਾੜ ਦਿੱਤਾ ਤੇ ਦੂਤਘਰ ਦੇ ਮੁਲਾਜ਼ਮ ਵੇਖਦੇ ਰਹੇ। ਇਸ ਘਟਨਾ ਨੇ ਭਾਰਤੀਆਂ ਦੇ ਹਿਰਦੇ ਵਲੂੰਧਰ ਦਿੱਤੇ। ਨਾਅਰੇ ਮਾਰਨ ਵਾਲਿਆਂ 'ਚ ਸੁਖਚੈਨ ਸਿੰਘ, ਦਪਿੰਦਰਜੀਤ ਸਿੰਘ, ਤਿਰੰਗਾ ਪਾੜਨ ਵਾਲਾ ਜੀਤਾ ਸਿੰਘ ਡਰਬੀ ਤੇ ਸਾਥੀ ਪਰਮਜੀਤ ਸਿੰਘ ਪੰਮਾ ਸ਼ਾਮਲ ਸਨ।

## ਨਰਸਾਂ ਦੀ ਘਾਟ ਪੂਰੀ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ।

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਨਰਸਾਂ ਦੀ ਘਾਟ ਤਾਂ ਪੂਰੇ ਕੈਨੇਡਾ ਵਿਚ ਹੀ ਹੈ ਜਿਸ ਕਾਰਨ ਸਿਹਤ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਤ ਹੋ ਰਹੀਆਂ ਹਨ ਪਰ ਨਰਸਾਂ ਦੀ ਭਰਤੀ ਸਬੰਧੀ ਵੱਖ ਵੱਖ ਸੂਬਿਆਂ



ਵਿੱਚ ਜਾਂ ਕੈਨੇਡਾ ਵਿੱਚ ਜੋ ਨਿਯਮ ਹਨ ਉਨ੍ਹਾਂ ਕਾਰਨ ਉਹ ਅੰਤਰਰਾਸ਼ਟਰੀ ਨਰਸਾਂ ਜੋ ਸਿਹਤ ਸੇਵਾਵਾਂ ਵਿਚ ਆਪਣਾ ਯੋਗਦਾਨ ਪਾਉਣਾ ਚਾਹੁੰਦੀਆਂ ਹਨ ਉਨ੍ਹਾਂ ਵਾਸਤੇ ਇਹ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਪਰ ਹੁਣ ਮੈਨੀਟੋਬਾ ਸਰਕਾਰ ਵੱਲੋਂ ਅਜਿਹੇ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਕਿ ਇਨ੍ਹਾਂ ਅੰਤਰਰਾਸ਼ਟਰੀ ਨਰਸਾਂ ਨੂੰ ਸਿਹਤ ਸੇਵਾਵਾਂ ਬਿਹਤਰ ਬਣਾਉਣ ਲਈ ਮੌਕਾ ਦਿੱਤਾ ਜਾ ਸਕੇ। ਮੈਨੀਟੋਬਾ ਦੀ ਹੈਲਥ ਮਨਿਸਟਰ ਔਡਰੇ ਗੋਰਡਨ ਨੇ ਸੂਬੇ ਵਿੱਚ ਨਰਸਿਜ਼ ਦੀ ਘਾਟ ਨੂੰ ਪੂਰਾ ਕਰਨ ਦੀ ਕੋਸ਼ਿਸ਼ ਵਿੱਚ ਇੱਕ ਅਹਿਮ ਫੈਸਲਾ ਲਿਆ ਹੈ ਜਿਸ ਨਾਲ ਇੰਟਰਨੈਸ਼ਨਲ ਟ੍ਰੇਂਡ ਨਰਸਿਜ਼ ਜੋ ਮੈਨੀਟੋਬਾ ਸੂਬੇ ਤੋਂ ਬਾਹਰ ਹੋਰ ਸੂਬਿਆਂ ਵਿੱਚ ਕੰਮ ਕਰਦੀਆਂ ਹਨ ਅਤੇ ਮੈਨੀਟੋਬਾ ਵਿਚ ਵਾਪਸ ਆ ਕੇ ਕੰਮ ਕਰ ਸਕਣ ਇਸ ਸਬੰਧ ਵਿਚ ਮਨਿਸਟਰ ਵੱਲੋਂ ਕਾਲਜ ਆਫ ਰਜਿਸਟਰਡ ਨਰਸਿਜ਼ ਆਫ ਮੈਨੀਟੋਬਾ ਨੂੰ ਕੰਪਲਾਇੰਸ ਆਰਡਰ ਜਾਰੀ ਕੀਤੇ ਗਏ ਹਨ ਤਾਂਕਿ ਇੰਟਰਨੈਸ਼ਨਲ ਟਰੇਡ ਨਰਸਿਜ਼ ਦੀ ਦੁਬਾਰਾ ਸੂਬੇ ਵਿੱਚ ਟੈਸਟਿੰਗ ਨਾ ਕੀਤੀ ਜਾਵੇ ਅਤੇ ਕਲੀਨੀਕਲ ਕੰਪੀਟੇਂਸ ਅਸੈਸਮੈਂਟ ਦੇ ਪੜਾਅ ਵਿੱਚੋਂ ਨਾ ਲੰਘਣਾ ਪਵੇ। ਉਨ੍ਹਾਂ ਆਖਿਆ ਕਿ ਨਰਸਾਂ ਨੂੰ ਲਾਈਸੈਂਸ ਸੌਖਿਆ ਮਿਲਣਾ ਚਾਹੀਦਾ ਹੈ ।ਮੈਨੀਟੋਬਾ ਨਰਸਿਜ਼ ਯੂਨੀਅਨ ਦੀ ਪ੍ਰੈਜ਼ੀਡੈਂਟ ਡਾਰਲਿੰਗ ਜੈਕਸਨ ਨੇ ਸਰਕਾਰ ਦੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ।

# ਚੱਪੜਚਿੜੀ ਵਿਖੇ ਮੀਨਾਰ-ਏ-ਫ਼ਤਹਿ ਨੂੰ ਰੌਸ਼ਨੀਆਂ ਜ਼ਰੀਏ ਤਿਰੰਗੇ ਦਾ ਰੰਗ ਦੇਣਾ ਸਿੱਖ ਜਜ਼ਬਾਤਾਂ ਨਾਲ ਖਿਲਵਾੜ: ਧਾਮੀ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਸਰਹਿੰਦ ਨੂੰ ਫ਼ਤਹਿ ਕਰਨ ਦੀ ਯਾਦ ਵਿੱਚ ਚੱਪੜਚਿੜੀ ਵਿਖੇ ਬਣੀ ਯਾਦਗਾਰ ਮੀਨਾਰ-ਏ-ਫ਼ਤਹਿ ਨੂੰ ਰੋਸ਼ਨੀਆਂ ਜ਼ਰੀਏ ਤਿਰੰਗੇ ਦਾ ਰੰਗ ਦੇਣਾ ਸਿੱਖ ਜ਼ਜਬਾਤਾਂ ਨਾਲ ਖਿਲਵਾੜ ਹੈ। ਅਜਿਹਾ ਕਰ ਕੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਨੇ ਠੀਕ ਨਹੀਂ ਕੀਤਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਉਸ ਵਕਤ ਦੇ ਜ਼ਾਲਮ ਹਾਕਮ ਨੂੰ ਉਸ ਵਲੋਂ ਕੀਤੇ ਜ਼ੁਲਮਾਂ ਦੀ ਸਜ਼ਾ ਦਿੰਦਿਆਂ ਸਰਹਿੰਦ ਫ਼ਤਹਿ ਕਰ ਕੇ ਖ਼ਾਲਸਾਈ ਨਿਸ਼ਾਨ ਝੁਲਾਇਆ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਇਸੇ ਯਾਦ ਵਿੱਚ ਬਣੀ ਯਾਦਗਾਰ ਨੂੰ ਰੋਸ਼ਨੀਆਂ ਨਾਲ ਤਿਰੰਗੇ ਦਾ ਰੂਪ ਦੇ ਕੇ ਸਿੱਖ ਜ਼ਜਬਾਤਾਂ ਨੂੰ ਠੇਸ ਪਹੁੰਚਾਈ ਗਈ ਹੈ। ਪ੍ਰਧਾਨ ਧਾਮੀ ਨੇ ਕਿਹਾ ਕਿ ਦੇਸ਼ ਦੀਆਂ ਮਾਨਤਾਵਾਂ ਦਾ ਸਤਿਕਾਰ ਹੈ ਪਰ ਧਰਮ ਦੀਆਂ ਮਾਨਤਾਵਾਂ ਇਸ ਤੋਂ ਵੱਖਰੀਆਂ ਹਨ ਅਤੇ ਇਨ੍ਹਾਂ ਨੂੰ



ਰਲ-ਗੱਡ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੇ ਨਾਮ 'ਤੇ ਵੱਸਣ ਵਾਲੇ ਪੰਜਾਬ ਅੰਦਰ ਭਗਵੰਤ ਮਾਨ ਸਰਕਾਰ ਨੇ ਗੁਰੂ ਸਾਹਿਬ ਦੇ ਫ਼ਲਸਫ਼ੇ ਅਤੇ ਸਿੱਖ ਭਾਵਨਾਵਾਂ ਵਿਰੁੱਧ ਹਰਕਤਾਂ ਨਾਲ ਆਪਣੀ ਸਿੱਖ ਵਿਰੋਧੀ ਮਾਨਸਿਕਤਾ ਨੂੰ ਦਰਸਾ ਦਿੱਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਦੇਸ਼ ਅੰਦਰ ਸਿੱਖ ਭਾਵਨਾਵਾਂ ਦੇ ਉਲਟ ਜਾਣਬੁੱਝ ਕੇ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ, ਜਿਸ ਨਾਲ ਸਿੱਖਾਂ ਅੰਦਰ ਵੱਡਾ ਰੋਸ ਹੈ। ਇਸ ਤੋਂ ਪਹਿਲਾਂ ਹਰਿਆਣਾ ਅੰਦਰ ਗੁਰਦੁਆਰਾ ਸਾਹਿਬਾਨ ਵਿਖੇ ਪ੍ਰੋਗਰਾਮ ਕਰਨ ਦਾ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪੱਤਰ ਕੱਢਿਆ ਗਿਆ ਸੀ, ਜਿਸ ਨੂੰ ਸੰਗਤਾਂ ਦੇ ਵਿਰੋਧ ਮਗਰੋਂ ਵਾਪਸ ਲਿਆ ਗਿਆ। ਉਨ੍ਹਾਂ ਕਿਹਾ ਕਿ ਇਤਿਹਾਸਕ ਗੁਰਦੁਆਰਾ ਇਮਲੀ ਸਾਹਿਬ, ਇੰਦੌਰ ਵਿਖੇ ਤਿਰੰਗਾਂ ਲਗਾ ਕੇ ਸਿੱਖ ਜ਼ਜਬਾਤਾਂ ਨਾਲ ਖੇਡਿਆ ਗਿਆ ਹੈ। ਸਭ ਨੂੰ ਸਿੱਖ ਪ੍ਰੰਪਰਾਵਾਂ ਦਾ ਪਤਾ ਹੋਣ ਦੇ ਬਾਵਜੂਦ ਵੀ ਮਰਿਯਾਦਾ ਦੇ ਉਲਟ ਅਜਿਹੀਆਂ ਹਰਕਤਾਂ ਕਰ ਕੇ ਸਿੱਖਾਂ ਦੇ ਜ਼ਜਬਾਤਾਂ ਨੂੰ ਭੜਕਾਇਆ ਜਾ ਰਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਇਨ੍ਹਾਂ ਸਿੱਖ ਵਿਰੋਧੀ ਕਾਰਵਾਈਆਂ ਦਾ ਖੰਡਨ ਕਰਦੀ ਹੈ ਅਤੇ ਸਰਕਾਰਾਂ ਨੂੰ ਚਿਤਾਵਨੀ ਦਿੰਦੀ ਹੈ ਕਿ ਉਹ ਅਜਿਹੀਆਂ ਹਰਕਤਾਂ ਤੋਂ ਗੁਰੇਜ਼ ਕਰਨ।

## ਆਜ਼ਾਦੀ ਦਿਹਾੜੇ 'ਤੇ ਬਿਲ ਗੇਟਸ ਵਲੋਂ ਮੋਦੀ ਦੀ ਤਾਰੀਫ਼, 200 ਕਰੋੜ ਟੀਕਾਕਰਨ ਦੀ ਪ੍ਰਾਪਤੀ 'ਤੇ ਦਿੱਤੀ ਵਧਾਈ

ਨਿਊ ਯੌਰਕ (ਪੰਜਾਬੀ ਅਖਬਾਰ ਬਿਊਰੋ)- ਭਾਰਤ ਦੇ ਆਜ਼ਾਦੀ ਦਿਹਾੜੇ ਦੀ 75ਵੀਂ ਵਰ੍ਹੇਗੰਢ 'ਤੇ ਮਾਈਕ੍ਰੋਸੌਫ਼ਟ ਦੇ ਸਹਿ-ਸੰਸਥਾਪਕ ਬਿਲ ਗੇਟਸ ਨੇ ਭਾਰਤ 'ਚ ਕੋਰੋਨਾਵਾਇਰਸ ਦੀਆਂ 200 ਕਰੋੜ ਖ਼ੁਰਾਕਾਂ ਦੇ ਟੀਚੇ ਨੂੰ ਪੂਰਾ ਕਰਨ 'ਤੇ ਭਾਰਤ ਸਰਕਾਰ ਦੀ ਤਾਰੀਫ਼ ਕੀਤੀ ਹੈ। ਉਨ੍ਹਾਂ ਨੇ ਟੀਕਾਕਰਨ ਦੇ ਟੀਚੇ ਨੂੰ ਪੂਰਾ ਕਰਨ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਟਵਿੱਟਰ ਜ਼ਰੀਏ ਵਧਾਈ ਦਿੱਤੀ। ਬਿਲ ਗੇਟਸ ਨੇ ਟਵੀਟ ਜ਼ਰੀਏ ਕੋਰੋਨਾ ਵਾਇਰਸ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਭਾਰਤੀ ਵੈਕਸੀਨ ਬਣਾਉਣ ਵਾਲੀਆਂ ਕੰਪਨੀਆਂ ਅਤੇ ਸਰਕਾਰ ਨਾਲ ਲਗਾਤਾਰ ਸਾਂਝੇਦਾਰੀ ਲਈ ਧੰਨਵਾਦ ਪ੍ਰਗਟਾਇਆ।



ਬਿਲ ਗੇਟਸ ਨੇ ਟਵੀਟ ਕੀਤਾ, "200 ਕਰੋੜ ਟੀਕਿਆਂ ਦੇ ਇੱਕ ਹੋਰ ਮੀਲ ਦਾ ਪੱਥਰ ਪੂਰਾ ਕਰਨ ਲਈ ਪ੍ਰਧਾਨ ਮੰਤਰੀ ਮੋਦੀ ਨੂੰ ਵਧਾਈ। ਅਸੀਂ ਭਾਰਤੀ ਵੈਕਸੀਨ ਨਿਰਮਾਤਾਵਾਂ ਅਤੇ ਭਾਰਤ ਸਰਕਾਰ ਨਾਲ ਸਾਡੀ ਲਗਾਤਾਰ ਸਾਂਝੇਦਾਰੀ ਲਈ ਧੰਨਵਾਦੀ ਹਾਂ।" ਜ਼ਿਕਰਯੋਗ ਹੈ ਕਿ ਦੁਨੀਆਂ ਦੀ ਸਭ ਤੋਂ ਵੱਡੀ ਕੋਵਿਡ ਟੀਕਾਕਰਨ ਮੁਹਿੰਮ ਦੀ ਸ਼ੁਰੂਆਤ ਤੋਂ ਇੱਕ ਸਾਲ ਬਾਅਦ, ਭਾਰਤ ਨੇ ਐਤਵਾਰ ਨੂੰ ਟੀਕਾਕਰਨ ਦੀਆਂ 200 ਖ਼ੁਰਾਕਾਂ ਦਾ ਟੀਚਾ ਪੂਰਾ ਕਰ ਲਿਆ। ਇਸ ਮੌਕੇ 'ਤੇ ਪੀ. ਐੱਮ. ਮੋਦੀ ਨੇ ਟਵੀਟ ਕਰ ਕੇ ਕਿਹਾ, "ਭਾਰਤ ਨੇ ਫ਼ਿਰ ਇਤਿਹਾਸ ਰਚਿਆ ਹੈ! ਉਨ੍ਹਾਂ ਲੋਕਾਂ 'ਤੇ ਮਾਣ ਹੈ, ਜਿਨ੍ਹਾਂ ਨੇ ਭਾਰਤ ਦੀ ਟੀਕਾਕਰਨ ਮੁਹਿੰਮ ਨੂੰ ਰਫ਼ਤਾਰ ਨੂੰ ਤੇਜ਼ ਕਰਨ ਵਿੱਚ ਯੋਗਦਾਨ ਦਿੱਤਾ। ਉੱਥੇ ਹੀ ਕੇਂਦਰੀ ਸਿਹਤ ਮੰਤਰੀ ਮਨਸੁਖ ਮੰਡਾਵੀਆ ਨੇ ਵੀ ਦੇਸ਼ 'ਚ ਕੋਰੋਨਾ ਵੈਕਸੀਨ ਡੋਜ਼ ਲਗਾਉਣ ਦੇ ਮਾਮਲੇ 'ਚ 200 ਕਰੋੜ ਦਾ ਨਵਾਂ ਇਤਿਹਾਸ ਬਣਾਉਣ 'ਤੇ ਖ਼ੁਸ਼ੀ ਪ੍ਰਗਟ ਕੀਤੀ। ਇਸ ਦੌਰਾਨ ਕੇਂਦਰੀ ਸਿਹਤ ਮੰਤਰੀ ਨੇ ਕਿਹਾ ਸੀ ਕਿ ਇਸ ਦਾ ਮੁੱਖ ਸਿਹਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦੇਸ਼ ਵਾਸੀਆਂ ਪ੍ਰਤੀ ਸੰਕਲਪ ਨੂੰ ਜਾਂਦਾ ਹੈ। ਉਨ੍ਹਾਂ ਕਿਹਾ ਸੀ ਕਿ ਵਿਗਿਆਨਕ ਖੋਜ 'ਤੇ ਜ਼ੋਰ, ਕੋਵਿਡ-19 ਵੈਕਸੀਨ ਦੀ ਰਚਨਾ ਅਤੇ ਰਾਸ਼ਟਰੀ ਪੱਧਰ 'ਤੇ ਟੀਕਾਕਰਨ ਮੁਹਿੰਮ ਲਈ ਬਣਾਏ ਗਏ ਵੱਡੇ ਨੈੱਟਵਰਕ ਨੇ ਲੋਕਾਂ ਨੂੰ ਟੀਕੇ ਦੀਆਂ 200 ਕਰੋੜ ਖ਼ੁਰਾਕਾਂ ਤੇਜ਼ੀ ਨਾਲ ਲਗਵਾਉਣ 'ਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ ਦੁਨੀਆਂ ਨੂੰ ਕੋਰੋਨਾ ਤੋਂ ਬਚਾਅ ਦਾ ਰਸਤਾ ਦਿਖਾਇਆ ਹੈ।

# ਯੂ. ਕੇ. 'ਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਨੂੰ ਲੈ ਕੇ ਚੀਨ ਨੂੰ ਪਛਾੜ ਸਕਦਾ ਹੈ ਭਾਰਤ

ਲੰਡਨ (ਪੰਜਾਬੀ ਅਖਬਾਰ ਬਿਊਰੋ)- ਇਸ ਸਾਲ ਯੂ.ਕੇ. ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਦੇ ਮਾਮਲੇ ਵਿੱਚ ਭਾਰਤ ਚੀਨ ਨੂੰ ਪਛਾੜ ਸਕਦਾ ਹੈ। 5 ਸਾਲ ਪਹਿਲਾਂ ਲਗਭਗ 20,000 ਦੀ ਗਿਣਤੀ ਦੇ ਹੇਠਲੇ ਪੱਧਰ ਤੋਂ ਪਿਛਲੇ ਸਾਲ ਭਾਰਤੀ ਵਿਦਿਆਰਥੀਆਂ ਨੂੰ ਬੇਮਿਸਾਲ ਇੱਕ ਲੱਖ ਵੀਜ਼ਾ ਜਾਰੀ ਕਰਨ ਤਕ, ਭਾਰਤ ਵਿੱਚ ਮੌਜੂਦ ਬ੍ਰਿਟਿਸ਼ ਹਾਈ ਕਮਿਸ਼ਨਰ ਐਲੇਕਸ ਐਲਿਸ ਨੇ ਇੱਕ ਅਖ਼ਬਾਰ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਕਿਹਾ ਕਿ ਉਸ ਦਾ ਦੇਸ਼ ਇਸ ਗਿਣਤੀ ਵਿੱਚ ਹੋਰ ਵਾਧਾ ਕਰਨਾ ਚਾਹੇਗਾ ।ਬ੍ਰਿਟੇਨ ਭਾਰਤ ਦੀ ਆਜ਼ਾਦੀ ਦੇ 75ਵੇਂ ਸਾਲ ਵਿੱਚ ਭਾਰਤੀ ਵਿਦਿਆਰਥੀਆਂ ਨੂੰ




75, ਹੁਣ ਤਕ ਦੀ ਸਭ ਤੋਂ ਉੱਚੀ, ਚੇਵੇਨਿੰਗ ਸਕੌਲਰਸ਼ਿਪ ਦੀ ਪੇਸ਼ਕਸ਼ ਕਰ ਰਿਹਾ ਹੈ। ਐਲਿਸ ਨੇ ਕਿਹਾ ਕਿ ਅਗਲੇ ਸਾਲ ਤੋਂ ਯੋਜਨਾ ਹੋਰ ਸਪੌਂਸਰਾਂ ਦੇ ਸ਼ਾਮਲ ਹੋਣ ਦੇ ਨਾਲ ਉੱਚੇ ਪੱਧਰ 'ਤੇ ਜਾਣ ਦੀ ਹੈ ।ਦੋਵਾਂ ਦੇਸ਼ਾਂ ਨੇ ਹਾਲ ਹੀ ਵਿੱਚ ਸਿੱਖਿਆ ਸਮੇਤ ਵਿੱਦਿਅਕ ਯੋਗਤਾਵਾਂ ਦੀ ਆਪਸੀ ਮਾਨਤਾ ਅਤੇ ਸਿਹਤ ਸੰਭਾਲ ਕਰਮਚਾਰੀਆਂ ਲਈ ਇੱਕ ਫ਼ਰੇਮਵਰਕ ਸਮਝੌਤੇ 'ਤੇ ਹਸਤਾਖ਼ਰ ਕੀਤੇ ਹਨ। ਹਾਈ ਕਮਿਸ਼ਨਰ ਨੇ ਕਿਹਾ ਕਿ ਇਹ ਸਮਝੌਤਾ ਭਾਰਤੀ ਅਧਿਕਾਰੀਆਂ ਦੁਆਰਾ ਯੂ.ਕੇ. ਦੀ ਮਾਸਟਰ ਡਿਗਰੀ ਦੀ ਮਾਨਤਾ ਨੂੰ ਸਮਰੱਥ ਬਣਾਉਂਦਾ ਹੈ।" ਜੇਕਰ ਤੁਸੀਂ ਸਰਕਾਰੀ ਨੌਕਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹੋ ਜਾਂ ਜੇ ਤੁਸੀਂ ਇੱਥੇ ਪੀ.ਐੱਚ.ਡੀ. ਕਰਨ ਦੀ ਕੋਸ਼ਿਸ਼ ਕਰ ਰਹੇ ਹੋ ਤਾਂ ਇਹ ਖਾਸ ਤੌਰ 'ਤੇ ਢੁਕਵਾਂ ਹੈ।" ਐਲਿਸ ਨੇ ਕਿਹਾ ਕਿ ਇਹ ਦੋਵਾਂ ਦੇਸ਼ਾਂ ਦੇ ਵਿੱਚ ਵਿਸ਼ਵਾਸ ਅਤੇ ਭਾਈਚਾਰੇ ਨੂੰ ਵਧਾਉਣ ਵਲ ਇੱਕ ਕਦਮ ਹੈ "ਤਾਂ ਜੋ ਸਾਡੇ ਕੋਲ ਦੋਵਾਂ ਦੇਸ਼ਾਂ ਦੇ ਲੋਕਾਂ ਦਾ ਵੱਧ ਤੋਂ ਵੱਧ ਪ੍ਰਵਾਹ ਹੋਵੇ।" "ਬਹੁਤ ਸਾਰੇ ਲੋਕ ਪਹਿਲਾਂ ਹੀ ਯੂ.ਕੇ. ਅਤੇ ਭਾਰਤ ਵਿੱਚਕਾਰ ਆਵਾਜਾਈ ਕਰ ਰਹੇ ਹਨ, ਪਰ ਅਸੀਂ ਹੋਰ ਵੀ ਚਾਹੁੰਦੇ ਹਾਂ, ਜਿਸ ਵਿੱਚ ਬ੍ਰਿਟੇਨ ਤੋਂ ਭਾਰਤ ਆਉਣ ਵਾਲੇ ਹੋਰ ਲੋਕ ਵੀ ਸ਼ਾਮਲ ਹਨ। ਜ਼ਰੂਰੀ ਤੌਰ 'ਤੇ, ਅਸੀਂ ਭਾਰਤੀ ਮਾਸਟਰਾਂ ਨੂੰ ਪਛਾਣਾਂਗੇ। ਇਹ ਭਾਰਤ ਦੇ ਲੋਕਾਂ ਦੀ ਮਦਦ ਕਰੇਗਾ ਜੇਕਰ ਉਹ ਯੂ.ਕੇ. ਵਿੱਚ ਰੁਜ਼ਗਾਰ ਪ੍ਰਾਪਤ ਕਰਨਾ ਚਾਹੁੰਦੇ ਹਨ, ਇਸ ਲਈ ਇਹ ਦੋਵੇਂ ਤਰੀਕਿਆਂ ਨਾਲ ਕੰਮ ਕਰਦਾ ਹੈ।" ਵੀਜ਼ਾ ਮੁੱਦਿਆਂ 'ਤੇ ਟਿੱਪਣੀ ਕਰਦੇ ਹੋਏ, ਐਲਿਸ ਨੇ ਕਿਹਾ ਕਿ ਇਹ ਉਹ ਸਾਲ ਹੋ ਸਕਦਾ ਹੈ ਜਦੋਂ ਯੂ.ਕੇ. ਦੇ ਕੈਂਪਸ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਚੀਨੀ ਵਿਦਿਆਰਥੀਆਂ ਨੂੰ ਪਛਾੜ ਦੇਵੇਗੀ।

## ਚੋਣ ਸਰਵੇਖਣਾਂ ਤੋਂ ਲੱਗਦੈ ਵਿਨੀਪੈਗ ਦੀਆਂ ਚੋਣਾਂ ਵਿੱਚ ਗਲੈਨ ਮੁਰੇ ਹੀ ਬਾਜ਼ੀ ਮਾਰ ਜਾਊ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਅਕਤੂਬਰ ਮਹੀਨੇ ਵਿਚ ਵਿਨੀਪੈਗ ਸ਼ਹਿਰ ਦੀਆਂ ਮਿਉਂਸਿਪਲ ਚੋਣਾਂ ਹੋਣ ਜਾ ਰਹੀਆਂ ਹਨ ਜਿਸ ਲਈ ਚੋਣ ਮੈਦਾਨ ਵਿੱਚ ਉਤਰੇ ਉਮੀਦਵਾਰਾਂ ਵੱਲੋਂ ਚੋਣ ਪ੍ਰਚਾਰ ਤੇਜ਼ ਕਰ ਦਿੱਤਾ ਗਿਆ ਹੈ। ਜਿੱਤ ਕਿਸ ਨੂੰ ਨਸੀਬ ਹੋਵੇਗੀ ਇਹ ਤਾਂ ਚੋਣ ਨਤੀਜਿਆਂ ਤੋਂ ਬਾਦ ਹੀ ਪਤਾ ਚੱਲੇਗਾ। ਅਕਤੂਬਰ ਮਹੀਨੇ ਵਿੱਚ ਹੋਣ ਵਾਲੀਆਂ ਚੋਣਾਂ ਵਿਚ 14 ਕੈਂਡੀਡੇਟ ਖੜ੍ਹੇ ਹਨ। ਇਨ੍ਹਾਂ ਕੈਂਡੀਡੇਟਸ ਵੱਲੋਂ ਹੁਣ ਆਪਣਾ ਚੋਣ ਪ੍ਰਚਾਰ ਤੇਜ਼ ਕਰ ਦਿੱਤਾ ਗਿਆ ਹੈ। ਉਹ ਆਪਣਾ ਆਪਣਾ ਏਜੰਡਾ ਅਤੇ ਸੋਚ ਵਿਨੀਪੈਗ ਵਾਸੀਆਂ ਨਾਲ ਸਾਂਝੀ ਕਰ ਰਹੇ ਹਨ। ਸਰਵੇਖਣਾਂ ਅਨੁਸਾਰ ਉਮੀਦਵਾਰ ਗਲੈਨ ਮੁਰੇ ਫਿਲਹਾਲ ਇਸ ਰੇਸ ਵਿੱਚ ਮੋਹਰੀ ਨਜ਼ਰ ਆ ਰਹੇ ਹਨ। ਹਾਲ ਹੀ ਵਿੱਚ ਵਿਨੀਪੈਗ ਲੇਬਰ ਕੌਂਸਲ ਜਿਸ ਵਿੱਚ ਵੱਖ ਵੱਖ ਯੂਨੀਅਨਾਂ ਦੇ 43 ਹਜ਼ਾਰ ਦੇ ਕਰੀਬ ਮੈਂਬਰ ਹਨ ਨੇ ਗਲੈਨ ਮੁਰੇ ਨੂੰ ਆਪਣੀ ਸੁਪੋਰਟ ਦਿੱਤੀ ਹੈ। ਇੱਥੇ ਵਰਨਣਯੋਗ ਹੈ ਕਿ ਗਲੈਨ ਮੁਰੇ ਇਸ ਤੋਂ ਪਹਿਲਾਂ 1998 ਤੋਂ 2004 ਤੱਕ ਸਿਟੀ ਆਫ਼ ਵਿਨੀਪੈਗ ਦੇ ਮੇਅਰ ਰਹਿ ਚੁੱਕੇ ਹਨ। ਇਸ ਲੇਬਰ ਕੌਂਸਲ ਨੇ ਸਾਲ 1998 ਵਿੱਚ ਵੀ ਗਲੈਨ ਮੁਰੇ ਦੀ ਹਮਾਇਤ ਕੀਤੀ ਸੀ।

## ਆਹ ਲਓ ! ਬੇਰੁਜਗਾਰੀ ਦਾ ਹਿਸਾਬ ਕਿਤਾਬ ਵੀ ਦੇਖ ਲਓ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਸਟੈਟਿਸਟਿਕਸ ਕੈਨੇਡਾ ਅਦਾਰੇ ਵੱਲੋਂ ਜਾਣਕਾਰੀ ਸਾਂਝੀ ਕੀਤੀ ਗਈ ਹੈ ਕਿ ਜੁਲਾਈ ਮਹੀਨੇ ਦੌਰਾਨ ਬੇਰੁਜ਼ਗਾਰੀ ਦਰ 4।9 ਪਰਸੈਂਟ ਉੱਤੇ ਜੋ ਕਿ ਜੂਨ ਮਹੀਨੇ ਦੇ ਬਰਾਬਰ ਹੀ ਹੈ ਪਰ ਨਾਲ ਹੀ ਇਹ ਜਾਣਕਾਰੀ ਵੀ ਸਾਂਝੀ ਕੀਤੀ ਗਈ ਕਿ ਲੇਬਰ ਫੋਰਸ ਵਿੱਚ 31 ਹਜ਼ਾਰ ਨੌਕਰੀਆਂ ਖਤਮ ਹੋਈਆਂ ਹਨ। ਇਹ ਲਗਾਤਾਰ ਦੂਜਾ ਮਹੀਨਾ ਹੈ ਜਦੋਂ ਅਜਿਹਾ ਰੁਝਾਨ ਹੋਇਆ ਹੋਵੇ ਜ਼ਿਆਦਾਤਰ ਨੌਕਰੀਆਂ ਪਬਲਿਕ ਸੈਕਟਰ ਵਿੱਚ ਖ਼ਤਮ ਹੋਈਆਂ ਹਨ ਅਤੇ ਪਬਲਿਕ ਸੈਕਟਰ ਵਿੱਚ ਨਵੀਆਂ ਨੌਕਰੀਆਂ ਪੈਦਾ ਹੋਈਆਂ ਹਨ। ਕੈਨੇਡਾ ਦੀ ਲੇਬਰ ਮਾਰਕੀਟ ਵਿੱਚ ਇਸ ਸਮੇਂ ਇੱਕ ਮਿਲੀਅਨ ਜੌਬ ਕੈਸੀ ਸਨ ਖਾਣੇ ਵਿੱਚ ਵੀ 5।2 ਪ੍ਰਸੈਂਟ ਦੇ ਹਿਸਾਬ ਨਾਲ ਵਾਧਾ ਦਰਜ ਕੀਤਾ ਗਿਆ ਹੈ। ਉੱਧਰ ਯੂਐਸ ਦੇ ਵਿਚ ਵਧ ਰਹੀ ਇਨਫਲੇਸ਼ਨ ਦੇ ਬਾਵਜੂਦ 5 ਲੱਖ 28 ਹਜ਼ਾਰ ਨਵੀਆਂ ਨੌਕਰੀਆਂ ਪੈਦਾ ਹੋਈਆਂ ਹਨ। ਯੂਐੱਸ ਦੀ ਬੇਰੁਜ਼ਗਾਰੀ ਦਰ ਘਟ ਕੇ ਇਸ ਸਮੇਂ 3।5 ਪਰਸੈਂਟ ਦੇ ਉੱਤੇ ਤੇ ਪਹੁੰਚ ਗਈ ਹੈ। ਇਸ ਮਹੀਨੇ ਯੂਐੱਸ ਵਿੱਚ ਢਾਈ ਲੱਖ ਨਵੀਆਂ ਨੌਕਰੀਆਂ ਪੈਦਾ ਹੋਣ ਦਾ ਅਨੁਮਾਨ ਹੈ।

## ਜਦੋਂ ਏਅਰਕਨੇਡਾ ਦੀ ਫਲਾਈਟ ਲੇਟ ਹੋਣ ਕਾਰਣ ਯਾਤਰੀਆਂ ਨੂੰ ਭੁੰਜੇ ਹੀ ਸੌਣ ਲਈ ਕਹਿ ਦਿੱਤਾ ਗਿਆ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਲੰਘੇ ਵੀਕੈਂਡ ਨੂੰ ਟੋਰਾਂਟੋ ਏਅਰਪੋਰਟ ਤੋਂ ਵਿਨੀਪੈਗ ਨੂੰ ਆਉਣ ਵਾਲੀ ਏਅਰ ਕੈਨੇਡਾ ਦੀ ਫਲਾਈਟ ਲੇਟ ਹੋ ਗਈ ਸੀ। ਇਹ ਫਲਾਈਟ ਲੇਟ ਹੋਣ ਦਾ ਮਸਲਾ ਹੁਣ ਭਖਦਾ ਨਜ਼ਰ ਆ ਰਿਹਾ ਹੈ ਕਿਉਂਕਿ ਇਸ ਫਲਾਈਟ ਦੀ ਦੇਰੀ ਕਾਰਨ ਪ੍ਰਭਾਵਿਤ ਯਾਤਰੀਆਂ ਦੀ ਟੈਂਪਰੇਰੀ ਠਹਿਰਣ ਦਾ ਢੁੱਕਵਾਂ ਪ੍ਰਬੰਧ ਏਅਰ ਕੈਨੇਡਾ ਵੱਲੋਂ ਨਹੀਂ ਕੀਤਾ ਗਿਆ। ਸਗੋਂ ਇਸ ਦੀ ਬਜਾਏ ਯਾਤਰੀਆਂ ਨੂੰ ਯੋਗਾ ਮੈਟ ਮੁਹੱਈਆ ਕਰ ਦਿੱਤੇ ਗਏ। ਯਾਤਰੀਆਂ ਨੂੰ ਭੁੰਜੇ ਹੀ ਸੌਣਾ ਪਿਆ। ਇਸ ਤੋਂ ਇਲਾਵਾ ਸਾਰੇ ਦਿਨ ਦੀ ਖੱਜਲ ਖੁਆਰੀ ਤੋਂ ਬਾਅਦ ਕਈ ਯਾਤਰੀਆਂ ਨੂੰ ਫੂਡ ਵਾਊਚਰ ਵੀ ਨਹੀਂ ਦਿੱਤੇ ਗਏ। ਏਅਰ ਕੈਨੇਡਾ ਦੀ ਇਸ ਰਵੱਈਏ ਦੀ ਸਖ਼ਤ ਨਿਖੇਧੀ ਹੋ ਰਹੀ ਹੈ ਅਤੇ ਇਸ ਨੂੰ ਯਾਤਰੀਆਂ ਦਾ ਅਪਮਾਨ ਦੱਸਿਆ ਹੈ। ਉੱਧਰ ਏਅਰ ਕੈਨੇਡਾ ਦਾ ਆਖਣਾ ਹੈ ਕਿ ਮੇਨਟੀਨੈਂਸ ਕਰਕੇ ਜਹਾਜ਼ ਦੇ ਵਿੱਚ ਕੋਈ ਇਸ਼ੂ ਆ ਗਿਆ ਸੀ ਜਿਸ ਕਰਕੇ ਫਲਾਈਟ ਵਿੱਚ ਦੇਰੀ ਹੋਈ ਅਤੇ ਇਸ ਹਾਲਾਤ ਵਿੱਚੋਂ ਯਾਤਰੀਆਂ ਨੂੰ ਪੈਸੇ ਦੀ ਇਬਾਰਤ ਨਹੀਂ ਕਰ ਸਕਦੇ।

